

# ਗੁਰਮਤਿ 'ਚ ਇਸ਼ਨਾਨ?

**ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਬਾਰੇ ਵੀਚਾਰਾਂ**

## ਸਾਡਾ ਸੁਨੇਹਾ: ਸਾਥ ਦੀ ਮੰਗ



Giani Ditt Singh
(1850 – 1901)

ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜੀ ਨੂੰ ਸਮਰਪਿਤ ਹੈ। ਇਨ੍ਹਾ ਹੀ ਸੂਰਮਿਆਂ ਅਤੇ ਭਾਈ ਕਾਹਨ ਸਿੰਘ ਨਾਭਾ ਦੀ ਬਦੌਲਤ ਸਾਰੇ ਭਾਰਤ ਵਿਚ ਸਿੰਘ ਸਭਾਵਾਂ ਬਣਾਈਆਂ ਗਈਆਂ ਤੇ ਗੁਰਦੁਆਰੇ ਅਜ਼ਾਦ ਕਰਵਾਏ ਗਏ। ਲੀਰੋ- ਲੀਰ ਅਤੇ ਲਹੂ-ਲੁਹਾਣ ਹੋਈ ਸਿੱਖੀ ਅੱਜ ਫਿਰ ਤੋਂ ਮਹੰਤ ਨਰੈਣੂ ਦੇ ਖੂਨੀ ਸਾਕੇ ਦੀ ਯਾਦ ਦੁਹਰਾਉਂਦੀ ਹੈ ਅਤੇ ਸਾਕਾ ਨਨਕਾਣਾ ਕਰਨ ਲਈ ਸਾਨੂੰ ਵੰਗਾਰਦੀ ਹੈ। ਹੈ ਕੋਈ ਸੂਰਮਾ! ਜੋ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ, ਅੰਧਵਿਸ਼ਵਾਸ਼ੀਆਂ ਨੂੰ ਬਿਬੇਕ-ਬੁੱਧੀ, ਮਨੁੱਖਤਾ ਨੂੰ ਵਿਚਾਰਵਾਨ ਬਣਾਉਣ ਲਈ ਸਾਥ ਦੇਣ ਲਈ ਤਿਆਰ ਹੋਵੇ?



Prof. Gurmukh Singh
(1849 – 1898)

ਖਾਲਸਾ ਅਖਬਾਰ

ਅੰਕ ਦੂਜਾ

SINGH SABHA INTERNATIONAL, CANADA

## Alte-Rego Corporation

36 Tidemore Avenue, Toronto, ON, M9W 5H4

Ph. : 416.740.3397, Fax : 416.741.9991

1.800.567.2247

www.alte-rego.com mail@alte-rego.com

## SUBHASH JOSHI LAW OFFICE

Barrister, Solicitor & Notary Public



SUBHASH JOSHI

Barrister, Solicitor & Notary Public

Tel : 905-362-0111

Cell : 416-788-5804

Fax : 905-362-0138

30 - 1530 Drew Road, Mississauga, ON L5S 1W8

Email : sjoshilaw@gmail.com

Flexible Timings & Open 7 Days a Week

## National Banquet Halls

Haripal Deol

Jagwinder Saini



7355 Torbram Rd. Mississauga, ON L4T 3W3

Tel. : 905-677-2209 Fax : 905-677-2209

www.nationalbanquethall.com

Email : info@nationalbanqethall.com

## ASL Global Logistics

SUKHWINDER BASSI

President

200 Ronson Dr. Suite 210, Etobicoke, ON Canada M9W 5X9

Office : 416-243-3010 Ext. 116

Fax : 416-243-3018, Toll Free : 877-294-2111

Email : bassis@aslgloballogistics.com

www.aslgloballogistics.com

## Taste of Punjab

Sweets & Restaurant





We Specialize in

INDIAN VEG. & NON-VEG. FOOD

Ph. : 905-654-9478, 905-654-9479

## AUTOBAHN

FREIGHT LINES LTD.

HARWINDER BASSI

Chairman



200 Ronson Dr. Suite 211
Etobicoke, ON Canada M9W 5Z9
Office: 416-741-5454
Fax: 416-741-0155
Toll Free : 877-989-9994
Email : bassih@autobahnfreight.com
www.autobahnfreight.com

21055 West Road, Unit 20
Woodhaven, MI 48183 USA
Office : 734-671-3701
Toll Free : 800-756-5605

# ਲੇਖਾਂ ਦੀ ਸੂਚੀ ....


| | | |
|---|---|---|
| 1. | ਸੰਪਾਦਕੀ | 2. |
| 2. | ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ (ਪ੍ਰੋ: ਮਨਜੀਤ ਸਿੰਘ ਪਿਆਸਾ) | 3. |
| 3. | ਗੁਰੁ ਸਰਵਰੁ ਹੰਸ ਪਿਆਰੇ (ਪ੍ਰੋ: ਇੰਦਰ ਸਿੰਘ ਘੱਗਾ) | 5. |
| 4. | ਸਿੱਖਾਂ ਦੀ ਨਿਰਾਰਤਾ 'ਤੇ ਟੋਰਾਂਟੋ 'ਚ ਹੋਈ ਵਿਸ਼ਵ ਕਾਨਫਰੰਸ (ਅਵਤਾਰ ਸਿੰਘ ਮਿਸ਼ਨਰੀ) | 9. |
| 5. | ਸਾਚਾ ਨਾਵਣੁ ਗੁਰ ਕੀ ਸੇਵਾ॥ (ਮਲਕੀਅਤ ਸਿੰਘ ਜਰਮਨੀ) | 11. |
| 6. | ਇਸ਼ਨਾਨ ਅਤੇ ਗੁਰਮਤਿ (ਨਿਰਭੈ ਸਿੰਘ ਜਰਮਨੀ) | 12. |
| 7. | ਗੁਰਦਰਵਾਰਿਆਂ ਦੇ ਇਸ਼ਨਾਨ (ਵੀਰ ਭੁਪਿੰਦਰ ਸਿੰਘ ਨਿਊਯਾਰਕ) | 13. |
| 8. | ਗੁਰਮਤਿ ਵਿਚ ਤੀਰਥ ਇਸ਼ਨਾਨ (ਗੁਰਚਰਨ ਸਿੰਘ ਜਿਉਣ ਵਾਲਾ) | 14. |
| 9. | ਰੁਬਾਈਆਂ (ਪ੍ਰਿੰਸੀਪਲ ਮਹਿੰਦਰ ਸਿੰਘ ਬਰਾੜ ਭਾਗੀਕੇ) | 15. |
| 10. | ਸਾਧ ਭਲੇ ਅਣਨ੍ਹਾਤਿਆਂ (ਦਰਸ਼ਨ ਸਿੰਘ ਵੁਲਵਰਹੈਂਪਟਨ, ਯੂ.ਕੇ.) | 16. |
| 11. | ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਵੱਲੋਂ ਸਤੰਬਰ 2012 ਨੂੰ ਸਿੱਖ ਕਾਨਫਰੰਸ 'ਚ ਪਾਸ ਕੀਤੇ ਮਤੇ | 17. |
| 12. | ਤੇਰਾ ਵਿਕਦਾ ਜੈ ਕੁਰੇ ਪਾਣੀ (ਹਰਚਰਨ ਸਿੰਘ ਪਰਹਾਰ) | 18. |
| 13. | ਗਿਆਨ ਹੀਣੰ ਅਗਿਆਨ ਪੂਜਾ (ਪ੍ਰੋ: ਗੁਰਬਚਨ ਸਿੰਘ ਥਾਈਲੈਂਡ ਵਾਲੇ) | 19. |
| 14. | ਤੀਰਥ ਦਾ ਇਸ਼ਨਾਨ ਮਾਇਆ ਦੀ ਲੁੱਟ (ਕੁਲਵੰਤ ਸਿੰਘ ਭੰਡਾਲ) | 21. |
| 15. | ਤੀਰਥ ਇਸ਼ਨਾਨ ਅਤੇ ਅਜੋਕਾ ਸਿੱਖ (ਮਨਦੀਪ ਸਿੰਘ 'ਵਰਨਨ' ਬੀ.ਸੀ. ਕੈਨੇਡਾ) | 23. |
| 16. | ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਰੱਬ ਦਾ ਆਪਸੀ ਭੇੜ? (ਗੁਰਚਰਨ ਸਿੰਘ ਜਿਉਣ ਵਾਲਾ) | 24. |
| 17. | ਗਿਆਨ ਸ੍ਰੇਸ਼ਟ ਉੱਤਮ ਇਸ਼ਨਾਨ (ਚਰਨਜੀਤ ਸਿੰਘ ਬਰੈਂਪਟਨ) | 25. |
| 18. | ਦਸਮ ਗ੍ਰੰਥ ਦੀ ਬਾਣੀ ਦਾ ਨਮੂਨਾ | 26. |
| 19. | ਕਵਿਤਾਵਾਂ | 27. |
| 20. | ਪੰਜਾਬ ਅਤੇ ਪੰਜਾਬੋਂ ਬਾਹਰ ਪ੍ਰਚਾਰ ਕੇਂਦਰਾਂ ਦੀ ਸੂਚੀ | 28. |
| 21. | ਦਮਦਮੀ ਟਕਸਲ ਦੀ ਅਸਲ ਤਵਾਰੀਖ਼ (ਚੌਂਕ ਮਹਿਤਾ ਡੇਰਾ ਦਾ ਪਿਛੋਕੜ) (ਡਾ: ਹਰਜਿੰਦਰ ਸਿੰਘ ਦਿਲਗੀਰ) | 30. |
| 22. | ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ (ਭਾਈ ਜਸਬੀਰ ਸਿੰਘ ਵੈਨਕੂਵਰ) | 32. |
| 23. | **"Bill of Rights" in the Constitution of India-Updated (G.B. Singh)** | 34. |
| 24. | **Which 'bains' did the tenth guru recite at the time of adjustment 'amrit'? (Principal Harbhajan Singh, Satnam Singh )** | 38. |
| 25. | **Who Are The Sikhs ? (Hardev Singh Shergill)** | 40. |
| 26. | **Gurmat Inviolability of Naam Daan Isnaan (Dr. Bhai Harbans Lal)** | 42. |



# SINGH SABHA CANADA

**SSI Canada is a tax exempt Canada registered Charity.**

ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਪ੍ਰੋ: ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜੀ ਨੂੰ ਸਮਰਪਿਤ ਹੈ। ਇਨ੍ਹਾਂ ਹੀ ਸੂਰਮਿਆਂ ਅਤੇ ਭਾਈ ਕਾਹਨ ਸਿੰਘ ਨਾਭਾ ਦੀ ਬਦੌਲਤ ਸਾਰੇ ਭਾਰਤ ਵਿਚ ਸਿੰਘ ਸਭਾਵਾਂ ਬਣਾਈਆਂ ਗਈਆਂ ਤੇ ਗੁਰਦਵਾਰੇ ਅਜ਼ਾਦ ਕਰਵਾਏ ਗਏ। ਲੀਰੋ- ਲੀਰ ਅਤੇ ਲਹੂ-ਲੁਹਾਣ ਹੋਈ ਸਿੱਖੀ ਅੱਜ ਫਿਰ ਤੋਂ ਮਹੰਤ ਨਰੈਣੂ ਦੇ ਖ਼ੂਨੀ ਸਾਕੇ ਦੀ ਯਾਦ ਦੁਹਰਾਉਂਦੀ ਹੈ ਅਤੇ ਸਾਕਾ ਨਨਕਾਣਾ ਕਰਨ ਲਈ ਸਾਨੂੰ ਵੰਗਾਰਦੀ ਹੈ । ਹੈ ਕੋਈ ਸੂਰਮਾ, ਜੋ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ, ਅੰਧ-ਵਿਸ਼ਵਾਸੀਆਂ ਨੂੰ ਬਿਬੇਕ-ਬੁੱਧੀ, ਮਨੁੱਖਤਾ ਨੂੰ ਵਿਚਾਰਵਾਨ ਬਣਾਉਣ ਲਈ ਸਾਥ ਦੇਣ ਲਈ ਤਿਆਰ ਹੋਵੇ?

**Email : info@singhsabhacanada.com**

**Parminder Singh Parmar : 905-858-8904, Satnam Singh Johal : 416-558-8757**

**For Any Query Click : www.singhsabhacanada.com**

**(All Legal matters will be dealt in the Brampton Court of Ontario, CANADA)**

## ਸੰਪਾਦਕੀ

# ਸਾਡਾ ਸੁਨੇਹਾ ਤੇ ਸਾਥ ਦੀ ਮੰਗ

ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਵੱਲੋਂ ਮੈਗਜ਼ੀਨ ਰੂਪ 'ਚ ਛਾਪਿਆ ਜਾ ਰਿਹਾ ਖਾਲਸਾ ਅਖਬਾਰ ਦੇ ਇਸ ਵਾਰੀਂ ਦਾ ਇਹ ਪਰਚਾ "ਗੁਰਮਤਿ ਤੇ ਇਸ਼ਨਾਨ" ਆਮ ਲੋਕਾਈ ਤੇ ਸਿੱਖਾਂ ਨੂੰ ਇਸ਼ਨਾਨ ਦੇ ਭਰਮ ਜਾਲ ਵਿਚੋਂ ਕੱਢਣ 'ਚ ਸਹਾਈ ਹੋਵੇਗਾ। ਦਰਅਸਲ ਗੁਰੂ ਸਮੇਂ ਤੋਂ ਛੇਤੀ ਹੀ ਬਾਅਦ 'ਚ ਸਿੱਖ ਸਿੱਖੀ ਨੂੰ ਬਚਾਉਣ ਲਈ ਢਾਲਾਂ, ਖੰਡੇ, ਨੇਜੇ, ਬਰਛੇ ਅਤੇ ਕਿਰਪਾਨਾਂ ਖੜਕਾਉਣ ਵਿਚ ਰੁੱਝੇ ਰਹੇ ਅਤੇ ਸਿੱਖਾਂ ਦੇ ਧਾਰਮਿਕ ਕੇਂਦਰ ਖਾਲੀ ਹੋ ਭੇਖਧਾਰੀਆਂ ਦੇ ਹੱਥਾਂ 'ਚ ਆ ਗਏ ਗਏ। ਕੁਝ ਕੁ ਹੋ ਸਕਦਾ ਹੈ ਕਿ ਇਮਾਨਦਾਰੀ ਨਾਲ ਸਿੱਖਾਂ ਨੂੰ ਸਿੱਖੀ ਦੇ ਰਾਹ ਵੀ ਤੋਰਦੇ ਰਹੇ ਹੋਣ ਪਰ ਜ਼ਿਆਦਾਤਰ ਪ੍ਰਚਾਰਕ ਪਾਪਖੰਡੀਆਂ ਤੋਂ ਪਾਖੰਡੀ ਹੋ ਤੁਰੇ ਤੇ ਲਾਲਚ ਵੱਸ ਲੋਕਾਈ ਦੀ ਲੁੱਟ ਨੂੰ ਮੁੱਖ ਰੱਖ ਕੇ ਲੋਕਾਂ ਨੂੰ ਆਪਣੇ ਭਰਮ ਜਾਲ ਵਿਚ ਫਸਾਉਣ ਲਈ ਹੀ ਤੱਤਪਰ ਰਹੇ। ਇਹੀ ਕਾਰਣ ਹੈ ਕਿ ਅੱਜ ਸਾਡੇ ਮੁੱਖ ਧਾਰਮਿਕ ਕੇਂਦਰਾਂ ਵਿੱਚ ਵੀ ਸਿੱਖ ਸਿੱਖੀ ਦੇ ਸਿਧਾਂਤ ਦੇ ਉਲਟ ਕਰਮ-ਕਾਂਡ ਕਰਦੇ ਵੇਖੇ ਜਾ ਸਕਦੇ ਹਨ।

ਅੰਮ੍ਰਿਤਸਰ ਦਰਬਾਰ ਵਿਖੇ ਬਾਬਾ ਬੁੱਢਾ ਜੀ ਦੀ ਬੇਰ ਦੀ ਪੂਜਾ, ਇਲਾਚੀ ਬੇਰ ਨੂੰ ਮੱਥਾ ਟੇਕਣਾ, ਦੁੱਖ ਭੰਜਣੀ ਬੇਰੀ ਥੱਲੇ ਇਸ਼ਨਾਨ ਕਰਕੇ ਦੁੱਖਾਂ ਦਰਦਾਂ ਦੇ ਨਾਸ ਕਰਨ ਦਾ ਭਰਮ, ਥੋੜਾ ਅੱਗੇ ਜਾ ਕੇ ਅਠਸੱਠ ਘਾਟ ਤੇ ਇਸ਼ਨਾਨ ਕਰਕੇ 68 ਤੀਰਥਾਂ ਦੇ ਫਲ ਪ੍ਰਾਪਤ ਕਰਨ ਦਾ ਭਰਮ, ਥੋੜ੍ਹਾ ਹੋਰ ਅੱਗੇ ਜਾ ਕੇ ਬਾਬਾ ਦੀਪ ਸਿੰਘ ਦੇ ਸੀਸ ਵਾਲੀ ਥਾਂ ਮੱਥਾ ਟਰੇਕ ਕੇ ਰਿਸ਼ਟਪੁਸ਼ਟ ਹੋਣ ਦਾ ਭਰਮ ਅਤੇ ਕੜਾਹ ਪ੍ਰਸ਼ਾਦ ਕਰਵਾ ਕੇ ਆਸਾਂ ਤੇ ਇਛਾਵਾਂ ਪੂਰੀਆਂ ਕਰਨ ਦਾ ਭਰਮ ਪਾਲਦੇ ਸਿੱਖ ਹਰ ਰੋਜ਼ ਦੇਖੇ ਜਾਂਦੇ ਹਨ। ਬਹੁਤ ਸਾਰੇ ਲੋਕ ਐਸੇ ਵਿਸ਼ਵਾਸ਼ ਵਾਲੇ ਵੀ ਬਣ ਚੁੱਕੇ ਹਨ ਕਿ ਦਰਬਾਰ ਸਾਹਿਬ ਜਾਓ, ਕੜਾਹ ਪ੍ਰਸ਼ਾਦ ਕਰਵਾਓ, ਖਾਓ, ਲਿਬੜੇ ਹੱਥ ਆਪਣੇ ਮੂੰਹ ਤੇ ਫੇਰੋ ਤੇ ਬਾਹਰੋਂ ਪਵਿੱਤਰ ਹੋ ਜਾਓ। ਹੁਣ ਸਰੋਵਰ ਵਿਚੋਂ ਚੁਲੀ ਭਰੋ, ਪੀਓ ਤੇ ਕੁੱਝ ਕੇਸਾਂ ਵਿਚ ਪਾਓ ਤੇ ਇਸੇ ਚੁਲੀ ਵਿਚੋਂ ਕੁਝ ਪਾਣੀ ਦੇ ਛੱਟੇ ਆਪਣੀਆਂ ਅੱਖਾਂ ਤੇ ਮਾਰੋ ਤੇ ਸਭ ਪਵਿੱਤਰ ਕਰ ਕੇ ਘਰ ਵਾਪਸ ਪਰਤ ਆਓ। ਜਿਸ ਕਰਮ ਕਾਂਡ ਕਰਨ ਤੋਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਨੂੰ ਵਰਜਤ ਕੀਤਾ ਉਸੇ ਕਰਮ ਕਾਂਡ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਨਾਮ ਤੇ ਚਲਾਏ ਕਿਸੇ ਵੀ ਧਾਰਮਿਕ ਸਥਾਨ ਤੇ ਕਰ ਕੇ ਅਸੀਂ ਪਵਿਤਰ ਹੋਣ ਦਾ ਭਰਮ ਪਾਲ ਕੇ ਬਹੁਤ ਖੁਸ਼ ਹੋ ਰਹੇ ਹਾਂ। ਬਾਣੀ ਸਾਨੂੰ ਕੀ ਸਮਝਾ ਰਹੀ ਹੈ ਇਹ ਅਸੀਂ ਸਮਝਣਾ ਹੀ ਨਹੀਂ ਚਾਹੁੰਦੇ ਕਿਉਂਕਿ ਇਹ ਔਖਾ ਕੰਮ ਹੈ।

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ {ਪੰਨਾ 558} ਤੀਸਰੇ ਪਾਤਸ਼ਾਹ, ਜਿਹੜੇ ਗੁਰੂ ਅੰਗਦ ਪਾਤਸ਼ਾਹ ਦੀ ਸੰਗਤ ਕਰਨ ਤੋਂ ਪਹਿਲਾਂ ਪਤਾ ਨਹੀਂ ਆਪ ਕਿਤਨੀ ਵਾਰੀ ਗੰਗਾ ਮਈਆ ਤੇ ਇਸ਼ਨਾਨ ਕਰਨ ਗਏ ਹੋਣਗੇ, ਹੁਣ ਉਹ ਆਪ ਇਹ ਫੁਰਮਾ ਰਹੇ ਹਨ ਕਿ ਜੇਕਰ ਮਨ ਮੈਲਾ ਹੈ ਤਾਂ ਹੇ ਬੰਦੇ! ਤੇਰਾ ਸਭ ਕੁਝ ਹੀ ਮੈਲਾ ਹੈ। ਮਨ ਸਾਫ ਨਹੀਂ ਦਾ ਮਤਲਬ ਹੈ ਜੇਕਰ ਤੇਰੇ ਵਿਚਾਰ ਸ਼ੁੱਧ ਨਹੀਂ ਤਾਂ ਤਨ ਧੋਣ ਦਾ ਕੀ ਫਾਈਦਾ? ਜੇ ਧੋਣਾ ਹੀ ਹੈ ਤਾਂ ਮਨ ਨੂੰ ਧੋ। ਕਿਉਂਕਿ ਇਹ ਔਖਾ ਕੰਮ ਹੈ ਇਸ ਕਰ ਕੇ ਅਸੀਂ ਇਹ ਕਰਨਾ ਨਹੀਂ ਚਾਹੁੰਦੇ। ਪੁਜਾਰੀ ਸਾਨੂੰ ਇਸਦਾ ਬਦਲ ਦਿੰਦਾ ਹੈ ਜਿਵੇਂ ਸੰਪਟ ਪਾਠ, ਸੰਪਟ ਅਖੰਡ-ਪਾਠ, ਸੰਪਟ ਸਪਤਾਹਕ ਪਾਠ, ਅਖੰਡ ਪਾਠ ਅਤੇ ਸਧਾਰਣ ਪਾਠ ਆਦਿ ਪੈਸੇ ਦੇ ਕੇ ਕਰਾਓ ਸਭ ਫਲ ਪ੍ਰਾਪਤ ਕਰੋ। ਕੀ ਇਹ ਗੁਰਮਤਿ ਹੈ? ਨਹੀਂ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ 2685 ਵਾਰ 'ਰਹਾਉ' ਦਾ ਸ਼ਬਦ ਆਉਂਦਾ ਹੈ ਤੇ ਸਾਨੂੰ 'ਰਹਾਉ' ਵਾਲੀਆਂ ਪੰਗਤੀਆਂ ਦੀ ਵੀਚਾਰ ਕਰਨ ਲਈ ਹੁਕਮ ਕਰਦਾ ਹੈ। ਪਰ ਅਸੀਂ ਪਾਠ ਕਰਦੇ ਸਮੇਂ ਵੀਚਾਰ ਨਹੀਂ ਕਰ ਸਕਦੇ। ਜਿਸ ਗੁਰੂ ਦੀ ਬਾਣੀ ਦਾ ਪਾਠ ਕਰਦੇ ਸਮੇਂ ਅਸੀਂ 2685 ਵਾਰੀ ਹੁਕਮ ਮੰਨਣ ਤੋਂ ਇਨਕਾਰੀ ਹੋਏ, ਕੀ ਅਸੀਂ ਉਸ ਗੁਰੂ ਦੀਆ ਖੁਸ਼ੀਆਂ ਪ੍ਰਾਪਤ ਕਰਨ ਦੇ ਹੱਕਦਾਰ ਹੋ ਸਕਦੇ ਹਾਂ? ਨਹੀਂ।

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ {ਪੰਨਾ 39}

ਗੁਰੂ ਪਿਆਰੇ ਸਿੱਖ ਭਾਰਾਵੋ! ਅਸੀਂ ਤੁਹਾਡੇ ਸਾਹਮਣੇ ਗੁਰਬਾਣੀ ਦੇ ਫੁਰਮਾਣ ਹੀ ਰੱਖ ਰਹੇ ਹਾਂ ਤੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਦੇ ਰਹੇ ਹਾਂ ਕਿ ਕਿਸੇ ਵੀਰ ਭੈਣ ਨੂੰ ਕਿਸੇ ਕਿਸਮ ਦੀ ਸ਼ੱਕ ਦੀ ਗੁੰਜਾਇਸ਼ ਹੀ ਨਾ ਰਹੇ। ਉਪਰਲੀਆ ਪੰਗਤੀਆਂ ਦਾ ਫੁਰਮਾਣ ਹੈ ਕਿ ਸਿਰਫ ਪੜ੍ਹਨ ਨਾਲ ਹਉਮੈ ਦੀ ਮੈਲ ਨਹੀਂ ਉਤਰਦੀ। ਮਨਮੁੱਖ, ਜਿਹੜੇ ਬਾਣੀ ਤਾਂ ਪੜ੍ਹਦੇ ਹਨ ਪਰ ਕਰਦੇ ਆਪਣੀ ਮਨ ਮਰਜ਼ੀ ਹਨ ਉਨ੍ਹਾਂ ਦੇ ਮਨ ਦੀ ਮੈਲ ਇਸ ਤਰ੍ਹਾਂ ਨਹੀਂ ਉਤਰ ਸਕਦੀ। ਬਾਣੀ ਸੱਚ ਅਪਨਾਉਣ ਨੂੰ ਕਹਿੰਦੀ ਹੈ ਪਰ ਉਹ ਕਰਦੇ ਬੇਈਮਾਨੀ ਹਨ। ਗੁਰੂ ਸ਼ਰਨ ਆਉਣ ਦਾ ਮਤਲਬ ਹੈ ਗੁਰੂ ਦੇ ਗਿਆਨ ਨੂੰ ਆਪਣੀ ਜ਼ਿੰਦਗੀ ਵਿਚ ਲਾਗੂ ਕਰਨਾ। ਬੱਸ ਇਹੀ ਤਰੀਕਾ ਹੈ ਮਨ ਨੂੰ ਸਾਫ ਕਰਨ ਦਾ।

ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥ ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥ {ਪੰਨਾ 116} ਗੁਰੂ ਸਾਹਿਬ ਤਾਂ ਸਗੋਂ ਇਹ ਵੀ ਫੁਰਮਾਣ ਕਰਦੇ ਹਨ ਕਿ ਜਿਨ੍ਹਾਂ ਦਾ ਮਨ ਮੈਲਾ ਹੈ ਉਹ ਇਕ ਪਰਮਾਤਮਾ ਨਾਲ ਨਹੀਂ ਜੁੜ ਸਕਦੇ ਕਿਉਂਕਿ ਉਹ ਕਦੇ ਕਿਸੇ ਬਾਬੇ ਕੋਲ ਤੇ ਕਦੇ ਕਿਸੇ ਬਾਬੇ ਕੋਲ ਜਾਂਦੇ ਹਨ ਇਸ ਕਰ ਕੇ ਉਨ੍ਹਾਂ ਦੇ ਤੀਰਥਾਂ ਤੇ ਭਰਮਣ ਕਰਨ ਨਾਲ ਸਗੋਂ ਹੋਰ ਵਧੇਰੇ ਹਉਮੈ ਚੰਬੜਦੀ ਹੈ। ਆਓ ਗੁਰੂ ਪਿਆਰਿਓ! ਆਪਾਂ ਰਲ ਮਿਲ ਕੇ ਗੁਰਬਾਣੀ ਨੂੰ ਸਮਝਣ ਦਾ ਉਪਰਾਲਾ ਕਰੀਏ ਤੇ ਆਪਣਾ ਆਪ ਸਵਾਰੀਏ।

ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਨੇ ਆਪਣੇ ਸਹਿਯੋਗੀਆਂ (ਯੂ. ਐਸ. ਏ, ਯੂ. ਕੇ, ਜਰਮਨੀ, ਇਟਲੀ, ਫਿਨਲੈਂਡ, ਸਵਿਟਜ਼ਰਲੈਂਡ, ਆਸਟਰੇਲੀਆ ਅਤੇ ਭਾਰਤ ਆਦਿ) ਨਾਲ ਮਿਲ ਕੇ ਇਸ ਪਰਚੇ ਨੂੰ ਹਾਲ ਦੀ ਘੜੀ ਸਾਲ ਵਿਚ ਤਿੰਨ ਵਾਰ ਛਾਪਣ ਦਾ ਫੈਸਲਾ ਕੀਤਾ ਹੈ ਅਤੇ ਹਰ ਵਾਰੀ 25,000 (ਪੱਚੀ ਹਜ਼ਾਰ) ਕਾਪੀਆਂ ਦੁਨੀਆਂ ਭਰ ਵਿਚ ਮੁਫਤ ਵੰਡੀਆਂ ਜਾਣਗੀਆਂ। ਹੈ ਕੋਈ ਸੂਰਮਾ! ਜੋ ਸਿੱਖੀ ਦੀ ਹੋ ਰਹੀ ਦੁਰਦਸ਼ਾ ਨੂੰ ਸਮਝ ਕੇ, ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ, ਸਾਡਾ ਸਾਥ ਦੇਣ ਲਈ ਤਿਆਰ ਹੋਵੇ?


**ਸੰਪਾਦਕੀ ਬੋਰਡ** ਗੁਰਚਰਨ ਸਿੰਘ ਜਿਉਣ ਵਾਲਾ, ਚਮਕੌਰ ਸਿੰਘ ਫਰਿਜ਼ਨੋ, ਮਨਦੀਪ ਸਿੰਘ ਵਰਨਨ

**Editorial Board :- Gurcharan Singh Jionwala, Chamkaur Singh Fresno, Mandeep Singh Vernon**



# ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ




**ਪ੍ਰੋ: ਮਨਜੀਤ ਸਿੰਘ**
**"ਪਿਆਸਾ"**
**ਮੋਬਾ: 403-390-5585**
**Email: piasa@shaw.ca**


ਗੁਰਮਤਿ ਦਾ ਜੋ ਸੰਦੇਸ਼ ਹੈ, ਉਹ ਸਮੁੱਚੀ ਮਾਨਵਤਾ ਲਈ ਸਾਂਝਾ ਸੰਦੇਸ਼ ਹੈ ਅਤੇ ਇਹ ਪੂਰਨ ਤੌਰ ਤੇ ਸਪਸ਼ਟ ਹੈ। ਇਸ ਵਿਚ ਕਿਸੇ ਪ੍ਰਕਾਰ ਦਾ ਉਹਲਾ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਇਕ ਚ੍ਰਿਤਰਵਾਨ, ਸੂਝਵਾਨ ਤੇ ਪੂਰਨ ਇਨਸਾਨ ਸਿਰਜਿਆ ਅਤੇ ਉਸ ਇਨਸਾਨ ਨੂੰ ਜੀਉਂਦਿਆਂ ਹੀ ਮੁਕਤ ਹੋਣ ਦਾ ਮਾਰਗ ਦੱਸਿਆ। ਉਹਨਾਂ ਨੇ ਕਿਸੇ ਕਿਸਮ ਦੀ ਅਜਿਹੀ ਅਖੌਤੀ ਮੁਕਤੀ ਦੀ ਵਕਾਲਤ ਨਹੀਂ ਕੀਤੀ ਜੋ ਕਿਸੇ ਨੂੰ ਮਰਨ ਉਪਰਾਂਤ ਪ੍ਰਾਪਤ ਹੁੰਦੀ ਹੋਵੇ। ਇਹੀ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਨੇ ਉਹਨਾਂ ਦੇ ਸਮਕਾਲੀਨ ਸਮੇਂ ਪ੍ਰਚਲਤ ਪਾਖੰਡਾਂ ਅਤੇ ਕਰਮ ਕਾਂਡਾਂ ਦਾ ਖੰਡਨ ਕੀਤਾ।

ਗੁਰਮਤਿ ਦਾ ਸਾਰ ਬਾਣੀ "ਜਪੁ" ਜੀ ਸਾਹਿਬ ਦੀ ਅਰੰਭਲੀ ਪਉੜੀ ਵਿਚ ਹੀ ਉਨ੍ਹਾਂ ਨੇ (ਅਖੌਤੀ ਮੁਕਤੀ ਪ੍ਰਾਪਤੀ ਦੇ) ਉਸ ਵਕਤ ਦੇ ਪ੍ਰਚਲਿਤ ਚਾਰ ਅੰਧ ਵਿਸ਼ਵਾਸੀ ਮਾਰਗਾਂ ਦਾ ਖੰਡਨ ਕਰ ਦਿਤਾ ਹੈ। ਅਣਗਿਣਤ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਹਰ ਰੋਜ਼ ਆਪਣੇ ਨਿਤਨੇਮ ਵਜੋਂ ਇਸ ਬਾਣੀ ਦਾ ਪਾਠ ਕਰਦੇ ਹਨ।

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ 1 ॥

ਗੁਰੂ ਸਾਹਿਬ ਸਪਸ਼ਟ ਸ਼ਬਦਾਂ ਵਿਚ ਵਰਣਨ ਕਰ ਰਹੇ ਹਨ ਕਿ ਸਰੀਰਕ ਮੰਜਨ ਦੁਆਰਾ ਜੋ ਕੋਈ ਸੋਚੇ ਕਿ ਉਹ ਮੁਕਤੀ ਪ੍ਰਾਪਤ ਕਰ ਸਕਦਾ ਹੈ, ਭਾਵ ਭਵ ਸਾਗਰ ਤੋਂ ਪਾਰ ਉੱਤਰ ਸਕਦਾ ਹੈ, ਪਵਿੱਤਰ ਹੋ ਸਕਦਾ ਹੈ ਤਾਂ ਇਹ ਝੂਠ ਹੈ, ਇਹ ਸੰਭਵ ਹੀ ਨਹੀਂ ਹੋ ਸਕਦਾ। ਗੁਰੂ ਸਾਹਿਬ ਦੀ ਹਰ ਦਲੀਲ ਤਰਕ ਤੇ ਆਧਾਰਿਤ ਹੈ। ਉਹ ਇਹ ਨਹੀਂ ਮੰਨਦੇ ਕਿ ਕੋਈ ਵੀ ਪ੍ਰਾਪਤੀ ਕੁਦਰਤ ਦੇ ਨੇਮਾਂ ਦੇ ਉਲਟ ਹੋ ਸਕਦੀ ਹੈ। ਉਹ ਕਿਸੇ ਵੀ ਪੇਸ਼ ਕੀਤੇ ਵਿਚਾਰ ਦੇ ਪੱਖ ਵਿਚ ਹਮੇਸ਼ਾ ਹੀ ਦਲੀਲ ਪੇਸ਼ ਕਰਦੇ ਹਨ, ਭਾਵੇਂ ਇਹ ਉਹਨਾਂ ਦਾ ਜੀਵਨ ਕਾਲ ਦਾ ਸਮਾਂ ਹੋਵੇ ਜਾਂ ਵਰਤਮਾਨ ਸਮੇਂ ਉਹਨਾਂ ਦੀ ਬਾਣੀ ਦਾ ਅਧਿਅਨ ਕੀਤਾ ਜਾ ਰਿਹਾ ਹੋਵੇ, ਉਹਨਾਂ ਦੀ ਹਰ ਦਲੀਲ ਤਰਕ ਤੇ ਅਧਾਰਿਤ ਹੈ।

ਉਪਰੋਕਤ ਪਉੜੀ ਵਿਚ ਗੁਰੂ ਸਾਹਿਬ ਨੇ ਸਰੀਰਕ ਮੰਜਨ, ਸਮਾਧੀ, ਤ੍ਰਿਸ਼ਨਾ ਦੀ ਪੂਰਤੀ ਕਰਨਾ ਜਾਂ ਯੋਗ ਦੁਆਰਾ ਸਰੀਰਕ ਸਾਧਨਾ, ਇਨਾ ਸਾਰੇ ਹੀ ਤਰੀਕਿਆਂ ਨੂੰ ਠੁਕਰਾ ਦਿਤਾ ਹੈ ਅਤੇ ਬੁਲੰਦ ਆਵਾਜ਼ ਵਿਚ ਕਿਹਾ ਹੈ ਕਿ ਇਨਾਂ ਦੁਆਰਾ ਨਾ ਤਾਂ ਕੁਝ ਹਾਸਲ ਹੋ ਸਕਦਾ ਹੈ ਤੇ ਨਾ ਹੀ ਸਚਿਆਰਾ ਬਣਿਆ ਜਾ ਸਕਦਾ ਹੈ ਕਿਉਂਕਿ ਇਹ ਸਾਰੇ ਝੂਠੇ ਅਤੇ ਦਿਖਾਵੇ ਦੇ ਕਾਰਜ ਹਨ। ਗੁਰੂ ਸਾਹਿਬ ਇਕ ਆਮ ਇਨਸਾਨ ਨੂੰ ਕੁਦਰਤ ਦੇ ਨੇਮਾਂ ਨੂੰ ਸੱਚ ਮੰਨ ਕੇ ਤੇ ਉਨ੍ਹਾਂ ਅਨੁਸਾਰ ਅਮਲੀ ਜੀਵਨ ਜੀਅ ਕੇ ਸਚਿਆਰੇ ਹੋਣ ਦਾ ਮਾਰਗ ਦੱਸਦੇ ਹਨ।

ਹਥਲੇ ਲੇਖ ਵਿਚ ਅਸੀਂ ਕੇਵਲ ਇਕ ਅਖੌਤੀ ਕਰਮ: ਸਰੀਰਕ ਮੰਜਨ, ਜਾਂ ਤੀਰਥ ਇਸ਼ਨਾਨ ਬਾਰੇ ਵਿਚਾਰ ਕਰਨ ਦਾ ਯਤਨ ਕਰਾਂਗੇ।

ਇਸ ਪ੍ਰਥਾਏ ਕਬੀਰ ਸਾਹਿਬ ਦਾ ਫਰਮਾਨ ਹੈ:

॥ ਆਸਾ ॥ ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥ 1 ॥
ਪੂਜਹੁ ਰਾਮੁ ਏਕੁ ਹੀ ਦੇਵਾ ॥
ਸਾਚਾ ਨਾਵਣੁ ਗੁਰ ਕੀ ਸੇਵਾ ॥ 1 ॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ 2 ॥

ਕਬੀਰ ਸਾਹਿਬ ਫਰਮਾਂਉਂਦੇ ਹਨ ਕਿ ਜੇ ਮਨ ਵਿਚ ਵਿਕਾਰਾਂ ਦੀ ਮੈਲ ਟਿਕੀ ਹੋਵੇ ਤੇ ਕੋਈ ਮਨੁੱਖ ਤੀਰਥ ਇਸ਼ਨਾਨ ਕਰਦਾ ਹੈ ਤਾਂ ਉਸ ਨੂੰ ਸੁਰਗ ਜਾ ਬੈਕੁੰਠ ਦੀ ਪ੍ਰਾਪਤੀ ਨਹੀਂ ਹੋ ਸਕਦੀ। ਤੀਰਥਾਂ ਤੇ ਨਹਾਉਣ ਨਾਲ ਲੋਕਾਂ ਵਿਚ ਤਾਂ ਉਸ ਦੀ ਬੱਲੇ ਬੱਲੇ ਹੋ ਸਕਦੀ ਹੈ ਅਤੇ ਲੋਕ ਬੇਸ਼ਕ ਉਸ ਨੂੰ ਭਗਤ ਕਹਿ ਦੇਣਗੇ ਪਰ ਪਰਮਾਤਮਾ (ਜੋ ਸਭ ਦੇ ਦਿਲਾਂ ਦੀ ਜਾਣਦਾ ਹੈ) ਕੋਈ ਅੰਞਾਣਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦੁਆਰਾ ਦੱਸੇ ਮਾਰਗ ਤੇ ਚੱਲਣਾ ਅਤੇ ਕੇਵਲ ਇਕ ਪਰਮਾਤਮਾ (ਦੇਵ) ਦੀ ਪੂਜਾ ਹੀ ਵਾਸਤਵਿਕ ਤੀਰਥ ਇਸ਼ਨਾਨ ਹੈ। ਜੇਕਰ ਜਲ ਦੁਆਰਾ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਕਿਸੇ ਦੀ ਮੁਕਤੀ ਸੰਭਵ ਹੁੰਦੀ ਤਾਂ ਡੱਡੂ ਤਾਂ ਜਲ ਦੇ ਵਿਚ ਹੀ ਰਹਿੰਦਾ ਹੈ ਅਤੇ ਉਹ ਤਾਂ ਸਦਾ ਨਹਾਉਂਦਾ ਹੀ ਰਹਿੰਦਾ ਹੈ। ਪਰੰਤੂ ਡੱਡੂ ਵਾਂਗਰ ਹੀ ਉਹ ਮੱਨੁਖ ਜਨਮ ਮਰਨ ਦੇ ਚੱਕਰ ਵਿਚ ਹੀ ਪਿਆ ਰਹਿੰਦਾ ਹੈ। (ਨੋਟ: ਜਨਮ ਮਰਨ ਤੋਂ ਇਥੇ ਸਾਡਾ ਮਨੋਰਥ ਅਖੌਤੀ ਆਵਾ-ਗਉਣ ਨਹੀਂ ਹੈ।)

ਕੁਝ ਲੋਕ ਤਾਂ ਬਾਣੀ ਵਿਚ ਦਰਜ ਇਨ੍ਹਾਂ ਪੰਗਤੀਆਂ ਦੁਆਰਾ ਭੁਲੇਖਾ ਪਾਉਣ ਦਾ ਯਤਨ ਵੀ ਕਰਦੇ ਰਹਿੰਦੇ ਹਨ ਜਿਵੇ:

**ਮਨ ਕੀ ਮਨ ਹੀ ਮਾਹਿ ਰਹੀ ॥**
**ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥1॥ ਰਹਾਉ ॥2॥ ਪੰਨਾ 631**

ਗੁਰਬਾਣੀ ਵਿਚ ਵਰਤੇ ਤੀਰਥ ਸ਼ਬਦ ਦੇ ਇਕ ਦਰਜਨ ਤੋਂ ਵਧ ਅਰਥ ਹਨ, ਇਨ੍ਹਾਂ ਵਿਚੋਂ "ਗੁਰੂ" ਸ਼ਬਦ ਵੀ ਹੈ ਤੇ "ਕਰਤਾਰ" ਸ਼ਬਦ ਵੀ ਹੈ ਅਤੇ ਇੱਥੇ ਇਸ ਪੰਗਤੀ ਵਿਚ ਤੀਰਥ ਸ਼ਬਦ ਦੇ ਅਰਥ ਗੁਰੂ ਜਾਂ ਕਰਤਾਰ ਹੀ ਹਨ।

ਸੰਸਾਰ ਦੇ ਸਾਰੇ ਮੱਤਾਂ ਨੇ ਆਪੋ ਆਪਣੇ ਨਿਸਚੇ ਅਨੁਸਾਰ ਅਨੇਕ ਹੀ ਇਤਿਹਾਸਕ, ਧਾਰਮਕ ਜਾਂ ਪਵਿੱਤਰ ਅਸਥਾਨ ਭਾਵ ਤੀਰਥ ਸਥਾਪਿਤ ਕਰ ਰੱਖੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਦਰਸ਼ਨ, ਪੂਜਾ ਜਾਂ ਇਸ਼ਨਾਨ ਆਦਿ ਲਈ ਹੀ ਤੀਰਥਾਂ ਨੂੰ ਮੁਕਤੀ ਦਾ ਸਾਧਨ ਨਿਸਚਿਤ ਕੀਤਾ ਹੈ। ਗੁਰਮਤਿ ਅਨੁਸਾਰ ਧਰਮ ਦੀ ਸਿੱਖਿਆ ਅਤੇ ਇਤਿਹਾਸਕ ਘਟਨਾਵਾਂ ਤੋਂ ਕੋਈ ਲਾਭ ਲੈਣ ਲਈ ਇਤਿਹਾਸਕ ਅਸਥਾਨ ਜਾਂ ਤੀਰਥ ਤੇ ਜਾਣਾ ਉੱਤਮ ਹੈ ਪਰ ਤੀਰਥ ਦਾ ਮੁਕਤੀ ਨਾਲ ਦੂਰ ਦਾ ਵੀ ਕੋਈ ਸਬੰਧ ਨਹੀਂ ਹੈ।

ਦੈਵੀ ਗੁਣਾ ਵਾਲੇ ਕਿਸੇ ਮਹਾਪੁਰਸ਼, ਧਰਮਾਤਮਾ, ਬਹੁਤ ਵੱਡੇ ਸਮਾਜ ਸੁਧਾਰਕ, ਜਾਂ ਦੇਸ਼ ਕੌਮ ਤੋਂ ਕੁਰਬਾਨ ਹੋਣ ਵਾਲੇ ਦੇਸ਼ ਭਗਤਾਂ ਦੇ ਇਤਿਹਾਸਕ ਜੀਵਨ ਨਾਲ ਜੁੜੇ ਹੋਏ ਇਤਿਹਾਸਕ ਅਸਥਾਨ, ਉਨ੍ਹਾਂ ਦੇ ਦੱਸੇ ਮਾਰਗ ਤੇ ਚੱਲਣ ਵਾਲਿਆਂ ਲਈ ਤੀਰਥ ਅਸਥਾਨ ਹੀ ਬਣ ਜਾਂਦੇ ਹਨ। ਗੁਰਮਤਿ ਮਾਰਤੰਡ ਗ੍ਰੰਥ ਵਿਚ ਤੀਰਥ ਯਾਤਰਾ ਤੇ ਜਾਣ ਬਾਰੇ ਇੰਝ ਲਿਖਿਆ ਹੈ:

"ਲੋਕਾਂ ਨੂੰ ਹਿੱਤ ਦਾ ਉਪਦੇਸ਼ ਦੇਣਾ, ਕੁਕਰਮਾਂ ਦੇ ਬੰਧਨਾ ਤੋਂ ਮੁਕਤ ਕਰਨ ਅਤੇ ਆਮਿਲ (ਅਮਲੀ ਜੀਵਨ ਜੀਣ ਵਾਲੇ) ਤਥਾ ਆਲਿਮ (ਵਿਦਵਾਨ) ਸੱਜਣਾਂ ਦੀ ਸੰਗਤ ਤੋਂ ਲਾਭ ਪ੍ਰਾਪਤ ਕਰਨ ਅਤੇ ਵਾਕਫੀਅਤ ਵਧਾਉਣ ਲਈ ਤੀਰਥਾਂ ਤੇ ਜਾਣਾ ਲਾਭਦਾਇਕ ਹੈ, ਪਰ ਕੇਵਲ ਤੀਰਥ ਇਸ਼ਨਾਨ ਅਤੇ ਦਰਸ਼ਨ ਤੇ ਹੀ ਗਤਿ ਮੰਨਣੀ ਅਵਿਦਿਆ ਹੈ।"

ਗੁਰਮਤਿ ਸਿਧਾਂਤ ਦੀ ਇਸ ਸਿੱਖਿਆ ਤੇ ਕਿੰਨੇ ਕੁ ਸਿੱਖ ਅਮਲ ਕਰਦੇ ਹਨ ਇਹ ਇਕ ਬਹੁਤ ਵੱਡਾ ਸਵਾਲ ਹੈ। ਗਿਣਤੀ ਦੇ ਕੁੱਝ ਕੁ ਸਿੱਖਾਂ ਤੋਂ ਛੁੱਟ, ਤੀਰਥਾਂ ਦੇ ਦਰਸ਼ਨ ਇਸ਼ਨਾਨ ਬਾਰੇ ਬਣੀ ਸ਼ਰਧਾ ਲਗਭਗ ਸਾਰੇ ਸਿੱਖਾਂ ਦੀ ਉਹੀ ਹੈ ਜਿਹੜੀ ਹਜ਼ਾਰਾ ਸਾਲਾਂ ਤੋਂ ਬ੍ਰਾਹਮਣ ਨੇ ਭਾਰਤੀ ਜਨਤਾ ਦੇ ਮਨਾਂ ਵਿਚ ਬਿੱਠਾ ਦਿੱਤੀ ਹੋਈ ਹੈ। ਅਜੋਕਾ ਸਿੱਖ ਵੀ ਤੀਰਥਾਂ ਦੇ ਦਰਸ਼ਨ ਇਸ਼ਨਾਨ ਨੂੰ ਪਾਪ ਨਾਸ਼ਕ ਅਤੇ ਮੁਰਾਦਾਂ ਪੂਰਕ ਮੰਨਦਾ ਹੈ। ਸੰਗਰਾਂਦ, ਮੱਸਿਆ, ਪੁੰਨਿਆਂ ਆਦਿ ਦਿਹਾੜਿਆਂ ਤੀਰਥਾਂ ਦੇ ਇਸ਼ਨਾਨ ਨਾਲ ਸਾਰੇ ਪਾਪ ਨਾਸ ਕਰ ਦੇਣ ਵਾਲੇ ਮਾਘੀ ਦੇ ਦਿਹਾੜੇ ਦੇ ਇਸ਼ਨਾਨ ਦੇ ਖਾਸ ਭਰਮ ਦੇ ਅਧੀਨ, ਮੁਕਤਸਰ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦਵਾਰਿਆਂ ਦੇ ਸਰੋਵਰਾਂ ਵਿਚ ਇਸ਼ਨਾਨ ਕਰਦਿਆਂ ਸਿੱਖਾਂ ਦੀਆਂ ਭੀੜਾਂ ਪੁਕਾਰ- ਪੁਕਾਰ ਕੇ ਕਹਿ ਰਹੀਆਂ ਹੁੰਦੀਆਂ ਹਨ ਕਿ ਅਜੋਕਾ ਸਿੱਖ ਗੁਰੂ ਨਾਨਕ ਸਾਹਿਬ ਦਾ ਕੇਵਲ ਨਾਮ ਮਾਤਰ ਸਿੱਖ ਹੈ।

ਅਜੋਕੇ ਸਮੇਂ ਗੁਰੂ ਨਾਨਕ ਸਾਹਿਬ ਦੇ ਸਿੱਖ ਅਖਵਾਉਣ ਵਾਲੇ ਸਿੱਖਾਂ ਨੇ ਬਚਿੱਤ੍ਰ ਨਾਟਕ ਦੇ ਝੂਠ ਦੇ

ਅਧਾਰ ਤੇ ਹੇਮਕੁੰਟ ਤੀਰਥ ਬਣਾ ਲਿਆ ਹੈ। ਜੋ ਕਿ ਗੁਰਮਤਿ ਦੀ ਮਨੁੱਖਤਾ ਦੇ ਕਲਿਆਣਕਾਰੀ ਵਿਚਾਰਧਾਰਾ ਦੇ ਬਿਲਕੁਲ ਹੀ ਵਿਪਰੀਤ ਹੈ।

ਬਦਕਿਸਮਤੀ ਦਾ ਆਲਮ ਹੈ ਕਿ ਸਦੀਆਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਜਿਨ੍ਹਾਂ ਲੋਕਾਂ ਨੂੰ ਕਰਮ ਕਾਂਡ ਦੇ ਜਿਸ ਜਾਲ ਚੋਂ ਬਾਹਰ ਕੱਢਿਆ ਅਤੇ ਨਿਰਮਲ ਤੇ ਨਿਆਰੇ ਪੰਥ ਦੀ ਸਿਰਜਨਾ ਕੀਤੀ ਪਰ ਅੱਜ 21 ਵੀਂ ਸਦੀ ਦੇ ਕੰਮਪਿਊਟਰ ਅਤੇ ਤਰਕ ਦੇ ਇਸ ਯੁਗ ਵਿਚ ਵੀ ਉਨ੍ਹਾਂ ਦੇ ਸਿੱਖ ਹੀ ਕਰਮ ਕਾਂਡ ਦੀ ਡੂੰਘੀ ਦਲ ਦਲ ਵਿਚ ਫਸੇ ਹੋਏ ਹਨ। ਸਿੱਖੀ ਦੇ ਨਾਂ ਥੱਲੇ ਪਾਖੰਡ ਹੀ ਪਾਖੰਡ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਭਾਰਤੀ ਉਪ- ਮਹਾਂਦੀਪ ਦੇ ਅਜਿਹੇ ਪਹਿਲੇ ਨਾਇਕ ਸਨ ਜਿਨ੍ਹਾਂ ਨੇ ਪਹਿਲੀ ਵਾਰ ਹਜ਼ਾਰਾਂ ਸਾਲਾਂ ਤੋਂ ਪ੍ਰਚਲਤ ਲਹੂ ਪੀਣੇ ਭਰਮ ਨੂੰ ਤੋੜਿਆ ਹੈ। ਇਸ ਭਰਮ ਜਾਲ ਦੇ ਟੁੱਟਣ ਨਾਲ ਜਿਸ ਸ਼੍ਰੇਣੀ ਨੂੰ ਨੁਕਸਾਨ ਹੋਇਆ ਉਸ ਨੇ ਬਦਲੇ ਦੀ ਭਾਵਨਾ ਦੁਆਰਾ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੁਆਰਾ ਆਪਣੇ ਮਿਥਿਹਾਸ ਦੀ ਪੂਜਾ ਕਰਵਾਉਣੀ ਆਰੰਭ ਕਰਵਾ ਦਿੱਤੀ ਹੈ। ਸਭ ਤੋਂ ਪਹਿਲਾਂ ਉਸ ਨੇ ਸਿੱਖ ਧਰਮ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਹਿਬ ਵਿਖੇ ਹੀ ਦਰਖਤਾਂ ਦੀ ਪੂਜਾ ਆਰੰਭ ਕਰਵਾਈ। ਸਿੱਖਾਂ ਵਿਚ ਪਰਵੇਸ਼ ਕਰ ਚੁੱਕੀ ਬ੍ਰਾਹਮਣੀ ਭਰਮ ਦੀ ਸੋਚ ਦੁਆਰਾ ਦੁਖ-ਭੰਜਨੀ ਬੇਰੀ ਮਰ ਕੇ ਫਿਰ ਜੀਉਂਦੀ ਹੋ ਗਈ ਅਤੇ ਆਪਣੇ ਸ਼ਰਧਾਲੂਆਂ ਦੇ ਬੇੜੇ ਨਿਰੰਤਰ ਪਾਰ ਕਰੀ ਜਾ ਰਹੀ ਹੈ।

ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਵਿਚ ਪੰਥ ਨੇ ਅਕਾਲ ਪੁਰਖ ਪਾਸੋਂ ਸਿੱਖਾਂ ਲਈ ਹੋਰ ਦਾਨਾਂ ਸਹਿਤ **ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੇ ਦਰਸ਼ਨ ਇਸ਼ਨਾਨ** ਦੀ ਮੰਗ ਵੀ ਕੀਤੀ ਹੋਈ ਹੈ। ਬੇਸ਼ਕ ਪੰਥਕ ਸਿੱਖ ਰਹਿਤ ਮਰਿਆਦਾ ਵਿਚ ਸਰੋਵਰ ਦੇ ਜਲ ਨੂੰ ਅੰਮ੍ਰਿਤ ਨਹੀਂ ਮੰਨਿਆਂ ਅਤੇ ਨਾ ਹੀ ਉਸ ਜਲ ਵਿਚ ਕਿਸੇ ਵਿਸ਼ੇਸ਼ ਸਕਤੀ ਦਾ ਹੀ ਜ਼ਿਕਰ ਆਉਂਦਾ ਹੈ। ਸਪਸ਼ਟਤਾ ਨਾ ਹੋਣ ਕਾਰਨ ਆਪਣੀ ਬ੍ਰਾਹਮਣੀ ਸੋਚ ਦੇ ਸੰਚਾਲਕਾਂ ਨੂੰ ਕਾਫੀ ਖੁਲ੍ਹ ਮਿਲ ਗਈ ਅਤੇ ਉਨ੍ਹਾਂ ਨੇ ਦਰਬਾਰ ਸਾਹਿਬ ਵਾਲੇ ਸਰੋਵਰ ਨੂੰ ਅੰਮ੍ਰਿਤ ਸਰੋਵਰ ਦੱਸ ਕੇ ਇਸ ਵਿਚ ਕੀਤੇ ਇਸ਼ਨਾਨ ਦੁਆਰਾ ਰੋਗਾਂ ਦੇ ਨਾਸ ਅਤੇ ਹੋਰ ਆਸਾਂ ਪੂਰੀਆਂ ਹੋ ਜਾਣ ਦੀ ਮਹਿਮਾ ਗਾਉਣੀ ਅਰੰਭ ਕਰ ਦਿਤੀ। ਇਥੇ ਇਕ ਬਹੁਤ ਵੱਡਾ ਪ੍ਰਸ਼ਨ ਖੜ੍ਹਾ ਹੋ ਜਾਂਦਾ ਹੈ ਕਿ ਜੋ ਗੁਰਮਤਿ ਵਿਚ ਇਸ਼ਨਾਨ ਦੀ ਕੋਈ ਮਹੱਤਤਾ ਨਹੀਂ ਤਾਂ ਗੁਰੂ ਸਾਹਿਬਾਨ ਨੇ ਸਰੋਵਰਾਂ ਦੇ ਨਿਰਮਾਣ ਦਾ ਰਿਵਾਜ ਕਿਉਂ ਸ਼ੁਰੂ ਕੀਤਾ?

ਸਭ ਤੋਂ ਪਹਿਲਾਂ ਗੁਰੂ ਅਮਰਦਾਸ ਸਾਹਿਬ ਨੇ ਗੋਇੰਦਵਾਲ ਸਾਹਿਬ ਦੀ ਧਰਤੀ ਤੇ ਸਾਂਝੀ ਬਾਉਲੀ ਬਣਵਾਈ, ਉਪਰੰਤ ਗੁਰ ਰਾਮ ਦਾਸ ਸਾਹਿਬ ਨੇ ਗੁਰੂ ਅਮਰਦਾਸ ਸਾਹਿਬ ਦੀ ਆਗਿਆ ਨਾਲ ਗੁਰੂ ਕੇ ਚੱਕ, ਅਜੋਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖਰੀਦੀ ਹੋਈ ਜ਼ਮੀਨ ਵਿਚ ਨੀਵੀਂ ਥਾਂ ਤੇ ਇਕ ਤਾਲ ਖੁਦਵਾਇਆ। ਸਿੱਖ ਗੁਰੂ ਸਾਹਿਬਾਨ ਦੁਆਰਾ ਇਨ੍ਹਾਂ ਸਾਂਝੀਆਂ ਬਾਵਲੀਆਂ ਅਤੇ ਸਾਂਝੇ ਸਰੋਵਰਾਂ ਦੇ ਨਿਰਮਾਣ ਪਿੱਛੇ ਇੱਕ ਪਵਿੱਤਰ ਕਲਿਆਣਕਾਰੀ ਮਨੋਰਥ ਸੀ ਜਿਸ ਦੁਆਰਾ ਅਖੌਤੀ ਨੀਵੀਆਂ ਜਾਤਾ ਭਾਵ ਸ਼ੂਦਰਾਂ ਅਤੇ ਵੈਸ਼ਾਂ ਦੇ ਮਨਾਂ ਵਿਚ ਦਲੇਰੀ ਭਰ ਦਿਤੀ ਕਿ ਉਹ ਵੀ ਇਨ੍ਹਾਂ ਸਾਂਝੇ ਜਲ ਭੰਡਾਰਾਂ ਦੀ ਵਰਤੋਂ ਉਸੇ ਤਰ੍ਹਾਂ ਕਰ ਸਕਦੇ ਹਨ ਜਿਵੇ ਅਖੌਤੀ ਉੱਚੀਆਂ ਜਾਤਾਂ ਵਾਲੇ ਲੋਕ। ਇਹ ਸਾਰੇ ਸਾਂਝੇ ਜਲ ਭੰਡਾਰ ਸਾਂਝੀ ਵਾਲਤਾ ਅਤੇ ਪਰਸਪਰ ਪਿਆਰ ਦੇ ਉਪਦੇਸ਼ ਦਾ ਬੜਾ ਹੀ ਅਸਰਦਾਇਕ ਸਾਧਨ ਸਿੱਧ ਹੋਏ।

ਸਿੱਖ ਰਹਿਤ ਮਰਿਆਦਾ ਵਿਚ ਭਾਵੇਂ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਦੀ ਵਿਆਖਿਆ ਬੇਸ਼ਕ ਗੁਰਬਾਣੀ ਦੇ ਆਸ਼ੇ ਮੁਤਾਬਿਕ ਹੀ ਹੋਵੇ ਪਰੰਤੂ ਆਪਣੀਆਂ ਨਿੱਜੀ ਗਰਜ਼ਾਂ ਨੂੰ ਪੂਰਨ ਵਾਲੇ ਲੋਕਾਂ ਗੁਰੂ ਨਾਨਕ ਸਾਹਿਬ ਦੀ ਅਦੁੱਤੀ ਘਾਲਣਾ ਨੂੰ ਵਿਅਰਥ ਸਿੱਧ ਕਰਨ ਦਾ ਕੋਝਾ ਯਤਨ ਕਰੀ ਜਾ ਰਹੇ ਹਨ। ਸਿੱਖ ਗੁਰੂ ਸਾਹਿਬਾਨ ਨੇ ਤੀਰਥਾਂ ਦੇ ਦਰਸ਼ਨ ਇਸ਼ਨਾਨ ਨੂੰ ਕਦੀ ਵੀ ਕਿਸੇ ਪੁੰਨ ਦਾ

*ਸਿਰਫ਼ ਪਿੰਡੇ ਦੀ ਸੁਚਮ ਦੁਆਰਾ ਇਨਸਾਨ ਧਰਮੀ ਨਹੀਂ ਬਣ ਜਾਂਦਾ। ਸਿੱਖ ਇਤਿਹਾਸ ਵਿਚ ਅਜਿਹੇ ਭਿਆਨਕ ਸਮੇਂ ਵੀ ਆਏ ਜਦੋਂ ਸਿੰਘਾਂ ਨੂੰ ਕਈ-ਕਈ ਮਹੀਨੇ ਪੀਣ ਲਈ ਰੱਜਵਾਂ ਪਾਣੀ ਵੀ ਨਹੀਂ ਮਿਲਿਆ, ਇਸ਼ਨਾਨ ਕਰਨਾ ਤਾਂ ਦੂਰ ਦੀ ਗੱਲ ਹੈ ਪਰ ਫਿਰ ਵੀ ਸਾਰੇ ਸਿੰਘ ਬਾਣੀ ਦੇ ਨਾਲ ਜੁੜੇ ਰਹੇ। ਇਸ਼ਨਾਨ ਕਰਨਾ ਧਰਮ ਦੀ ਸ਼ਰਤ ਨਹੀਂ ਹੈ ਸਰੀਰ ਵਿਚ ਉੱਦਮ ਪੈਦਾ ਕਰਨ ਦਾ ਇਕ ਸਾਧਨ ਹੈ। ਸਰੀਰ ਨੂੰ ਸਾਫ਼ ਰੱਖਣਾ ਜ਼ਰੂਰੀ ਹੈ ਇਸ ਲਈ ਨਹਾਉਣਾ, ਧੋਣਾ ਵੀ ਜ਼ਰੂਰੀ ਹੈ। ਪਾਣੀ ਨਾਲ ਇਸ਼ਨਾਨ ਕਰ ਕੇ ਕੇਵਲ ਕੁਝ ਦੇਰ ਬਾਣੀ ਦਾ ਪਾਠ ਕਰਨ ਨਾਲ ਕੋਈ ਵਿਅਕਤੀ ਧਾਰਮਕ ਨਹੀਂ ਬਣ ਜਾਂਦਾ, ਗੁਰੂ ਵਾਲਾ ਨਹੀਂ ਹੋ ਜਾਂਦਾ। ਸਹੀ ਅਰਥਾਂ ਵਿਚ ਧਾਰਮਿਕ ਬਣਨ ਲਈ ਉਸ ਪੜ੍ਹੀ ਬਾਣੀ ਅਨੁਸਾਰ ਅਮਲੀ ਜੀਵਨ ਜੀਣ ਦੀ ਜ਼ਰੂਰਤ ਹੁੰਦੀ ਹੈ।*

ਕੰਮ, ਮੁਕਤੀ ਦਾ ਮਾਰਗ ਨਹੀਂ ਮੰਨਿਆ, ਸਗੋਂ ਗੁਰੂ ਨਾਨਕ ਸਾਹਿਬ ਦੇ ਸਮੇ ਤੋਂ ਹੀ ਗੁਰੂ ਸਾਹਿਬਾਨ ਉਸ ਥਾਂ ਤੇ ਪਹੁੰਚਦੇ ਸਨ ਜਿਥੇ ਵਧ ਤੋਂ ਵਧ ਲੋਕਾਂ ਨੂੰ ਗੁਰਮਤਿ ਗਿਆਨ ਤੋਂ ਜਾਣੂ ਕਰਾ ਕੇ ਇਸ ਭਰਮ ਜਾਲ ਚੋਂ ਬਾਹਰ ਕੱਢਿਆ ਜਾ ਸਕੇ। ਗੁਰੂ ਸਾਹਿਬਾਨ ਦੇ ਇਸ ਉਪਕਾਰ ਦਾ ਵਰਣਨ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ:

**ਬਾਬਾ ਆਇਆ ਤੀਰਥੇ,**
**ਤੀਰਥ ਪੁਰਬਿ ਸਭੈ ਫਿਰਿ ਦੇਖੈ।**
**ਪੂਰਬ ਧਰਮਿ ਬਹੁ ਕਰਮਿ ਕਰਿ,**
**ਭਾਉ ਭਗਤਿ ਬਿਨੁ ਕਿਤੈ ਨ ਲੇਖੈ।**
**ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦ ਸਿੰਮ੍ਰਿਤਿ ਪੜ੍ਹਿ ਪੇਖੈ।**
**ਢੂਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।**
**ਕਲਿਜੁਗਿ ਧੁੰਧੂਕਾਰੁ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ।**
**ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ।**
**ਗੁਰਮੁਖਿ ਵਰਨੁ ਅਵਰਨੁ ਹੋਇ ਨਿਵਿ ਚਲਣਾ ਗੁਰ ਸਿਖਿ ਵਿਸੇਖੈ।**
**ਤਾ ਕਿਛੁ ਘਾਲਿ ਪਵੈ ਦਰਿ ਲੇਖੈ ॥25॥1॥**

ਗੁਰੂ ਬਾਬਾ ਜੀ ਤੀਰਥਾਂ ਨੂੰ ਜਦ ਆਇ ਤਾਂ ਉਥੇ ਲੋਕਾਂ ਨੂੰ ਫੋਕਟ ਕਰਮ ਕਾਂਡ ਵਿਚ ਗ੍ਰੱਸਿਆ ਦੇਖਿਆ। ਜੋ ਪ੍ਰੇਮਾ-ਭਗਤੀ ਤੋਂ ਖਾਲੀ ਸੀ। ਬ੍ਰਹਮਾ ਦੇ ਜਿਸ ਲੇਖ ਅਨੁਸਾਰ ਇਨ੍ਹਾਂ ਲੋਕਾਂ ਨੂੰ ਇੰਨਾਂ ਕਰਮਾਂ ਵਿਚ ਫਸੇ ਦੇਖਿਆ ਉਹ ਭਾਵ ਭਗਤੀ ਤੋਂ ਸੱਖਣੇ ਸੀ ਅਤੇ ਕਲਯੁਗ ਦੇ ਪਾਖੰਡੀਆਂ ਨੇ ਵੀ ਜ਼ੋਰ ਪਾਇਆ ਸੀ। ਗੁਰੂ ਸਾਹਿਬ ਨੇ



ਲੋਕਾਂ ਨੂੰ ਇਸ ਸੱਚਾਈ ਦੀ ਸੋਝੀ ਬਖਸ਼ੀ ਕਿ ਸੱਚੀ ਪ੍ਰੇਮਾ-ਭਗਤੀ ਤੋਂ ਬਿਨ੍ਹਾਂ ਹੋਰ ਕੋਈ ਘਾਲ ਥਾਏਂ ਨਹੀਂ ਪੈਂਦੀ।

ਗੁਰੂ ਨਾਨਕ ਸਾਹਿਬ ਦੇ ਗਿਆਨ ਤੋਂ ਮਿਲੀ ਬਿਬੇਕਤਾ ਦੁਆਰਾ ਸਮਝ ਆ ਜਾਂਦੀ ਹੈ ਕਿ:

ਕਿ ਕੇਵਲ ਪਿੰਡੇ ਦੀ ਸੁਚਮ ਦੁਆਰਾ ਇਨਸਾਨ ਧਰਮੀ ਨਹੀਂ ਬਣ ਜਾਂਦਾ। ਸਿੱਖ ਇਤਿਹਾਸ ਵਿਚ ਅਜਿਹੇ ਭਿਆਨਕ ਸਮੇਂ ਵੀ ਆਏ ਜਦੋਂ ਸਿੰਘਾਂ ਨੂੰ ਕਈ ਕਈ ਮਹੀਨੇ ਪੀਣ ਲਈ ਰਜਵਾਂ ਪਾਣੀ ਵੀ ਨਹੀਂ ਮਿਲਿਆ, ਇਸ਼ਨਾਨ ਕਰਨਾ ਤਾਂ ਦੂਰ ਦੀ ਗੱਲ ਹੈ। ਪਰ ਫਿਰ ਵੀ ਸਾਰੇ ਸਿੰਘ ਬਾਣੀ ਦੇ ਨਾਲ ਜੁੜੇ ਰਹੇ। ਇਸ਼ਨਾਨ ਕਰਨਾ ਧਰਮ ਦੀ ਸ਼ਰਤ ਨਹੀਂ ਹੈ ਸਰੀਰ ਵਿਚ ਉੱਦਮ ਪੈਦਾ ਕਰਨ ਦਾ ਇਕ ਸਾਧਨ ਹੈ। ਸਰੀਰ ਨੂੰ ਸਾਫ ਰੱਖਣਾ ਜ਼ਰੂਰੀ ਹੈ ਇਸ ਲਈ ਨਹਾਉਣਾ, ਧੋਣਾ ਵੀ ਜ਼ਰੂਰੀ ਹੈ। ਪਾਣੀ ਨਾਲ ਇਸ਼ਨਾਨ ਕਰ ਕੇ ਕੇਵਲ ਕੁਝ ਦੇਰ ਬਾਣੀ ਦਾ ਪਾਠ ਕਰਨ ਨਾਲ ਕੋਈ ਵਿਅਕਤੀ ਧਾਰਮਕ ਨਹੀਂ ਬਣ ਜਾਂਦਾ, ਗੁਰੂ ਵਾਲਾ ਨਹੀਂ ਹੋ ਜਾਂਦਾ। ਸਹੀ ਅਰਥਾਂ ਵਿਚ ਧਾਰਮਿਕ ਬਣਨ ਲਈ ਉਸ ਪੜ੍ਹੀ ਬਾਣੀ ਅਨੁਸਾਰ ਅਮਲੀ ਜੀਵਨ ਜੀਣ ਦੀ ਜ਼ਰੂਰਤ ਹੁੰਦੀ ਹੈ। ਜਨ ਕਲਿਆਣ ਲਈ ਪਰਉਪਕਾਰੀ ਹੋਣ ਦੀ ਜ਼ਰੂਰਤ ਹੁੰਦੀ ਹੈ, ਜੀਵਨ ਵਿਚ ਕਿਰਤ ਕਰਕੇ ਉਸ ਨੂੰ ਵੰਡ ਕੇ ਛਕਣ ਦੀ ਲੋੜ ਹੁੰਦੀ ਹੈ, ਲੋੜ ਵੰਦਾਂ ਦੀ ਆਪਣੀ ਹੈਸੀਅਤ ਅਨੁਸਾਰ ਮੱਦਦ ਕਰਨ ਦੀ ਜ਼ਰੂਰਤ ਹੁੰਦੀ ਹੈ।

ਭਾਰਤ ਵਿਚ ਹਿੰਦੂ ਧਰਮ ਦੇ ਤੀਰਥ ਹਜ਼ਾਰਾਂ ਸਾਲਾਂ ਤੋਂ ਬਹੁਤ ਹੀ ਪਵਿੱਤਰ ਮੰਨੇ ਜਾਂਦੇ ਰਹੇ ਹਨ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਤੀਰਥਾਂ ਦੇ ਦਰਸ਼ਨ ਇਸ਼ਨਾਨਾਂ ਦੁਆਰਾ ਪਾਪਾਂ ਦਾ ਨਾਸ ਹੋ ਜਾਂਦਾ ਹੈ ਤੇ ਪੁੰਨ ਕਰਮਾਂ ਦੇ ਅਜਿਹੇ ਭੰਡਾਰੇ ਪ੍ਰਾਪਤ ਹੋ ਜਾਂਦੇ ਹਨ ਜੋ ਮਰਨ ਉਪਰਾਂਤ ਲੋਕਾਂ ਨੂੰ ਸੁਰਗਾਂ ਵਿਚ ਜਾਣ ਲਈ ਸਹਾਈ ਹੁੰਦੇ ਹਨ। ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਸਾਹਿਬ ਉਨ੍ਹਾਂ ਤੀਰਥਾਂ ਤੇ ਜਾ ਕੇ ਤੀਰਥਾਂ ਤੇ ਨਹਾਉਣ ਦੇ ਇਸ ਵਿਸ਼ਵਾਸ਼ ਦਾ ਖੰਡਨ ਕਰਦੇ ਰਹੇ ਹਨ। **ਕੀ ਹੁਣ ਦੇ ਤੀਰਥਾਂ ਪ੍ਰਤੀ ਆਮ ਸਿੱਖਾਂ, ਅਖੌਤੀ ਸੰਤਾਂ ਜਾਂ ਸਿੱਖ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੇ ਅਜੋਕੇ ਦ੍ਰਿਸ਼ਟੀਕੋਣ ਤੋਂ ਇਹ ਸਮਝਿਆ ਜਾਏ ਕਿ ਗੁਰੂ ਨਾਨਕ ਸਾਹਿਬ ਉਨ੍ਹਾਂ ਦੇ ਤੀਰਥਾਂ ਨੂੰ ਬੰਦ ਕਰਵਾ ਕੇ ਆਪ ਉਸੇ ਤਰ੍ਹਾਂ ਦੇ ਤੀਰਥ ਸਿਰਜਣਾ ਚਾਹੁੰਦੇ ਸਨ? ਕੀ ਹਿੰਦੂਆਂ ਦੇ ਤੀਰਥਾਂ ਨੂੰ ਨਿਸਫਲ ਕਹਿ ਕੇ ਨਿੰਦਿਆ ਤੇ ਫਿਰ ਗੁਰੂ ਜੀ ਨੇ ਆਪ ਅਜਿਹੇ ਤੀਰਥ ਸਿਰਜ ਲਏ ਸਨ ਜਿਨ੍ਹਾਂ ਦੇ ਜਲ ਵਿਚ ਸਾਰੀਆਂ ਗੈਬੀ ਸ਼ਕਤੀਆਂ ਸਮਾ ਗਈਆਂ ਹਨ? ਕੀ ਗੁਰੂ ਨਾਨਕ ਸਾਹਿਬ ਜੀ ਬਾਰੇ ਇਹ ਸੋਚ ਲਿਆ ਜਾਵੇ ਕਿ ਉਨ੍ਹਾਂ ਦਾ ਉਪਦੇਸ਼ ਕੇਵਲ ਬ੍ਰਹਮਣਾਂ ਜਾਂ ਹਿੰਦੂਆਂ ਲਈ ਹੀ ਸੀ, ਅਜੋਕੇ ਸਿੱਖਾਂ ਲਈ ਨਹੀਂ ਸੀ? ਕੀ ਗੁਰੂ ਸਾਹਿਬ ਜੋ ਮੂਹੋਂ ਕਹਿੰਦੇ ਸਨ ਆਪ ਉਸ ਦੇ ਉਲਟ ਕਰਮ ਕਰਦੇ ਸਨ? ਕੀ ਗੁਰੂ ਇਤਿਹਾਸ ਨਾਲ ਜੁੜੇ ਜਾਂ ਗੁਰੂ ਘਰਾਂ ਨਾਲ ਜੁੜੇ ਚਸ਼ਮਿਆਂ ਸਰੋਵਰਾਂ ਬਾਉਲੀਆਂ ਆਦਿ ਦੇ ਇਸ਼ਨਾਨ ਨੂੰ ਫਲਦਾਇਕ ਸ਼ਕਤੀਆਂ ਵਾਲੇ ਮੰਨ ਕੇ ਅਸੀਂ ਆਪਣੇ ਵਰਤਮਾਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਨਹੀਂ ਕਰ ਰਹੇ? ਕੀ ਪੰਥ ਵਿਚ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਨੇ ਇਨ੍ਹਾਂ ਸਵਾਲਾਂ ਵਲ ਧਿਆਨ ਦੇਣ ਦੀ ਕਦੀ ਖੇਚਲ ਕੀਤੀ ਹੈ?**

# ਗੁਰੂ ਸਰਵਰੁ ਹੰਸ ਪਿਆਰੇ

ਗਿਆਨ ਦੇ ਚਾਨਣ ਤੋਂ ਬਿਨਾਂ ਮਨੁੱਖਤਾ ਪਸ਼ੂਆਂ ਵਾਂਗ ਜੂਨ ਭੋਗ ਕੇ (ਖਾਇਆ ਮੈਲੁ ਵਧਾਇਆ, ਪੈਧੈ ਘਰ ਕੀ ਹਾਣਿ ਬਕਿ ਬਕਿ ਬਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ (1331) ਸੰਸਾਰ ਤੋਂ ਵਿਦਾ ਹੋ ਜਾਂਦੀ ਹੈ। ਫਖ਼ਰ ਜੋਗ ਮਾਅਰਕੇ ਮਾਰਨੇ ਤਾਂ ਬਹੁਤ ਦੂਰ ਦੀ ਗੱਲ ਹੈ, ਆਮ ਮਨੁੱਖ ਨੂੰ ਤਾਂ ਕੇਵਲ, ਖਾਣਾ, ਪੀਣਾ, ਪਹਿਨਣਾ ਤੇ ਠੀਕ ਤਰ੍ਹਾਂ ਬੋਲਣਾ ਭੀ ਨਹੀਂ ਆਉਂਦਾ। ਪਸ਼ੂ ਇਤਨਾ ਗੰਦ ਨਹੀਂ ਖਿਲਾਰਦਾ, ਜਿਤਨਾ ਮਨੁੱਖ ਅਖਵਾਉਣ ਵਾਲਾ ਖਿਲਾਰਦਾ ਹੈ। ਗੰਦਗੀ ਕੂੜਾ ਪ੍ਰਦੂਸ਼ਣ ਅਨੇਕ ਤਰ੍ਹਾਂ ਦਾ ਜ਼ੁਬਾਨ ਦਾ, ਲਿਖਤਾਂ ਦਾ, ਧੋਖਾ ਫਰੇਬ ਤੇ ਹੋਰ ਕਈ ਤਰੀਕਿਆਂ ਦਾ। ਸਦੀਆਂ ਪਿੱਛੋਂ ਕੁਦਰਤ ਮਿਹਰਬਾਨ ਹੋ ਕੇ ਕਿਸੇ ਪੈਗੰਬਰ ਨੂੰ ਧਰਤੀ ਤੇ, ਵਿਸ਼ੇਸ਼ ਕਾਰਜਾਂ ਲਈ ਘੱਲਦੀ ਹੈ। ਅਜਿਹੇ ਰੌਸ਼ਨ ਦਿਮਾਗ, ਭੂਤ ਭਵਿੱਖ ਦੀ ਸੋਚ ਰੱਖਣ ਵਾਲੇ, ਪਰਉਪਕਾਰ ਦੇ ਮੁਜੱਸਮੇ, ਮਹਾਂਪੁਰਖ "ਮੂਰਖ ਮੁਗਧ" ਲੋਕਾਂ ਨੂੰ, ਜਿਉਣਾ ਮਰਨਾ ਸਿਖਾਉਂਦੇ ਹਨ। ਸਤਿਗੁਰੂ ਨਾਨਕ ਸਾਹਿਬ ਜੀ ਨੇ, ਜੋ ਲਾਸਾਨੀ ਪੂਰਨੇ ਪਾਏ, ਜੋ ਨਵੇਂ ਰਾਹਾਂ ਦੀ ਨਿਸ਼ਾਨ ਦੇਹੀ ਕੀਤੀ, ਮਨੁੱਖ ਨੂੰ ਕਿਰਤਮ ਪੂਜਾ ਵੱਲੋਂ ਹੋੜ ਕੇ, ਇੱਕ ਦੇ ਪੁਜਾਰੀ ਬਣਾਇਆ, ਕਾਇਰਤਾ ਭਰਿਆ ਨਰਕੀ ਜੀਵਨ ਜਿਉਣ ਵਾਲਿਆਂ ਪਸ਼ੂਆਂ ਵਰਗਿਆਂ ਨੂੰ :-

"ਸੂਕਰ ਸੁਆਨ ਗਰਧਬ ਮੰਜਾਰਾ ਪਸੂ ਮਲੇਛ ਨੀਚ ਚੰਡਾਲਾ
ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ
ਬੰਧਨਿ ਬਾਧਿਆ ਆਈਐ ਜਾਈਐ" (832)

ਸਤਿਗੁਰੂ ਜੀ ਨੇ, "ਜਿਨ ਮਾਨਸ ਤੇ ਦੇਵਤੇ ਕੀਏ" ਵਰਗਾ ਅਤਿ ਬਿਖੜਾ ਪਰ ਬਹੁਤ ਜ਼ਰੂਰੀ ਕਾਰਜ ਆਰੰਭ ਕਰ ਦਿੱਤਾ। ਹੋਰ ਅਨੇਕ ਪਰਉਪਕਾਰ ਹਨ ਸਤਿਗੁਰੂ ਜੀ ਦੇ, ਪਰ ਹਥਲੇ ਲੇਖ ਵਿਚ ਕੇਵਲ, "ਕਾਂ ਚਿੱਟੇ ਹੋਏ ਜਾਂ ਕਾਂਵਾਂ ਤੋਂ ਹੰਸ ਬਣ ਗਏ, ਜਾਂ ਫਿਰ ਪਿੰਗਲੇ (ਕੋਹੜੀ) ਦਾ ਰੋਗ ਹਟਿਆ, ਤੰਦਰੁਸਤ ਬਣਿਆ" ਬਾਰੇ ਗੁਰਬਾਣੀ ਦੀ ਆਖਰੀ ਕਸੌਟੀ ਤੇ, ਸੱਚ ਝੂਠ ਦੀ ਪਰਖ ਕੀਤੀ ਜਾਵੇਗੀ।

ਸੱਚ ਦਾ ਸੂਰਜ ਗੁਰਬਾਣੀ ਪੜ੍ਹ ਵਿਚਾਰ ਕੇ, ਆਮ ਮਨੁੱਖ ਗਿਆਨ ਦੇ ਚਾਨਣ ਨਾਲ, ਆਪਣੇ ਦਿਮਾਗ ਦੇ ਹਨੇਰੇ ਕੋਨੇ ਰੌਸ਼ਨ ਕਰ ਰਿਹਾ ਸੀ। ਦੁਨੀਆਂ ਜਹਾਨ ਦੇ ਪਾਏ ਬੰਧਨ, ਵਹਿਮ ਭਰਮ, ਨਰਕ ਸੁਰਗ, ਦਾਨ ਪੁੰਨ ਤੀਰਥ ਇਸ਼ਨਾਨ ਆਦਿ ਦੇ ਗੁਰਬਾਣੀ ਰੂਪੀ ਤੇਗ ਰਾਹੀਂ ਪਰਖਚੇ ਉੱਡਦੇ ਜਾ ਰਹੇ ਸਨ। ਸਦੀਆਂ ਤੋਂ ਕਿਰਤੀਆਂ ਦੀ ਕਮਾਈ ਤੇ ਪਲਣ ਵਾਲੇ "ਪਰਜੀਵੀ", ਧਰਮ ਦਾ ਚੋਲਾ ਪਹਿਨੀ ਬੈਠੇ ਸ਼ਿਕਾਰੀ, ਆਪਣੇ ਹਲਵੇ -ਮੰਡੇ ਨੂੰ ਛੇਤੀ ਕੀਤੇ ਕਿਵੇਂ ਤਿਆਗ ਦੇਂਦੇ? ਇਹਨਾਂ ਵਿਹਲੜ ਲੁਟੇਰਿਆਂ ਦੀਆਂ ਧਾੜਾਂ ਨੇ, ਕਲਪਤ ਕਹਾਣੀਆਂ ਦਾ ਸਹਾਰਾ ਲੈ ਕੇ, "ਕਲਰੁ ਖੇਤੁ ਲੈ ਕੂੜੁ ਜਮਾਇਆ, ਸਭ ਕੂੜੈ ਕੇ ਖਲਵਾਰੇ" (981) ਮਹਾਂਵਾਕ ਮੁਤਾਬਕ, ਗੁਰੂ ਘਰਾਂ ਵਿਚ ਨਿਤਾ ਪ੍ਰਤੀ, ਸਵੇਰੇ ਸ਼ਾਮ, ਬੜੀ ਨਿਲੱਜਤਾ ਨਾਲ, ਇਹਨਾਂ ਮੁਫਤ ਖੋਰਿਆਂ ਨੇ ਝੂਠ ਕਹਾਣੀਆਂ ਦਾ ਪ੍ਰਚਾਰ ਆਰੰਭ ਦਿੱਤਾ। ਗਿਆਨ ਦੇ ਸਾਗਰ ਨੂੰ (ਗੁਰਬਾਣੀ) ਧੂਫਾਂ ਧੁਖਾ, ਟੱਲੀਆਂ ਵਜਾ ਚਿਮਟੇ ਢੋਲਕੀਆਂ ਖੜਕਾ, ਜੋਤਾਂ ਜਗਾ, ਭੋਗ ਲਗਵਾ ਕੇ ਹੂਬਹੂ ਮੂਰਤੀ ਦੀ ਨਿਆਈ ਪੂਜਾ ਜੋਗਾ ਬਣਾ ਕੇ ਰੱਖ ਦਿੱਤਾ। ਆਮ ਸਿੱਖ ਨੂੰ ਗੁਰਬਾਣੀ ਤੋਂ ਤੋੜਿਆ ਗਿਆ। ਸੂਰਜ ਪ੍ਰਕਾਸ਼, ਗੁਰਬਿਲਾਸ ਪਾਤਸ਼ਾਹੀ ਛੇਵੀ (ਸਭ ਤੋਂ ਨਖਿੱਧ) ਤੇ ਕਲਪਤ ਬਾਲੇ ਵਾਲੀ ਸਾਖੀ ਨਾਲ ਜੋੜਨ ਦਾ ਬੱਜਰ ਪਾਪ ਕੀਤਾ ਗਿਆ। ਜਿਨ੍ਹਾਂ ਕਿਤਾਬਾਂ ਵਿਚ, ਸਤਿਗੁਰੂ ਸਾਹਿਬਾਨ, ਭਗਤਾਂ ਅਤੇ ਜੀਵਨ ਵਾਲੇ ਸਿੱਖਾਂ ਦੀ, ਬੇਸ਼ਰਮੀ ਨਾਲ ਬੇਇੱਜ਼ਤੀ ਕੀਤੀ ਗਈ ਸੀ, ਉਹਨਾਂ ਕਿਤਾਬਾਂ ਦੀ ਪ੍ਰਸੰਸਾ ਹੋਈ, ਗੁਰਦਵਾਰਿਆਂ ਵਿਚ ਕਥਾ ਆਰੰਭ ਕਰਵਾਈ ਗਈ। ਜਿਸ ਗੰਦਗੀ ਭਰੀ ਖਾਈ ਵਿਚੋਂ, ਸਤਿਗੁਰੂ ਜੀ ਨੇ ਮਨੁੱਖਤਾ ਨੂੰ ਬਾਹਰ ਕੱਢਿਆ ਸੀ, ਇਹਨਾਂ ਪੰਥ ਦੋਖੀ ਪੁਜਾਰੀਆਂ ਨੇ, ਮੁੜ ਉਸੇ ਗੰਦੀ ਦਲਦਲ ਵਿਚ ਸੁੱਟ ਦਿੱਤਾ। ਇਤਿਹਾਸਕ ਅਤੇ ਵੱਡੇ ਨਾਮੀ ਗੁਰਦਵਾਰੇ, ਇਹਨਾਂ ਪੰਥ ਦੋਖੀ ਤੇ ਗੁਰਬਾਣੀ ਵਿਰੋਧੀ ਮਨਮੁੱਖਤਾ ਦੇ ਸਿਰ ਕੱਢਵੇਂ ਅੱਡੇ ਬਣ ਕੇ ਉਭਰੇ ਹਨ।

ਸਤਿਗੁਰੂ ਜੀ ਦੀ ਪਾਵਨ ਬਾਣੀ ਦੇ ਹੁੰਦਿਆਂ ਹੋਰ ਕਿਸੇ ਸਬੂਤ ਦੀ ਲੋੜ ਨਹੀਂ ਹੁੰਦੀ। ਸਾਰੀ ਦੁਨੀਆਂ ਦੇ ਲੋਕ ਇੱਕ



ਪ੍ਰੋ: ਇੰਦਰ ਸਿੰਘ ਘੱਗਾ
ਮੋਬਾ: 98551-51699

ਪਾਸੇ ਹੋਣ, ਗੁਰੂ ਦੀ ਬਾਣੀ ਦੂਜੇ ਪਾਸੇ ਹੋਵੇ, ਤਾਂ ਸੱਚਾ ਸਿੱਖ, ਬਿਨਾਂ ਦੇਰੀ ਸਤਿਕਾਰ ਸਹਿਤ ਗੁਰੂ ਜੀ ਦੇ ਪਿੱਛੇ ਹੋਵੇਗਾ। ਪਰ ਗਜ਼ਬ ਦੇਖੋ, ਦਿਨ ਦਿਹਾੜੇ ਗੁਰਬਾਣੀ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ, ਦੁਸ਼ਟ ਕਰਮ, ਵੱਡੇ ਗੁਰਦਵਾਰਿਆਂ ਵਿਚੋਂ, ਵੱਡੇ ਲੀਡਰਾਂ ਤੇ ਜੱਥੇਦਾਰਾਂ ਵੱਲੋਂ ਕੀਤੇ ਕਰਾਏ ਜਾ ਰਹੇ ਹਨ। ਹਥਲੇ ਲੇਖ ਨੂੰ ਸਿਰਫ ਦਰਬਾਰ ਸਾਹਿਬ ਦੇ ਸਰੋਵਰ ਵਿਚੋਂ "ਕਾਲੇ ਕਾਂ ਚਿੱਟੇ ਹੋ ਕੇ ਨਿਕਲੇ" ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਬਿਨਾਂ ਕਿਸੇ ਪ੍ਰਮਾਣਿਕ ਸਬੂਤ ਅਤੇ ਹਵਾਲੇ ਤੋਂ, ਇਹ ਪ੍ਰਚਾਰਿਆ ਗਿਆ ਕਿ ਇੱਥੇ ਇੱਕ ਛੱਪੜੀ ਹੋਇਆ ਕਰਦੀ ਸੀ। ਉਥੇ ਰਾਮ ਚੰਦਰ ਅਤੇ ਸੀਤਾ ਬਣਵਾਸ ਸਮੇਂ ਆਏ ਦਾ ਕੁਫਰ ਤੋਲਿਆ ਗਿਆ। ਕੁਝ ਇੱਕ ਨੇ ਹੋਰ ਕਈ ਸਾਰੇ ਪੀਰਾਂ -ਫਕੀਰਾਂ ਦਾ ਆਉਣਾ ਭੀ ਲਿਖ ਧਰਿਆ। ਫਿਰ ਪੱਟੀ ਦੇ ਰਾਜੇ (ਪੱਟੀ ਇਲਾਕੇ ਵਿਚ ਪੜਤਾਲ ਕਰਨ ਤੇ ਅਜਿਹੇ ਕਿਸੇ ਰਾਜੇ ਦੇ ਹੋਣ ਬਾਰੇ ਸਬੂਤ ਨਹੀਂ ਮਿਲੇ) ਦੀਆਂ ਸੱਤ ਲੜਕੀਆਂ ਜੁਆਨ ਹੋਈਆਂ। ਉਸ ਨੇ ਸਾਰੀਆਂ ਨੂੰ ਵਾਰੀ ਵਾਰੀ ਪੁੱਛਿਆ, "ਤੁਸੀਂ ਕਿਸ ਦੀ ਕਿਸਮਤ ਨਾਲ ਰੋਟੀ ਖਾਂਦੀਆਂ ਹੋ?" ਵੱਡੀਆਂ ਛੇ ਲੜਕੀਆਂ ਆਖਿਆ, ਪਿਤਾ ਜੀ! ਤੁਹਾਡੀ ਕਿਸਮਤ ਨਾਲ। ਛੋਟੀ ਨੇ ਗਲਤ ਜਵਾਬ ਦੇ ਦਿੱਤਾ, "ਅਖੇ ਮੈਂ ਆਪਣੀ ਕਿਸਮਤ ਦਾ ਖਾ ਰਹੀ ਹਾਂ।" ਰਾਜਾ ਸਖਤ ਨਾਰਾਜ਼ ਹੋ ਗਿਆ। ਝੱਟ ਪੱਟ ਇੱਕ ਕੋਹੜੀ (ਪਿੰਗਲਾ) ਲੜਕਾ ਲੱਭ ਕੇ ਆਪਣੀ ਲੜਕੀ ਦਾ ਵਿਆਹ ਉਸ ਨਾਲ ਕਰ ਦਿੱਤਾ। "ਵੇਖਾਂ ਹੁਣ ਤੂੰ ਆਪਣੀ ਕਿਸਮਤ ਦੀ ਰੋਟੀ ਕਿਵੇਂ ਖਾਵੇਗੀ"? ਹੈਂ! ਹਨੇਰ ਸਾਈਂ ਦਾ ਇੱਕ ਮਾਸੂਮ ਲੜਕੀ ਵੱਲੋਂ ਸੱਚ ਬੋਲਣ ਤੋਂ, ਕਰੋਧ ਵਿਚ ਭਰ ਕੇ, ਐਡੀ ਭਿਆਨਕ ਸਜ਼ਾ ਦਿੱਤੀ? ਕੋਈ ਪਿਤਾ ਆਪਣੀ ਬੇਟੀ ਦੀ ਜ਼ਿੰਦਗੀ ਇਸ ਤਰ੍ਹਾਂ ਬਰਬਾਦ ਕਰ ਸਕਦਾ ਹੈ? ਖੈਰ ! ਲੜਕਾ ਟੁਰ ਨਹੀਂ ਸਕਦਾ ਸੀ, ਲੜਕੀ ਰਜਨੀ ਨੇ, ਇਸ ਨੂੰ ਟੋਕਰੀ ਵਿਚ ਪਾ ਕੇ, ਸਿਰ ਤੇ ਚੁੱਕ ਲਿਆ ਤੇ ਭੀਖ ਮੰਗ ਕੇ ਰੋਟੀ ਖਾਣ ਲੱਗੀ। ਰਾਜੇ ਦੀ ਬੇਟੀ ਸੁੰਦਰ ਜਵਾਨ, ਜ਼ਮਾਨੇ ਦੇ ਲਫੰਗਿਆਂ ਤੇ ਸਰਕਾਰੀ ਗੁੰਡਿਆਂ, ਉਹਨੂੰ ਬੇਇਜ਼ਤ ਨਾਂ ਕੀਤਾ? ਫਿਰ ਉਹ ਟੁਰਦੀ ਹੋਈ, ਅੰਮ੍ਰਿਤਸਰ (ਤਦੋਂ ਚੱਕ ਰਾਮਦਾਸ) ਛੱਪੜੀ ਦੇ ਕਿਨਾਰੇ, ਪਿੰਗਲੇ ਵਾਲੀ ਟੋਕਰੀ ਰੱਖ ਕੇ, ਖੁਦ ਰੋਟੀ ਮੰਗਣ ਚਲੀ ਗਈ। ਪਿੰਗਲੇ ਨੇ ਵੇਖਿਆ ਕਿ ਛੱਪੜੀ ਵਿਚ ਕਾਲੇ ਕਾਂ ਚੁੱਭੀ ਲਾਉਂਦੇ ਹਨ, ਇਸ਼ਨਾਨ ਕਰਦੇ ਹਨ, ਤੇ ਸਫੈਦ ਹੋ ਕੇ ਬਾਹਰ ਨਿਕਲਦੇ ਹਨ। ਕਈ ਥਾਈਂ ਹੰਸ ਬਣ ਕੇ ਉਡਦੇ ਗਏ ਭੀ ਲਿਖਿਆ ਮਿਲਦਾ ਹੈ। ਇਸ ਤੋਂ ਪ੍ਰੇਰਤ ਹੋ ਕੇ ਪਿੰਗਲਾ ਰਿੜ੍ਹਦਾ ਹੋਇਆ, ਛੱਪੜੀ ਵਿਚ ਜਾ ਡਿੱਗਾ। ਬੱਸ ਫਿਰ ਕੀ ਸੀ, ਤੁਰੰਤ ਸਰੀਰ ਕੁੰਦਨ (ਸੋਨਾ) ਵਰਗਾ ਬਣ ਗਿਆ ਤੰਦਰੁਸਤ। ਪੂਰੀ ਡੀਲ ਡੌਲ ਵਾਲਾ ਸੁਣੱਖਾ ਨੌਜਵਾਨ। ਰਜਨੀ ਨੂੰ ਟੋਕਰੀ ਲਾਗੇ ਬੈਠਾ ਮਿਲਿਆ।

ਰਜਨੀ ਨੇ ਪੁੱਛਿਆ, "ਤੂੰ ਕੌਣ ਹੈਂ ? ਮੇਰਾ ਪਤੀ (ਪਿੰਗਲਾ) ਕਿੱਥੇ ਹੈ?"

"ਤੇਰਾ ਪਤੀ ਮੈਂ ਹੀ ਹਾਂ, ਇਸ ਛੱਪੜੀ ਵਿਚੋਂ, ਕਾਂਵਾਂ ਨੂੰ ਚਿੱਟੇ ਹੁੰਦੇ ਵੇਖ ਕੇ ਮੈਂ ਭੀ ਚੁੱਭੀ ਮਾਰ ਲਈ, ਤੇ ਨੌ -ਬਰ -ਨੌ ਤੇਰੇ ਸਾਹਮਣੇ ਖੜ੍ਹਾ ਹਾਂ।"

ਨਹੀਂ ! ਤੂੰ ਝੂਠ ਬੋਲਦਾ ਹੈਂ, ਰਜਨੀ ਕੜਕੀ। ਨੌਜਵਾਨ ਨੇ ਆਪਣੇ ਹੱਥ ਦਾ ਇੱਕ ਅੰਗੂਠਾ, ਹਾਲੀਂ ਪਹਿਲਾਂ ਵਾਲੀ ਹਾਲਤ ਵਿਚ ਰੱਖਿਆ ਹੋਇਆ ਸੀ। ਉਹ ਪਾਣੀ ਵਿਚ ਡੋਬ ਦਿੱਤਾ, ਅੱਖ ਦੇ ਫੋਰ ਵਿਚ ਤੰਦਰੁਸਤ ਹੋ ਗਿਆ। ਰਜਨੀ ਤੇ ਨੌਜਵਾਨ ਨੇ, ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਅਸ਼ੀਰਵਾਰ ਲੈ ਕੇ ਚਲੇ ਗਏ, ਸੁਖੀ ਜੀਵਨ ਬਤੀਤ ਕਰਨ ਲੱਗੇ। ਗੁਰੂ ਰਾਮਦਾਸ ਜੀ ਨੇ ਉਸੇ ਥਾਂ ਤੇ ਸਰੋਵਰ ਬਣਵਾਇਆ। ਕੋਹੜੇ ਠੀਕ ਹੋਣ ਦਾ ਵਰਦਾਨ ਦਿੱਤਾ। ਤਦੋਂ ਤੋਂ ਸਾਧ ਸੰਗਤ ਜੀ, ਇਥੇ ਅਨੇਕਾਂ ਲੋਕਾਂ ਦੇ ਰੋਗ ਕੱਟੇ ਜਾ ਰਹੇ ਹਨ। ਕਿਉਂਕਿ ਮਹਾਰਾਜ ਜੀ ਨੇ, ਗੁਰਬਾਣੀ ਵਿਚ ਲਿਖਿਆ ਹੋਇਆ ਹੈ, ਗਲਤ ਕਿਵੇਂ ਹੋ ਸਕਦਾ ਹੈ। "ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ" ਇਸ ਗੁਰੂ ਪੰਕਤੀ ਨੂੰ ਸੁਣ ਕੇ ਹਰ ਸਿੱਖ ਦੀ ਜ਼ੁਬਾਨ ਰੁਕ ਜਾਂਦੀ ਹੈ। ਆਪਣੇ ਸਤਿਗੁਰੂ ਜੀ ਨੂੰ ਗਲਤ ਕਿਵੇਂ ਆਖੇ? ਦਾਸ ਲੰਮੇ ਸਮੇਂ ਤੱਕ ਇਸ ਦੁਬਿਧਾ ਅਤੇ ਪ੍ਰੇਸ਼ਾਨੀ ਵਿਚ ਭਟਕਦਾ ਰਿਹਾ। ਸਤਿਗੁਰੂ ਜੀ ਨੇ ਆਪ ਹੀ ਰਹਿਮਤ ਕਰ ਕੇ, ਗੁਰਬਾਣੀ ਨੂੰ ਅਰਥਾਂ ਸਮੇਤ ਪੜ੍ਹਨ ਲਈ ਪ੍ਰੇਰਿਆ। "ਕਾਂ, ਕਉਆ ਵਾਲੇ, ਅਤੇ ਸਰੋਵਰ ਵਾਲੇ" ਸ਼ਬਦ ਨੋਟ ਕਰਦਾ ਗਿਆ। ਸਾਰੇ ਸ਼ੰਕਿਆਂ ਦਾ ਸਰਬ ਨਾਸ਼ ਹੋ ਗਿਆ। ਇੱਕ ਇੱਕ ਸਵਾਲ ਦਾ ਜੁਆਬ ਮਿਲ ਗਿਆ। ਆਓ ਅੱਗੇ ਲੜੀ ਨੂੰ ਚਲਦੀ ਰੱਖੀਏ-

1. ਪਹਿਲੀ ਗੱਲ ਤਾਂ ਇਹ ਕਿ ਅੰਮ੍ਰਿਤਸਰ ਸਰੋਵਰ, ਸਤਿਗੁਰੂ ਜੀ ਕਾਰਨ ਸਤਿਕਾਰ ਦਾ ਪਾਤਰ ਬਣਿਆ ਹੈ ਜਾਂ ਕਿ ਰਾਮ ਚੰਦਰ ਸੀਤਾ ਕਾਰਨ? ਜਾਂ ਗੁਰਬਿਲਾਸ ਪਾ: ਛੇਵੀਂ ਪੁਸਤਕ ਮੁਤਾਬਕ ਵਿਸ਼ਨੂੰ ਕਾਰਨ? ਕਿਉਂਕਿ ਹਰੀ ਨਾਮ ਵਿਸ਼ਨੂੰ ਦਾ ਹੈ, ਇਸ ਤਰ੍ਹਾਂ ਇਹ ਵਿਸ਼ਨੂੰ ਮੰਦਰ ਹੈ, ਸਾਵਧਾਨ, ਹੋਸ਼ਿਆਰ। ਫਿਰ ਮਹਾਨਤਾ ਇੱਥੇ ਪਵਿੱਤਰ ਬਾਣੀ ਦੀ ਹੈ ਜਾਂ ਸਰੋਵਰ ਦੀ? ਫਿਰ ਪ੍ਰਬੰਧਕਾਂ ਪੁਜਾਰੀਆਂ ਪੈਂਤੜਾ ਬਦਲ ਲਿਆ। ਨਹੀਂ ਜੀ ਸੋਭਾ ਤਾਂ ਗੁਰਬਾਣੀ ਦੀ ਹੀ ਹੈ, ਪਰ ਦੇਖੋ ਨਾਂ ਲਗਾਤਾਰ ਬਾਣੀ ਦਾ ਕੀਰਤਨ ਹੋਣ ਕਰ ਕੇ, ਸਰੋਵਰ ਮਹਾਨ ਹੋ ਗਿਆ। ਫਿਰ ਗੁਰਬਾਣੀ ਦਾ ਕੀਰਤਨ ਪਾਠ ਕਥਾ ਤਾਂ ਹੋਰ ਭੀ ਅਨੇਕ ਥਾਈਂ ਹੋ ਰਿਹਾ ਹੈ, ਉਥੋਂ ਦੇ ਛੱਪੜ ਕਿਉਂ ਪਵਿੱਤਰ ਨਹੀਂ ਬਣੇ? ਇਸ ਨੂੰ ਜੀ ਸਤਿਗੁਰੂ ਜੀ ਦਾ ਵਰਦਾਨ ਜੁ ਮਿਲਿਆ ਹੋਇਆ ਹੈ। ਅਜਿਹੀਆਂ ਹਜ਼ਾਰ ਯੱਬਲੀਆਂ ਪੁਜਾਰੀਆਂ ਕੋਲੋਂ ਸੁਣਨ ਨੂੰ ਮਿਲਦੀਆਂ ਹਨ। ਦਲੀਲ 'ਤੇ ਖਰਾ ਉਤਰਨ ਵਾਲਾ ਇੱਕ ਭੀ ਜਵਾਬ ਨਹੀਂ ਮਿਲਦਾ।

ਰਾਵੀ ਦਰਿਆ ਦਾ ਪਾਣੀ, ਖਾਲ (ਹੰਸਲੀ) ਬਣਾ ਕੇ, ਗੁਰੂ ਘਰ ਦੇ ਪ੍ਰੇਮੀ, ਸੰਤੋਖ ਦਾਸ ਤੇ ਪ੍ਰੀਤਮ ਦਾਸ ਨੇ ਸਰੋਵਰ ਤੱਕ ਪੁੱਜਦਾ ਕੀਤਾ ਸੀ। ਪੁਰਾਤਨ ਸਮਿਆਂ ਵਿਚ ਨਹਿਰਾਂ ਨਾਂ ਮਾਤਰ ਹੀ ਸਨ। ਵਾਟਰ ਵਰਕਸ (ਟੂਟੀਆਂ) ਦਾ ਸਵਾਲ ਹੀ ਨਹੀਂ ਸੀ। ਨਲਕੇ ਜਾਂ ਬੋਰ ਲਾਉਣੇ ਹਾਲੇ ਸੋਚੇ ਭੀ ਨਹੀਂ ਗਏ ਸਨ। ਇੱਕੋ ਇੱਕ ਸੌਖਾ ਸਾਧਨ ਸੀ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਦਾ, ਬਰਸਾਤ ਦਾ ਪਾਣੀ ਨੀਵੇਂ ਥਾਂ (ਛੱਪੜ ਸਰੋਵਰ)

ਇਕੱਠਾ ਕਰਕੇ ਰੱਖ ਲਿਆ ਜਾਵੇ। ਇਸ਼ਨਾਨ, ਪੀਣ, ਕਪੜੇ ਧੋਣ ਤੇ ਪਸ਼ੂਆਂ ਲਈ ਇੱਥੋਂ ਹੀ ਪਾਣੀ ਵਰਤਿਆ ਜਾਂਦਾ ਸੀ। ਅਜੇ ਤੱਕ ਭਾਰਤ ਦੇ ਕਈ ਮਾਰੂਥਲੀ ਇਲਾਕਿਆਂ ਵਿਚ, ਇਸੇ ਤਰ੍ਹਾਂ ਕੀਤਾ ਜਾਂਦਾ ਹੈ। ਕੁਝ ਹੱਦ ਤੱਕ ਜਾਤਪਾਤ ਨੂੰ ਠੱਲ ਪਾਉਣ ਵਾਸਤੇ, ਸਰੋਵਰਾਂ ਕੰਮ ਕੀਤਾ। ਖੂਹ ਦੂਜੀ ਤਰਜੀਹ ਸੀ, ਕਿਉਂਕਿ ਇੱਟਾਂ ਪਕਾਉਣੀਆਂ, ਲੋਹੇ ਦੀਆਂ ਟਿੰਡਾਂ ਅਤੇ ਖੂਹ ਗੇੜਨ ਵਾਲੀਆਂ ਗਰਾਰੀਆਂ ਬਣਾਉਣੀਆਂ, ਬਹੁਤ ਔਖਾ ਸੀ। ਅੱਜ ਭੀ ਵੇਖਿਆ ਜਾ ਸਕਦਾ ਹੈ, ਦਰਬਾਰ ਸਾਹਿਬ ਦੀਆਂ ਪਰਕਰਮਾਂ ਵਾਲਾ ਹਿੱਸਾ, ਬਾਕੀ ਸਥਾਨ ਨਾਲੋਂ ਨੀਵਾਂ ਹੈ। ਇਹ ਨਿਰਵਾਣਤਾ ਦਾ ਪ੍ਰਤੀਕ ਨਹੀਂ ਹੈ, ਸਗੋਂ ਨੀਵੇਂ ਥਾਂ ਪਾਣੀ ਇੱਕਠਾ ਕਰਨ ਲਈ ਸੀ। ਕੇਸਗੜ੍ਹ (ਅਨੰਦਪੁਰ) ਬਹੁਤ ਉੱਚੀ ਪਹਾੜੀ ਤੇ ਬਣਿਆ ਹੋਇਆ ਹੈ, ਫਿਰ ਉਸਨੂੰ ਕੀ ਹੰਕਾਰ ਵਿਚ ਆਫਰਿਆ ਮੰਨਿਆ ਜਾਵੇਗਾ? ਦਮਦਮਾ (ਤਲਵੰਡੀ ਸਾਬੋ) ਉੱਚੇ ਥਾਂ ਗੁਰਦਵਾਰਾ ਸੁਭਾਇਮਾਨ ਹੈ। ਫਤਿਹਗੜ੍ਹ ਸਾਹਿਬ, ਦੁੱਖ ਨਿਵਾਰਨ, ਪਟਿਆਲਾ, ਸ਼ੀਸ਼ ਗੰਜ ਬੰਗਲਾ ਸਾਹਿਬ ਤੇ ਰਕਾਬ ਗੰਜ, ਦਿੱਲੀ ਸਾਰੇ ਗੁਰਦਵਾਰੇ ਉੱਚੀਆਂ ਥਾਵਾਂ ਤੇ ਬਣੇ ਹੋਏ ਹਨ, ਕੀ ਇਹ ਸਾਰੇ ਗਲਤ ਬਣ ਗਏ? ਫਿਰ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਨਿਮਰਤਾ ਨੂੰ ਕਿਵੇਂ ਠੀਕ ਸਿੱਧ ਕੀਤਾ ਜਾ ਸਕੇਗਾ। ਕੀ ਇਸ ਨਿਮਰਤਾ ਦੇ ਪ੍ਰਤੀਕ ਅਸਥਾਨ ਵਿਚ ਕਾਬਜ਼ ਲੋਕ ਨਿਮਰਤਾ ਨਾਲ ਭਰਪੂਰ ਹਨ? ਇਸ ਅਸਥਾਨ ਦੇ ਨਜ਼ਦੀਕ ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਸਾਲ ਵਿਚ ਦੋ ਵਾਰੀ ਕੱਠਪੁਤਲੀਆਂ ਦਾ ਘਿਨਾਉਣਾ ਤਮਾਸ਼ਾ ਹੁੰਦਾ ਹੈ। ਇੱਕ ਕਮੇਟੀ ਦੇ ਪ੍ਰਧਾਨ ਦੀ ''ਲਿਫਾਫੇ ਵਾਲੀ ਚੋਣ। ਕਮੇਟੀ ਮੈਂਬਰ ਪਹਿਲਾਂ ਹੀ ਸਾਰੇ ਅਧਿਕਾਰ ਅਕਾਲੀ ਦਲ ਦੇ ਪ੍ਰਧਾਨ ਨੂੰ ਸੌਂਪ ਕੇ, ਚਰਨਾਂ ਤੇ ਸ਼ੀਸ਼ ਝੁਕਾ ਕੇ, ਵਫਾਦਾਰੀ ਦਾ ਅਕੱਟ ਸਬੂਤ ਪੇਸ਼ ਕਰ ਦਿੰਦੇ ਹਨ।'' ਹਾਕਮ ਧੜਾ ਅਲੋਚਨਾ ਸੁਨਣ ਦਾ ਆਦੀ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦਰਬਾਰ ਸਾਹਿਬ ਦੇ ਐਨ ਨੇੜੇ, ''ਕਾਗਹੁ ਹੰਸ ਕਰੇ'' ਵਾਲੇ ਸਰੋਵਰ ਦੇ ਸਮੀਪ ਇਹ ਮਾਨਯੋਗ ਪੰਜਾਂ ''ਸਿੰਘ ਸਾਹਿਬਾਨ'' ਦੇ ਸਨਮੁੱਖ, ਇੱਕ ਦੂਜੇ ਦੀਆਂ ਪੱਗਾਂ ਲਾਹੁੰਦੇ, ਦਾੜ੍ਹੀਆਂ ਕੇਸ ਪੁੱਟਦੇ, ਧੀ-ਭੈਣ ਪੁਣਦੇ, ਸਾਲ ਵਿਚ ਦੋ ਵਾਰੀ ਵੇਖੇ ਜਾ ਸਕਦੇ ਹਨ। ਨਵੰਬਰ ਵਿਚ ਪ੍ਰਧਾਨਗੀ ਤੇ ਮਾਰਚ ਵਿਚ ਬੱਜਟ ਇਕੱਠ। ਇਹਨਾਂ ਦੀ ਬਿਰਤੀ ਹੰਸ ਨਹੀਂ ਬਣੀ ਇਹਨਾਂ ਦੇ ਮਨ ਦਾ ਕੋਹੜ ਨਹੀਂ ਹਟਿਆ। ਇਹ ਅੱਜ ਕੱਲ੍ਹ ਕਾਂ ਨਹੀਂ ਰਹੇ, ਵਿਚਾਰਾ ਕਾਂ ਬੜਾ ਡਰਪੋਕ ਹੁੰਦਾ ਹੈ। ਇਹ ਲੋਕ ''ਹੱਕ ਪਰਾਇਆ'' (ਗੁਰੂ ਕੀ ਗੋਲਕ) ਖਾ -ਖਾ ਕੇ, ਨਿਰੀਆਂ ਹਾਬੜੀਆਂ ਹੋਈਆਂ ਗਿਰਝਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਸਰੋਵਰ ਦੇ ਇਸ਼ਨਾਨ ਨੇ, ਇਹਨਾਂ ਦਾ ਰਾਈ ਮਾਤਰ ਕੁਝ ਨਹੀਂ ਸੰਵਾਰਿਆ।

ਭਾਰਤ ਭਰ ਵਿਚ ਅੰਦਾਜ਼ਨ ਪੰਦਰਾਂ ਲੱਖ ਦੀਰਘ (ਕੋਹੜ) ਰੋਗ ਵਾਲੇ ਪ੍ਰਾਣੀ ਮੌਜੂਦ ਹਨ। ਰੇਡੀਓ, ਟੀ.ਵੀ. ਤੇ ਅਖਬਾਰਾਂ ਰਾਹੀਂ, ਉਹਨਾਂ ਤੱਕ ਖਬਰ ਕਿਉਂ ਨਹੀਂ ਪੁਚਾਈ ਜਾਂਦੀ ਕਿ ਆਓ ਵੀਰੋ, ਭੈਣੋ ਇਸ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰੋ, ਤੁਹਾਡਾ ਰੋਗ ਹਟ ਜਾਣ ਦੀ ਪੱਕੀ ਗਰੰਟੀ ਹੈ। ਖਬਰ ਕੰਨੀਂ ਪੈਂਦਿਆਂ ਹੀ ਇਹ ਲੋਕ ਧਾਈ ਕਰਦੇ ਹੋਏ, ਅੰਮ੍ਰਿਤਸਰ ਪੁੱਜਣਗੇ। ਪੂਰੀ ਸ਼ਰਧਾ ਨਾਲ ਇਸ਼ਨਾਨ ਕਰਨਗੇ। ਤੰਦਰੁਸਤ ਹੋ ਜਾਣ ਦੀ ਸੂਰਤ ਵਿਚ, ਸਦਾ ਲਈ ਗੁਰੂ ਚਰਨਾਂ ਦੇ ਭੌਰੇ ਬਣ ਜਾਣਗੇ। ਸਿੱਖ ਪੰਥ ਦਾ ਨਰੋਆ ਅੰਗ ਬਣ ਜਾਣਗੇ। ਸੰਸਾਰ ਦੇ ਲੋਕਾਂ ਨੂੰ ਕੂਕ -ਕੂਕ ਕੇ ਦੱਸਣਗੇ, ਅਸੀਂ ਇਸ ਕਰਾਮਾਤੀ ਸਰੋਵਰ ਵਿਚ ਇਸ਼ਨਾਨ ਕਰ ਕੇ ਨੌਂ-ਬਰ- ਨੌਂ ਹੋ ਗਏ ਹਾਂ, ਬੜਾ ਮਹਾਨ ਹੈ ਇਹ ਗੁਰੂ ਦਰ। ਆਉ ਤੁਸੀਂ ਵੀ ਇਥੋਂ ਖੁਸ਼ੀਆਂ ਦੀਆਂ ਝੋਲੀਆਂ ਭਰ ਲੈ ਜਾਓ।'' ਅਗਲੀ ਮਜ਼ੇਦਾਰ ਗੱਲ ਇਹ ਕਿ ਸ਼ੋਮਣੀ ਕਮੇਟੀ ਵਾਲਿਆਂ, ਚੌਥੇ ਪਾਤਿਸ਼ਾਹ ਜੀ ਦੇ ਨਾਮ ਤੇ ''ਗੁਰੂ ਰਾਮ ਦਾਸ ਹਸਪਤਾਲ ਤੇ ਕਾਲਜ'' ਅੰਮ੍ਰਿਤਸਰ ਵਿਚ ਹੀ ਕਈ ਸਾਲਾਂ ਤੋਂ ਚਲਾਇਆ ਹੋਇਆ ਹੈ। ਜੇ ਕੋਹੜ ਵਰਗੇ ਮਾਰੂ ਰੋਗ ਸਰੋਵਰ ਇਸ਼ਨਾਨ ਨਾਲ ਰਫਾ ਹੋ ਸਕਦੇ ਹਨ ਤਾਂ ਬਾਕੀ ਰੋਗ ਕਿਹੜੇ ਬਾਗ ਦੀ ਮੂਲੀ ਹਨ? ਹਸਪਤਾਲਾਂ ਤੇ ਕਰੋੜਾਂ ਰੁਪਿਆ ਕਿਉਂ 'ਬਰਬਾਦ' ਕੀਤਾ ਜਾ ਰਿਹਾ ਹੈ। ਇਹੀ ਪ੍ਰਚਾਰ ਢੋਲ ਵਜਾ ਕੇ ਕਿਉਂ ਨਹੀਂ ਕਰ ਦਿੱਤਾ ਜਾਂਦਾ ਕਿ ''ਸਰਬ ਰੋਗ ਕਾ ਅਉਖਦ, ਸ੍ਰੋਵਰ ਇਸ਼ਨਾਨ''। ਇਸ ਹਿਸਾਬ ਤਾਂ ਸਾਰੇ ਹਸਪਤਾਲ ਬੰਦ ਹੋ ਜਾਣਗੇ, ਡਾਕਟਰ ਵਿਚਾਰੇ ਬੇਰੁਜ਼ਗਾਰ....? ਇਥੇ ਅੰਮ੍ਰਿਤਸਰ ਵਿਚ ਹੀ ਭਗਤ ਪੂਰਨ ਸਿੰਘ ਵੱਲੋਂ ਸ਼ੁਰੂ ਕੀਤਾ 60 ਸਾਲ ਤੋਂ ਪਿੰਗਲਵਾੜਾ ਕਾਇਮ ਹੈ। ਉਨ੍ਹਾਂ ਨੂੰ ਇਸ਼ਨਾਨ ਕਰਵਾ ਕੇ ਤੰਦਰੁਸਤ ਕਿਉਂ ਨਹੀਂ ਕਰਦੇ?

ਫਿਰ ਇੱਕ ਘਿਸੀ ਪਿਟੀ ਬੋਦੀ ਜਿਹੀ ਗੱਲ ਆਖਣਗੇ, ਇਥੋਂ ਦੇ ਅੰਨ੍ਹੇ ਪ੍ਰਬੰਧਕ। ਪਹਿਲੇ ਸਮੇਂ ਵਿਚ ਕੋਹੜੀ ਦਾ ਕੋਹੜ ਹਟ ਗਿਆ ਸੀ। ਅੱਜ ਕੱਲ ਤਾਂ ਕਦੇ ਕਦਾਈਂ ਕੋਈ ''ਚਮਤਕਾਰ'' ਵਾਪਰ ਜਾਂਦਾ ਹੈ। ਪਰ ਨਹੀਂ ਇਸ ਦਾ ਮਤਲਬ ਅੱਜ ਕੱਲ੍ਹ ਸਰੋਵਰ ਦੀ ਤਾਕਤ ਘਟ ਗਈ ਹੈ? ਫਿਰ ਕੁਫਰ ਤੋਲਣਗੇ, ''ਉਹਨਾਂ ਵਕਤਾਂ ਵਿਚ ਕਾਲੇ ਕਾਂ ਚਿੱਟੇ ਹੋ ਗਏ ਸਨ, ਕੁਝ ਕੁ ਹੰਸ ਭੀ ਬਣ ਗਏ ਸਨ, ਪਰ ਹੁਣ ਨਹੀਂ ਬਨਦੇ, ਜ਼ਮਾਨਾ ਜੋ ਬੁਰਾ ਆ ਗਿਆ ਹੈ।'' ਕਿਰਪਾ ਕਰਕੇ ਦੱਸੋ ਉਹਨਾਂ ਚਿੱਟੇ ਕਾਂਵਾਂ ਦੀ ਉਲਾਦ ਚਿੱਟੀ ਹੀ ਜੰਮੀ ਸੀ ਕਿ ਕਾਲੀ? ਜੇ ਬੱਚੇ ਕਾਲੇ ਜੰਮੇ ਤਾਂ ਕਿਉਂ? ਜੇ ਚਿੱਟੇ ਹੀ ਜੰਮਦੇ ਸਨ, ਤਦ ਅੱਜ ਕੱਲ੍ਹ ਉਹਨਾਂ ਚਿੱਟੇ ਕਾਂਵਾਂ ਦੇ ਦਰਸ਼ਨ ਕਿਉਂ ਨਸੀਬ ਨਹੀਂ ਹੁੰਦੇ? ਹੰਸ ਦੀ ਕੋਈ ਨਸਲ ਅੱਜ ਤੱਕ ਕਿਧਰੇ ਵੇਖਣ ਵਿਚ ਨਹੀਂ ਆਈ। ਹਾਂ ਵੱਡੀ ਸਫੇਦ ਬੱਤਖ ਨੂੰ ਹੰਸ (ਸਵੈਨ) ਮੰਨ ਲਿਆ ਜਾਵੇ ਤਾਂ ਕੋਈ ਅਫਸੋਸ ਨਹੀਂ। ਪਰ ਇਹ ਪੱਕੀ ਬਾਤ ਹੈ ਕਿ ਹੰਸ ਨੁਮਾ ਬੱਤਖ, ਕਾਂ ਦੇ ਸਰੋਵਰ ਇਸ਼ਨਾਨ ਤੋਂ ਪ੍ਰਗਟ ਨਹੀਂ ਹੋਈ। ਉਨ੍ਹਾਂ ਦੀ ਅੱਜ ਵੀ ਆਪਣੀ ਇੱਕ ਅਲੱਗ ਨਸਲ ਹੈ। ਇਸ ਸਰੋਵਰ ਦੇ ਪਾਣੀ ਨੂੰ ਸ਼ਰਧਾ ਵੱਸ, ਅੰਮ੍ਰਿਤ ਆਖ ਲਿਆ ਜਾਂਦਾ ਹੈ। ਕੀ ਅੰਮ੍ਰਿਤ ਨਾਮ ਕਰਨ ਨਾਲ ਪਾਣੀ ਅੰਮ੍ਰਿਤ ਬਣ ਜਾਂਦਾ ਹੈ? ਸਾਰੇ ਸ਼ਹਿਰ ਦਾ ਨਾਮ ਭੀ ਤਾਂ ਅੰਮ੍ਰਿਤਸਰ ਹੀ ਹੈ, ਕੀ ਸ਼ਹਿਰ ਵਿਚੋਂ ਬੁਰਾਈਆਂ ਦਾ ਭੋਗ ਪੈ ਪਿਆ? ਆਮ ਸ਼ਹਿਰਾਂ ਵਾਂਗ ਹੀ ਚੋਰੀਆਂ, ਠੱਗੀਆਂ, ਕਤਲ, ਰਿਸ਼ਵਤਾਂ, ਬਲਾਤਕਾਰ ਨਸ਼ੇ.......। ਕੀ ਹੈ ਇਥੇ ਜੋ ਵੱਖਰਾ ਹੈ? ਦਰਬਾਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਸਾਰ, ਅੱਗੇ ਟੁਰਨਾ ਪੈਂਦਾ ਹੈ, ਕਿਉਂਕਿ ਸੰਗਤ ਵਿਚ ਬੈਠ ਕੇ ਕੀਰਤਨ ਸੁਨਣ ਲਈ ਜਗ੍ਹਾ ਬੜੀ ਸੀਮਤ ਹੈ। ਪਿਛਲੇ ਪਾਸੇ ਜਾਈਏ ਤਾਂ ਇੱਥੇ ਫੱਟੀ ਤੇ ਲਿਖਿਆ ਮਿਲੇਗਾ, ''ਅੰਮ੍ਰਿਤ ਦਾ ਚੂਲਾ ਪਿੱਛੇ ਹਟ ਕੇ ਲਵੋ ਜੀ।'' ਪੁੱਛਣ ਤੇ ਸੇਵਾਦਾਰ ਨੇ ਇਰਸ਼ਾਦ ਫੁਰਮਾਇਆ, ''ਮੂੰਹ ਵਿਚੋਂ ਜੂਠਾ ਹੋ ਚੁਕਿਆ ਅੰਮ੍ਰਿਤ ਵਾਪਸ ਨਾ ਡਿੱਗੇ, ਵਰਨਾ ਸਰੋਵਰ ਦੇ ਅੰਮ੍ਰਿਤ ਨੂੰ ਜੂਠਾ ਕਰ ਦੇਵੇਗਾ।'' ਪੁੱਛਿਆ ਗਿਆ ਪਈ ਔਹ ਸਾਹਮਣੇ ਇਸੇ ਸਰੋਵਰ ਵਿਚ ਜੋ ਸੈਂਕੜੇ ਲੋਕ ਨਹਾ ਰਹੇ ਹਨ, ਉਹ ਆਪਣੇ ਜੂਠੇ ਮੂੰਹ, ਬਾਹਰ ਜਮ੍ਹਾਂ ਕਰਵਾ ਆਏ ਹਨ? ਉਹ ਤਾਂ ਆਪਣੇ ਪੈਰ ਭੀ ਵਿਚ ਡੋਬ ਰਹੇ ਹਨ। ਹੋਰ ਤਾਂ ਹੋਰ ਜੱਥੇਦਾਰ ਜੀ! ਆਪਣੀ ''ਹੱਗਣੀ ਮੂਤਣੀ'' ਭੀ ਕਮਲੇ ਲੋਕ ਅੰਮ੍ਰਿਤ ਵਿਚ ਡੋਬ ਰਹੇ ਹਨ, ਇਹ ਅੰਮ੍ਰਿਤ ਤਦੋਂ ਭਰਿਸ਼ਟ ਪਲੀਤ ਨਹੀਂ ਹੋ ਜਾਂਦਾ?

ਗੁਰੂ ਫੁਰਮਾਨ ਹੈ-

ਅੰਧੇ ਅਕਲੀ ਬਾਹਰੇ, ਮੂਰਖ ਅੰਧੁ ਗਿਆਨੁ<br>
ਨਾਨਕ ਨਦਰੀ ਬਾਹਰੇ, ਕਬਹਿ ਨ ਪਾਵਹਿ ਮਾਨੁ

(790)

ਉਏ ਭਲਿਓ ਪੁਰਖੋ! ਜੋ ਦਿਮਾਗ ਵਾਹਿਗੁਰੂ ਜੀ ਨੇ ਬਖਸ਼ਿਆ ਹੈ, ਉਸ ਦੀ ਕਦੀ ਯੋਗ ਵਰਤੋਂ ਭੀ ਕਰੋਗੇ ਕਿ ਕੋਰਾ (ਅਣ ਵਰਤਿਆ) ਹੀ ਵਾਪਸ ਭੇਜ ਦਿਓਗੇ? ਰਾਵੀ ਦਰਿਆ ਬਾਕੀ ਆਮ ਦਰਿਆਵਾਂ ਵਾਂਗ, ਪਹਾੜਾਂ ਵਿਚੋਂ ਨਿੱਕਲ ਕੇ, ਪਠਾਣਕੋਟ ਤੋਂ ਉਪਰਲੇ ਪਾਸੇ, ਖੁਲ੍ਹੇ ਮੈਦਾਨੀ ਇਲਾਕੇ ਵਿਚ ਆ ਉਤਰਦਾ ਹੈ। ਪਿੱਛੇ ਪਹਾੜਾਂ ਵਿਚ ਤਾਂ ਜਨ ਜੀਵਨ ਨਾਂਹ ਦੇ ਬਰਾਬਰ ਹੈ, ਕੱਚੀ ਮਿੱਟੀ ਭੀ ਨਹੀਂ ਹੈ, ਇਸ ਲਈ ਪਾਣੀ ਸਵੱਛ ਰਹਿੰਦਾ ਹੈ। ਇਸ ਤੋਂ ਅੱਗੇ ਜੀਵਨ ਪਰਵਾਹ ਬਹੁਤਾ, ਪਸ਼ੂ ਪੰਛੀ, ਆਪਣੀਆਂ ਲੋੜਾਂ ਪੂਰੀਆਂ ਕਰਦੇ ਹਨ। ਦਰਿਆ ਦੇ ਨੇੜੇ ਵਸੇ ਸ਼ਹਿਰਾਂ, ਨਗਰਾਂ ਕਸਬਿਆਂ ਦਾ ਸਾਰਾ ਗੰਦਾ ਪਾਣੀ, ਮਲ -ਮੂਤਰ, ਨਾਲੀਆਂ ਦੁਆਰਾ ਦਰਿਆਵਾਂ ਵਿਚ ਪੈਂਦਾ ਕਰ ਦਿੱਤਾ ਜਾਂਦਾ ਹੈ। ਨੇੜੇ ਲੱਗੀਆਂ ਫੈਕਟਰੀਆਂ ਦਾ ਮਲਬਾ ਤੇ ਦੂਸ਼ਿਤ ਪਾਣੀ ਭੀ, ਦਰਿਆਵਾਂ ਵਿਚ ਵਹਾ ਦਿੱਤਾ ਜਾਂਦਾ ਹੈ। ਕਿਨਾਰਿਆਂ ਤੇ ਪਸ਼ੂ ਚਰਦੇ ਹਨ, ਮੱਝਾਂ ਗਾਵਾਂ ਚੁੱਭੀਆਂ ਲਾਉਂਦੀਆਂ ਹਨ। ਬਹੁਤ ਸਾਰੇ ਪਸ਼ੂ ਤੇ ਮਨੁੱਖ ਮਰਨ ਤੇ ਵਿਚ ਰੋਹੜ ਦਿੱਤੇ ਜਾਂਦੇ ਹਨ। ਪਾਣੀ ਅੰਦਰਲੇ ਜੀਵ ਡੱਡ, ਮੱਛ, ਕੱਛੂਕੁਮੇ, ਮਗਰਮੱਛ ਆਦਿ ਅਣਗਿਣਤ ਛੋਟੇ -ਵੱਡੇ ਜੀਵ, ਦਰਿਆਵਾਂ ਵਿਚ ਹੀ ਜਨਮ ਲੈਂਦੇ ਹਨ, ਜੀਵਨ ਕਿਰਿਆਵਾਂ ਕਰਦੇ ਹਨ, ਵਿਚੇ ਮਰ ਜਾਂਦੇ ਹਨ। ਬਰਸਾਤ ਵਿਚ ਉੱਚੀਆਂ ਥਾਵਾਂ ਦਾ ਸਾਰਾ ਗੰਦ, ਕੂੜਾ, ਕਚਰਾ ਪਾਣੀ ਨਾਲ ਰੁੜ੍ਹ ਕੇ ਦਰਿਆ ਵਿਚ ਆ ਪੈਂਦਾ ਹੈ। ਇਸ ਦਰਿਆਈ ਪਾਣੀ ਵਿਚੋਂ ਦਰਬਾਰ ਸਾਹਿਬ ਲਈ ਪਾਣੀ ਪ੍ਰਾਪਤ ਕੀਤਾ ਜਾਂਦਾ ਹੈ। ਜ਼ਰਾ ਠੰਢੇ ਦਿਮਾਗ ਫਿਰ ਸਾਰਾ ਨਕਸ਼ਾ ਅੱਖਾਂ ਅੱਗੇ ਲਿਆਉ ਕਿ ਇਹ ਪਾਣੀ ਕਿਨ੍ਹਾਂ ਰਾਹਾਂ, ਕਿਨ੍ਹਾਂ ਹਾਲਾਤਾਂ ਰਾਹੀਂ ਅੰਮ੍ਰਿਤਸਰ ਪਹੁੰਚਿਆ ਹੈ। ਫਿਰ ਇਥੇ ਪੁੱਜਦਿਆਂ ਹੀ ਇਹ ''ਅੰਮ੍ਰਿਤ'' ਕਿਵੇਂ ਬਣ ਗਿਆ? ਅੰਮ੍ਰਿਤ ਦਾ ਅੱਖਰੀ ਅਰਥ ਹੈ, ''ਜਿਸ ਜਲ ਦੇ ਪੀਣ ਨਾਲ ਮੌਤ ਨਾ ਆਵੇ''। ਇਥੋਂ ਲੱਖਾਂ ਲੋਕਾਂ ਪਾਣੀ ਪੀਤਾ ਹੈ, ਕੀ ਉਹ ਅਮਰ ਹੋ ਗਏ? ਜੀ ਨਹੀਂ ਉਹ ਸਾਰੇ ਭੀ ਮੌਤ ਦਾ ਗ੍ਰਾਸ ਬਣੇ ਹਨ। ਅੱਜ ਦੇ ਲੋਟੂ ਪੁਜਾਰੀ ਭੀ ਅਮਰ ਨਹੀਂ ਹਨ, ਕਿਸੇ ਵੇਲੇ ਭੀ ਫੂਕ ਨਿਕਲ ਸਕਦੀ ਹੈ। ਪਿੱਛੇ ਇਤਿਹਾਸ ਵੱਲ ਝਾਤੀ ਮਾਰ ਲਓ। ਸਰੋਵਰ ਦੀ ਗੱਲ ਛੱਡੋ, ਖੰਡੇ ਕੀ ਪਾਹੁਲ ਲੈਣ ਵਾਲੇ ਭੀ ਸਰੀਰ ਕਰ ਕੇ ਅਮਰ ਨਹੀਂ ਹੋਏ। ਪਾਵਨ ਗੁਰਬਾਣੀ ਪੜ੍ਹਨ ਵਿਚਾਰਨ ਵਾਲੇ ਭੀ, ਸਦੀਵ ਨਹੀਂ ਜੀਵੇ। ਜਿਨ੍ਹਾਂ ਸਤਿਕਾਰ ਯੋਗ ਸਤਿਪੁਰਖਾਂ ਨੇ ਪਾਵਨ ਗੁਰਬਾਣੀ ਉਚਾਰਣ ਕੀਤੀ ਸੀ, ਸਰੀਰ ਕਰ ਕੇ ਉਹ ਭੀ ਵਿਦਾ ਹੋ ਗਏ। ਉਹਨਾਂ ਖੁਦ ਹੀ ਸਵੀਕਾਰ ਕੀਤਾ ਹੈ ਬਾਣੀ ਵਿਚ ਕਿ ਭਾਈ ਸਰੀਰ ਸਦਾ ਨਹੀਂ ਰਹੇਗਾ -

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ<br>
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ

(1365)

ਜਦੋਂ ਇਸ ਸੱਚਾਈ ਨੂੰ ਕਿਸੇ ਛਲ ਫਰੇਬ ਨਾਲ ਝੁਠਲਾਇਆ ਹੀ ਨਹੀਂ ਜਾ ਸਕਦਾ, ਕਿ ਸਰੀਰ ਨੇ ਸਦਾ ਥਿਰ ਨਹੀਂ ਰਹਿਣਾ, ਜੋ ਜਨਮਿਆ ਹੈ ਉਸ ਸਰਪਰ ਹੀ ਮਰਣਾ ਹੈ। ਫਿਰ ਰਾਵੀ ਦਰਿਆ ਦਾ ਸਾਧਾਰਣ ਪਾਣੀ, ਬਾ-ਰਾਸਤਾ ਦਰਬਾਰ ਸਾਹਿਬ ਹੋ ਕੇ ਤੀਓ ਕਾਲ ਅੰਮ੍ਰਿਤ ਨਹੀਂ ਬਣ ਜਾਂਦਾ। ਇਸ ਵੱਡੇ ''ਅੰਮ੍ਰਿਤ ਕੁੰਡ'' ਦੀ ਰੀਸ ਕਰਦਿਆਂ ਬਾਣੀ ਦਾ ਪਾਠ ਕਰਨ ਵੇਲੇ, ਨੇੜੇ ਕੈਨੀ, ਘੜਾ, ਲੋਟਾ, ਬੋਤਲਾਂ ਆਦਿਕ ਪਾਣੀ ਪਾ ਕੇ ਟਿਕਾ ਦਿੱਤੀਆਂ ਜਾਂਦੀਆਂ ਹਨ। ਨਾਲ ਹੀ ਇੱਕ ਸ੍ਰੀਫਲ (ਨਾਰੀਅਲ) ਸ੍ਰੀ ਗਣੇਸ਼ ਜੀ ਦੀ ਪੂਜਾ ਵਾਲਾ ਰੱਖ ਲਿਆ ਜਾਂਦਾ ਹੈ। ਇਸ ਆਸ ਨਾਲ ਕਿ ਇਸ ਵਿਚ ਗੁਰਬਾਣੀ ਪ੍ਰਵੇਸ਼ ਕਰ ਜਾਵੇਗੀ। ਪਾਠ ਸਮਾਪਤੀ ਤੇ ਪਵਿੱਤਰ ''ਅੰਮ੍ਰਿਤ'' ਛਕ ਲਵਾਂਗੇ। ਨਾਰੀਅਲ ਦੀ ਗਿਰੀ ਖਾ ਲਵਾਂਗੇ। ਬੇੜਾ ਪਾਰ, ਲੋਕ ਪ੍ਰਲੋਕ ਦੇ ਸੁਖ, ਬਾਣੀ ਦਾ ''ਫਲ'' ਬਿਨਾਂ ਸੁਣੇ ਬਿਨਾਂ ਸਮਝੇ ਕਿਸੇ ਗੈਬੀ ਸ਼ਕਤੀ ਨਾਲ ਅੰਦਰ ਦਾਖਲ ਹੋਣ ਦਾ ਭਰਮ ਪਾਲ ਲੈਂਦੇ ਹਨ ਇਹ ਆਗਿਆਨੀ ਸ਼ਰਧਾਲੂ। ਚਰਨ ਪਾਹੁਲ ਦੇਣ ਵਾਲੇ ਮਹਾਂਪੁਰਖ, (ਅਸਲ ਵਿਚ ਮਹਾਂ ਮੂਰਖ) ਸਾਰੇ ਫਿਰ ਕਿਉਂ ਵਗਦੀ ਗੰਗਾ ਵਿਚ ਚੁੱਭੀ ਨਾ ਲਾਉਣ? ਉਹ ਫੂਕਾਂ ਮਾਰ ਕੇ, ਮੰਤਰ ਪੜ੍ਹ ਕੇ, ਪਾਣੀ, ਤਵੀਤ, ਆਟੇ ਦੇ ਪੇੜੇ ਦੇ ਕੇ ਗਾਵਾਂ ਮੱਝਾਂ ਤੇ ਸ਼ਰਧਾਵਾਨ ਬੀਬੀਆਂ ਨੂੰ ਦੁੱਧ -ਪੁੱਤ ਦੀਆਂ ਦਾਤਾਂ ਦੀਆਂ ਝੜੀਆਂ ਲਾ ਦਿੰਦੇ ਹਨ। ਕਾਸ਼ ! ਇਹ ਬਾਬੇ ਸ਼੍ਰੋਮਣੀ ਕਮੇਟੀ ਦੇ ਸਤਾਈ ਸਾਲ ਰਹੇ ਪ੍ਰਧਾਨ ਗੁਚਰਨ ਸਿੰਘ ਟੌਹੜਾ ਨੂੰ ਇੱਕ ਦੋ ਪੁੱਤਰ ਬਖਸ਼ ਦਿੰਦੇ ਜਿਸ ਦੇ ਕੋਈ ਉਲਾਦ ਨਹੀਂ ਹੈ ਸੀ। ਗੁਰੂ ਨਾਨਕ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਦੇ ਘਰ ਔਲਾਦ ਨਹੀਂ ਜਨਮੀ, ਕਿਸੇ ਜਲ ਜਾਂ ਮੰਤਰ ਰਾਹੀਂ ਪੁੱਤਰ ਪ੍ਰਾਪਤੀ ਨਹੀਂ ਹੋਈ। ਅਕਾਲ ਤਖਤ ਦਾ ਅੱਠ ਸਾਲ ਰਿਹਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਪੁੱਤਰ ਦੇ ਦਰਸ਼ਨ ਨਹੀਂ ਕਰ ਸਕਿਆ। ਹੋਰ ਭੀ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਔਲਾਦ ਨਹੀਂ ਹੋਈ। ਕੀ ਜੁਆਬ ਦਿਉਗੇ?

ਆਓ ਇਹ ਵੇਖਣ ਦੀ ਕੋਸ਼ਿਸ਼ ਕਰੀਏ ਕਿ ਪਾਵਨ ਗੁਰਬਾਣੀ ਵਿਚ ''ਅੰਮ੍ਰਿਤ'' ਕਿਨ੍ਹਾਂ ਅਰਥਾਂ ਵਿਚ ਆਇਆ ਹੈ।

(ਗੁਰੂ ਗ੍ਰੰਥ ਕੋਸ਼ਕਾਰੀ ਅਰਥ-ਸੰਪਾਦਕ ਡਾ: ਗੁਰਚਰਨ ਸਿੰਘ, ਪ੍ਰਕਾਸ਼ਕ ਪੰਜਾਬੀ ਯੂਨੀ: ਪਟਿਆਲਾ, ਵਿਚੋਂ)

1. ਨਾਮ- ਅੰਮ੍ਰਿਤ ਨਾਮੁ ਮੰਨਿ ਵਸਾਏ (118)
2. ਗੁਰਬਾਣੀ- 'ਅੰਮ੍ਰਿਤ' ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ (118)
3. ਬੋਲਣਾ- 'ਅੰਮ੍ਰਿਤ' ਬੋਲੈ ਸਦਾ ਮੁਖਿ ਵੈਣੀ ਅੰਮ੍ਰਿਤ ਵੇਖੈ ਪਰਖੈ ਸਦਾ ਨੈਣੀ (118)
4. ਸਤਿਗੁਰੂ- ਸਤਿਗੁਰ ਵਿਚਿ 'ਅੰਮ੍ਰਿਤ' ਨਾਮੁ ਹੈ ਅੰਮ੍ਰਿਤੁ ਕਹੈ ਕਹਾਏ (1423)
5. ਹੁਕਮ- ਅਮਰਦਾਸਿ 'ਅੰਮਰਤ' ਛਤ੍ਰ ਗੁਰ ਰਾਮਹਿ ਦੀਅਉ (1408)
6. ਦ੍ਰਿਸ਼ਟੀ- 'ਅੰਮ੍ਰਿਤ' ਦ੍ਰਿਸ਼ਟਿ ਸੰਚਿ ਜੀਵਾਏ (191)
7. ਮੱਖਣ- ਰਸਨਾ ਨਾਮ ਜਪਹੁ ਤਬ ਮਥੀਐ ਇਨ ਬਿਧਿ 'ਅੰਮ੍ਰਿਤ' ਪਾਵਹੁ (728)
8. ਦੁੱਧ- ਸੋਇਨ ਕਟੋਰੀ 'ਅੰਮ੍ਰਿਤ' ਭਰੀ ਲੇ ਨਾਮੇ ਹਰਿ ਆਗੈ ਧਰੀ (1163)
9. ਸਰੀਰ- 'ਅੰਮ੍ਰਿਤ' ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ (154)
10. ਆਬਿਹਯਾਤ- ਝਿਮ ਝਿਮ ਵਰਸੈ 'ਅੰਮ੍ਰਿਤ ਧਾਰਾ' (102)
11. ਕਿਰਪਾ- ਅੰਦਰੁ ਲੱਭਾ ਰਾਮ ਨਾਮਿ 'ਅੰਮ੍ਰਿਤ' ਨਦਰਿ ਨਿਹਾਲੁ (48)
12. ਊਚੇ- ਜਿਹਵੇ, 'ਅੰਮ੍ਰਿਤ' ਹਰਿ ਗੁਣ ਗਾਉ (1219)
13. ਮਿਠੇ ਬਚਨ- ਜਿਹ ਪ੍ਰਸਾਦਿ ਬੋਲਹਿ 'ਅੰਮ੍ਰਿਤ' ਰਸਨਾ (269)
14. ਭੋਜਨ- ਜਿਹ ਪ੍ਰਸਾਦਿ ਛਤੀਹ 'ਅੰਮ੍ਰਿਤ' ਖਾਹਿ (269)
15. ਵਿਕਾਸ- ਬਿਖੁ ਸੇ 'ਅੰਮ੍ਰਿਤ' ਭਏ ਗੁਰਮਤਿ ਬੁਧਿ ਪਾਈ
ਅਕਹੁ ਪਰਮਲੁ ਭਏ ਅੰਤਰਿ ਵਾਸਨਾ ਵਸਾਈ (565)

ਜਿਨਾਂ ਮਨੁੱਖਤਾ ਦੇ ਦੁਸ਼ਮਣਾਂ ਨੂੰ ਬੇਰੀਆਂ (ਦੁਖ ਭੰਜਨੀ?) ਸਰੋਵਰਾਂ, ਰੁਮਾਲਿਆਂ, ਪੀਹੜਿਆਂ, ਕੜਾਹ ਪ੍ਰਸ਼ਾਦਿ ਵਗੈਰਾ ਤੋਂ ਚੰਗੀ ਚੋਖੀ ਕਮਾਈ ਹੋ ਜਾਂਦੀ ਹੋਵੇ, ਉਹਨਾਂ ਨੂੰ ਕੀ ਲੋੜ ਹੈ, ਡੂੰਘੀ ਖੋਜ ਕਰਨ ਲਈ, ਖੋਪੜੀ ਨੂੰ ਵਾਧੂ ਕਸ਼ਟ ਦੇਣ ਦੀ? ਕਿਸੇ ਡੇਰੇ ਵਿਚ ਮੱਝਾਂ ਨੂੰ ਪੱਠੇ ਪਾਓ, ਗੋਹਾ ਕੂੜਾ ਚੁੱਕੋ, ਡੇਰੇਦਾਰ ਦੀਆਂ ਲੱਤਾਂ ਬਾਹਵਾਂ ਦੀ ਮਾਲਿਸ਼ ਕਰੋ, ਪ੍ਰਸ਼ਾਦੇ ਬਣਾਓ ਤੇ ਖਾਓ। ਇਸ ਤਰ੍ਹਾਂ ਗੜਵਈ ਬਣ ਕੇ ਵਿਚਾਰਦਿਆਂ ਕੁਝ ਕੱਚੀ ਪੱਕੀ ਬਾਣੀ ਸਿੱਖ ਲਉ। ਵਕਤ ਆਉਣ ਤੇ ਜਾਂ ਤੇ ਡੇਰੇ ਦੇ ਮੁੱਖੀ ਬਣ ਜਾਉ। ਜਾਂ ਨਵਾਂ ਡੇਰਾ ਕਿਸੇ ਵਿਹਲੀ ਪਈ ਸ਼ਾਮਲਾਟ ਜ਼ਮੀਨ ਵੇਖ ਕੇ, ਹੋਰ ਨਹੀ ਤਾਂ ਸੜਕ ਨਹਿਰ ਦੇ ਕਿਨਾਰੇ, ਛੱਪੜ ਟੋਭੇ ਲਾਗੇ, ਝੰਡਾ ਗੱਡ ਦਿਓ।

ਬਾਬਾ (ਗੁਰੂ ਗ੍ਰੰਥ ਸਾਹਿਬ ਜੀ) ਜੀ ਦੀ ਖਾਮੋਸ਼ੀ ਦਾ ਭਰਪੂਰ ਫਾਇਦਾ ਉਠਾਉਂਦਿਆਂ, ਪ੍ਰਕਾਸ਼ ਕਰ ਲਿਆ ਕਰੋ। ਜੇ ਕੰਮ ਚੱਲ ਗਿਆ ਤਾਂ ਸਾਰੀ ਉਮਰ ਲਈ ਹਲਵਾ ਮੰਡਾ ਵਾਧੂ, ਬੇਅੰਤ ਚੇਲੇ -ਚੇਲੀਆਂ ਦੇ ਵਹੀਰ ਚਲੇ ਆਉਣਗੇ। ਜੇ ਕਿਤੇ ਕਿਸੇ ਰਾਜਸੀ ਬੰਦੇ ਨਾਲ ਸਾਂਝ ਪੈ ਗਈ ਤਾਂ ਦਰਬਾਰ ਸਾਹਿਬ ਦਾ ਗ੍ਰੰਥੀ, ਹੈੱਡ ਗ੍ਰੰਥੀ, ਜੱਥੇਦਾਰ ਤੇ ਸਿੰਘ ਸਾਹਿਬੀ ਵਾਲਾ ਬਟੇਰਾ ਭੀ ਪੈਰ ਥੱਲੇ ਆ ਸਕਦਾ ਹੈ। ਮੌਜਾਂ ਹੀ ਮੌਜਾਂ ਸੇਵਕਾਂ ਨੂੰ, ਕੁਰਾਹੇ ਪਾਓ, ਤੁਹਾਡੀ ਮਰਜ਼ੀ। ਜੇ ਕੋਈ ਸਿਰ ਫਿਰਿਆ ਤਿੜ ਫਿੜ ਕਰੇ "ਹੁਕਮਨਾਮਾ" ਦਾਗ ਕੇ ਪੰਥ ਵਿਚੋਂ ਕੱਢ ਮਾਰਨ ਵਰਗਾ 'ਉਪਕਾਰ' ਕਰ ਦੇਣਾ।

ਜਿਸ ਪਾਵਨ ਸ਼ਬਦ ਦੇ ਅਨਰਥ ਕਰਨ ਦਾ ਗੁਨਾਹ ਕੀਤਾ ਗਿਆ ਹੈ, ਉਸ ਦੇ ਦਰਸ਼ਨ ਕਰੋ, ਕਿ ਕਿਵੇਂ ਕਾਂ ਤੋਂ ਹੰਸ ਬਣਿਆ ਸੀ –

ਦੁਰਮਤਿ ਭਾਗਹੀਨ ਮਤਿ ਫੀਕੇ,
ਨਾਮ ਸੁਨਤ ਆਵੈ ਮਨਿ ਰੋਹੈ
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ,
ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ
ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ, ਜਿਤੁ ਨਾਤੈ ਕਊਆ ਹੰਸੁ ਹੋਹੈ।
ਨਾਨਕ ਧਨੁ ਧੰਨੁ ਵੱਡੇ ਵਡਭਾਗੀ, ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ (492)

ਸੰਖੇਪ ਸਾਰ - ਭੈੜੀ ਮਤ ਵਾਲੇ, ਫਿਕਾ ਬੋਲਣ ਵਾਲੇ, ਨੇਕੀ ਉਪਕਾਰ ਦੀ ਚੰਗੀ ਗੱਲ ਸੁਣ ਕੇ ਗੁੱਸੇ ਵਿਚ ਆ ਜਾਂਦੇ ਹਨ। ਇਹ ਕਾਂ ਬਿਰਤੀ ਵਾਲੇ ਇਨਸਾਨ ਹਨ, ਜਿਵੇਂ ਕਾਂ ਚੰਗੇ ਪਦਾਰਥ ਛੱਡ ਕੇ, ਗੋਹੇ ਤੇ ਗੰਦਗੀ ਖਾ ਕੇ ਖੁਸ਼ ਹੁੰਦਾ ਹੈ। ਅੰਮ੍ਰਿਤ ਵਰਗੇ ਗਿਆਨ, ਗੁਣਾਂ ਨਾਲ ਭਰਪੂਰ, ਸੱਚਾਈ ਦੇ ਮਾਰਗ ਤੇ ਚੱਲਣ ਵਾਲੇ, ਸਤਿਗੁਰੂ ਜੀ ਦੇ ਗਿਆਨ ਸਰੋਵਰ ਵਿਚ, ਕਊਆ ਬਿਰਤੀ ਮਨੁੱਖ ਜੇ ਆ ਜਾਵੇ ਤਾਂ ਕਾਂ ਬਿਰਤੀ ਤੋਂ ਹੰਸ (ਭਲੀ ਮੱਤ) ਬਿਰਤੀ ਬਣ ਸਕਦੀ ਹੈ। ਹੇ ਨਾਨਕ! ਧੰਨਤਾ ਯੋਗ ਹਨ ਉਹ ਮਨੁੱਖ ਵੱਡੇ ਭਾਗਸ਼ਾਲੀ ਹਨ, ਜਿਨ੍ਹਾਂ ਭੈੜੀ ਮੱਤ ਤਿਆਗ ਕੇ, ਸਤਿਗੁਰੂ ਜੀ ਦੀ ਚੰਗੀ (ਅੰਮ੍ਰਿਤ ਵਰਗੀ) ਮੱਤ ਪ੍ਰਾਪਤ ਕਰ ਲਈ। ਤਿਨ੍ਹਾਂ ਨੇ ਗੁਰੂ ਦੇ ਉਪਦੇਸ਼ ਦੁਆਰਾ ਹਿਰਦੇ ਅੰਦਰੋਂ ਵਿਕਾਰਾਂ ਦੀ ਮੈਲ ਧੋ ਕੇ ਬਾਹਰ ਕੱਢ ਸੁੱਟੀ। ਇਸ ਪੂਰੇ ਸ਼ਬਦ ਵਿਚੋਂ ਇੱਕ ਪੰਕਤੀ ਚੁੱਕ ਕੇ ਗੁਰਮਤ ਤੋਂ ਉਲਟ ਅਰਥ ਕਰ ਕੇ, ਪ੍ਰਚਾਰੇ ਗਏ ਹਨ। ਸਤਿਗੁਰੂ ਜੀ ਕੋਈ ਭੁਲੇਖਾ ਨਹੀਂ ਰਹਿਣ ਦੇ ਰਹੇ, ਪਰ ਸਾਡੇ ਠੱਗ ਲਾਣੇ ਨੇ ਅਜਿਹੇ ਝੂਠ ਬੋਲ ਕੇ, ਭੋਲੀਆਂ ਸੰਗਤਾਂ ਨੂੰ ਖੂਬ ਲੁੱਟਿਆ ਹੈ ਤੇ ਗੁਮਰਾਹ ਕੀਤਾ ਹੈ। ਕਿੱਥੇ ਹਿਸਾਬ ਹੋਵੇਗਾ ਇਹਨਾਂ ਪੰਥ ਦੋਖੀਆਂ ਦਾ? ਗੁਰਬਾਣੀ ਵਿਚ ਗੱਲ ਸਮਝਾਉਣ ਲਈ ਅਨੇਕ ਪਸ਼ੂ ਪੰਛੀਆਂ, ਕੀੜੇ ਮਕੌੜਿਆਂ ਦਾ ਜ਼ਿਕਰ ਆਇਆ ਹੈ। ਪਰ ਅਜਿਹਾ ਕਾਂ ਤੋਂ ਹੰਸ ਦੀ ਕਪੋਲ ਕਲਪਨਾ ਕਿਤੇ ਨਹੀਂ ਮਿਲੇਗੀ। ਅਗਲੇ ਪੰਨਿਆਂ ਤੇ ਗੁਰਬਾਣੀ ਵਿਚ ਕਾਂ ਦਾ ਚਰਿੱਤਰ ਵੱਖੋ ਵੱਖ ਰੂਪਾਂ ਵਿਚ ਵੇਖੋ।

> ਉਏ ਭਲਿਓ ਪੁਰਖੋ! ਜੋ ਦਿਮਾਗ ਵਾਹਿਗੁਰੂ ਜੀ ਨੇ ਬਖਸ਼ਿਆ ਹੈ, ਉਸ ਦੀ ਕਦੀ ਯੋਗ ਵਰਤੋਂ ਵੀ ਕਰੋਗੇ ਕਿ ਕੋਰਾ (ਅਣ ਵਰਤਿਆ) ਹੀ ਵਾਪਸ ਭੇਜ ਦਿਓਗੇ? ਰਾਵੀ ਦਰਿਆ ਬਾਕੀ ਆਮ ਦਰਿਆਵਾਂ ਵਾਂਗ, ਪਹਾੜਾਂ ਵਿਚੋਂ ਨਿੱਕਲ ਕੇ, ਪਠਾਨਕੋਟ ਤੋਂ ਉਪਰਲੇ ਪਾਸੇ, ਖੁਲ੍ਹੇ ਮੈਦਾਨੀ ਇਲਾਕੇ ਵਿਚ ਆ ਉਤਰਦਾ ਹੈ। ਪਿੱਛੇ ਪਹਾੜਾਂ ਵਿਚ ਤਾਂ ਜਨ ਜੀਵਨ ਨਾਂਹ ਦੇ ਬਰਾਬਰ ਹੈ, ਕੱਚੀ ਮਿੱਟੀ ਭੀ ਨਹੀਂ ਹੈ, ਇਸ ਲਈ ਪਾਣੀ ਸਵੱਛ ਰਹਿੰਦਾ ਹੈ। ਇਸ ਤੋਂ ਅੱਗੇ ਜੀਵਨ ਪਰਵਾਹ ਬਹੁਤਾ, ਪਸ਼ੂ ਪੰਛੀ, ਆਪਣੀਆਂ ਲੋੜਾਂ ਪੂਰੀਆਂ ਕਰਦੇ ਹਨ। ਦਰਿਆ ਦੇ ਨੇੜੇ ਵਸੇ ਸ਼ਹਿਰਾਂ, ਨਗਰਾਂ ਕਸਬਿਆਂ ਦਾ ਸਾਰਾ ਗੰਦਾ ਪਾਣੀ, ਮਲ -ਮੂਤਰ, ਨਾਲੀਆਂ ਦੁਆਰਾ ਦਰਿਆਵਾਂ ਵਿਚ ਪੈਂਦਾ ਕਰ ਦਿੱਤਾ ਜਾਂਦਾ ਹੈ। ਨੇੜੇ ਲੱਗੀਆਂ ਫੈਕਟਰੀਆਂ ਦਾ ਮਲਬਾ ਤੇ ਦੂਸ਼ਿਤ ਪਾਣੀ ਭੀ, ਦਰਿਆਵਾਂ ਵਿਚ ਵਹਾ ਦਿੱਤਾ ਜਾਂਦਾ ਹੈ।

1. ਝੂਠੇ ਕਉ ਨਾਹੀ ਪਤਿ ਨਾਉ ਕਬਹੂ ਨ ਸੂਚਾ ਕਾਲਾ ਕਾਉ (839)

ਝੂਠੇ ਵਿਅਕਤੀ ਦੀ ਕਾਹਦੀ ਇੱਜ਼ਤ? ਜਿਵੇਂ ਕਾਂ ਨਹੀਂ ਸੁਧਰਦਾ ਕਾਲੇ ਮਨ ਵਾਲਾ ਭੀ ਆਦਤਾਂ ਤੋਂ ਬਾਜ਼ ਨਹੀਂ ਆਉਂਦਾ।

2. ਜਗੁ ਕਊਆ ਮੁਖਿ ਚੁੰਚ ਗਿਆਨੁ ਅੰਤਰਿ ਲੋਭੁ ਝੂਠੁ ਅਭਿਮਾਨੁ

ਸੰਸਾਰ ਦੇ ਲੋਕ ਕੇਵਲ ਕਾਂ ਵਾਂਗ ਕੈਂ ਕੈਂ ਤਾਂ ਕਰਦੇ ਹਨ, ਪਰ ਡੂੰਘਾ ਗਿਆਨ ਕੋਈ ਨਹੀਂ ਹੈ। ਅਜਿਹੇ ਵਾਧੂ ਦਾ ਬੋਲਣ ਵਾਲੇ ਅੰਦਰੋਂ ਲੋਭੀ ਝੂਠੇ ਤੇ ਹੰਕਾਰੀ ਹਨ।

3. ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ
ਜੋ ਤਿਸੁ ਭਾਵੈ ਨਾਨਕਾ ਕਾਗਉ ਹੰਸੁ ਕਰੇਇ (91)

ਪਰਮੇਸਰ ਜਿਸ ਤੇ ਮਿਹਰਵਾਨ ਹੋ ਜਾਵੇ ਉਹ ਉੱਚਤਮ ਹੋ ਜਾਂਦਾ ਹੈ। ਵਾਹਿਗੁਰ ਕਿਰਪਾ ਕਰ ਕੇ ਬਗੁਲਾ ਬਿਰਤੀ ਵਾਲੇ ਤੇ ਕਾਂ ਬਿਰਤੀ ਵਾਲੇ ਜੀਵ ਨੂੰ ਹੰਸ ਬਿਰਤੀ ਵਾਲੇ ਬਣਾ ਸਕਦਾ ਹੈ, (ਗੁਰੂ ਦੀ ਸਿੱਖਿਆ ਪ੍ਰਾਪਤ ਕਰ ਕੇ)

4. ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕੁਰੰਗ ਬਿਖੁ ਮੁਖਿ ਲਾਈਐ
ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ (881)

ਨੀਚ ਇਨਸਾਨ ਕਿਹੋ ਜਿਹੇ ਹਨ? ਬਗੁਲਾ ਬਿਰਤੀ ਵਾਲੇ, ਕਾਂ ਦੇ ਸੁਭਾ ਵਾਲੇ। ਅਜਿਹੇ ਨੀਚ ਲੋਕਾਂ ਦੇ ਮੇਲ ਨਾਲ, ਇਹਨਾਂ ਵਰਗਾ ਹੀ ਸੁਭ ਬਣ ਜਾਵੇਗਾ। ਹੇ ਵਾਹਿਗੁਰੂ ! ਜੀ ਮੈਨੂੰ ਪ੍ਰਭੂ ਦੇ ਪਿਆਰਿਆਂ ਦੀ ਸੰਗਤ ਬਖਸ਼ ਦੇਵੀਂ ਤਾਂ ਕਿ ਉੱਚਤਮ ਪੁਰਖਾਂ ਦੀ ਸੰਗਤ ਸਦਕਾ ਮੈਂ ਭੀ ਉਚੀ ਬੁੱਧੀ ਵਾਲਾ ਹੰਸ ਵਰਗਾ ਬਣ ਜਾਵਾਂ।

5. ਬਗੁਲਾ ਕਾਗ ਨ ਰਹਈ ਸਰਵਿਰ ਜੇ ਹੋਵੈ ਅਤਿ ਸਿਆਣਾ
ਓਨਾ ਰਿਜਕੁ ਨ ਪਾਇਓ ਓਥੈ ਓਨਾ ਹੋਰੋ ਖਾਣਾ (956)

ਜਿਵੇਂ ਬਗੁਲਾ ਤੇ ਕਾਂ ਸਾਫ ਜਲ ਵਾਲੇ ਸਰੋਵਰਾਂ ਤੇ ਨਹੀਂ ਰਹਿੰਦੇ, ਕਿਉਂਕਿ ਉਹ ਗੰਦਗੀ ਅਤੇ ਕੀੜੇ ਖਾਣ ਦੇ ਆਦੀ ਹਨ ਜੋ ਕਿ ਸਰੋਵਰਾਂ ਤੇ ਨਹੀਂ ਛੱਪੜੀਆਂ ਤੇ ਮਿਲਦੇ ਹਨ। ਇਸ ਤਰ੍ਹਾਂ ਨੀਵੀਂ ਅਕਲ ਵਾਲੇ ਲੋਕ, ਸਤਿਗੁਰੂ ਜੀ ਦੀ ਅਤੇ ਭਲੇ ਗੁਰਸਿੱਖਾਂ ਦੀ ਸੰਗਤ ਨਹੀਂ ਕਰਦੇ। ਬੁਰਿਆਂ ਕੋਲ ਹੀ ਜਾ ਹਾਜ਼ਰ ਹੁੰਦੇ ਹਨ।

6. ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ
ਤਨੁ ਮਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ
ਸਾਕਤ ਸਿਉ ਐਸੀ ਪ੍ਰੀਤਿ ਹੈ ਬੁਝਹੁ ਗਿਆਨੀ ਰੰਗਿ (1411)

ਜਿਵੇਂ ਕੱਲਰ ਵਿਚਲੀ ਗੰਦੇ ਪਾਣੀ ਵਾਲੀ ਛੱਪੜੀ ਹੋਵੇ, ਕਾਂ ਵਰਗਾ ਗੰਦਾ ਪੰਛੀ ਗੰਦੇ ਪਾਣੀ ਵਿਚ ਸਾਫ ਹੋਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਇਸ ਕਾਂ ਦੀ ਹਾਲਤ ਇਹ ਹੈ ਕਿ ਤਨ ਭੀ ਲਬੇੜ ਲਿਆ, ਮਨੋ ਅੱਗੇ ਹੀ ਖੋਟਾ ਹੈ। ਇਹਨੇ ਤਾਂ ਮਾਨੋ ਹੋਰ ਬਦਬੂ ਪ੍ਰਾਪਤ ਕਰ ਲਈ। ਸਮਝੋ ਮਨਮੁਖ ਇਨਸਾਨ, ਮਨਮੁਖਾਂ ਤੋਂ ਨੇਕੀ ਅਤੇ ਗੁਣਵਾਨ ਬਣਨ ਦਾ ਭਰਮ ਪਾਲ ਰਿਹਾ ਹੋਵੇ। ਮਨਮੁਖ ਨੇ ਹੰਸ ਵਾਂਗ ਬਿਰਤੀ ਨਾ ਬਣਾਈ, ਸਤਿਗੁਰੂ ਦੇ ਗਿਆਨ ਰੂਪ ਸਰੋਵਰ ਦਾ ਲਾਭ ਨਾ ਲਿਆ। ਹੇ ਗਿਆਨਵਾਨ ਲੋਕੋ! ਬੁਰੇ ਮਨੁੱਖਾਂ ਦਾ ਸਾਥ ਕੀਤਿਆਂ ਵਿਕਾਰ ਹੀ ਪੱਲੇ ਪੈਣਗੇ। ਇਹਨਾਂ ਤੋਂ ਨੇਕੀ ਨਹੀਂ ਮਿਲਣੀ।

7. ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਬਿਸਰੈ ਨਾਉ
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ (522)

ਉਸ ਮਨੁੱਖ ਨੂੰ ਅਣਗਿਣਤ ਵਿਕਾਰ ਆ ਦਬੋਚਦੇ ਹਨ, ਜਿਸ ਨੂੰ ਰੱਬੀ ਯਾਦ ਵਿਸਰ ਜਾਵੇ। ਹੇ ਨਾਨਕ ਫਿਰ ਹਰ ਰੋਜ਼ ਇਉ ਵਿਰਲਾਪ ਕਰਦੇ ਹਨ, ਜਿਵੇਂ ਕਾਂ ਨੂੰ ਖਾਲੀ ਘਰੋਂ ਟੁੱਕਰ ਨਾ ਲੱਭੇ, ਬਨੇਰੇ ਬੈਠਾ ਵਿਲਕਦਾ ਹੈ।

8. ਧਰਤਿ ਸੁਹਾਵੜੀ ਆਕਾਸ ਸੁਹੰਦਾ ਜਪਦਿਆ ਹਰਿ ਨਾਉ
ਨਾਨਕ ਨਾਮ ਵਿਹੂਣਿਆ ਤਿਨ ਤਨ ਖਾਵਹਿ ਕਾਉ

ਪ੍ਰਭੂ ਨੂੰ ਯਾਦ ਰੱਖਣ ਵਾਲੇ ਭਲੇ ਇਨਸਾਨਾਂ ਲਈ ਕੋਈ ਬੁਰਾ ਨਹੀਂ ਹੈ, ਉਹ ਸਾਰਿਆਂ ਨੂੰ ਪਿਆਰ ਕਰਦੇ ਹਨ। ਉਹਨਾਂ ਦਾ ਸੋਚ ਮੰਡਲ ਖੁੱਲ੍ਹਾ ਆਕਾਸ਼ ਵਰਗਾ, ਸੇਵਾ ਲਈ ਸਾਰੀ ਧਰਤੀ ਹੈ। ਨਾਮ ਅਤੇ ਗੁਣਾਂ ਤੋਂ ਸੱਖਣੇ ਮਨੁੱਖਾਂ ਨੂੰ ਕੋਈ ਪਿਆਰ ਨਹੀਂ ਕਰਦਾ। ਉਹਨਾਂ ਨੂੰ ਅੰਤਮ ਸਮੇਂ ਕੋਈ ਲੇਖੇ ਲਾਉਣ ਵਾਲਾ ਭੀ ਨਹੀਂ ਮਿਲਦਾ। ਜਿਥੇ ਮਰੇ ਦੇਹੀ ਸੜਦੀ ਗਈ। ਕਾਂਵਾਂ ਆਦਿ ਜੀਵਾਂ ਨੇ ਖਾ ਲਈ। ਭਾਵ ਅੰਦਰੋਂ ਵਿਕਾਰ ਖਾ ਜਾਂਦੇ ਹਨ।

9. ਫਿਰਿ ਫਿਰਿ ਫਾਹੀ ਫਾਸੈ ਕਊਆ ਫਿਰਿ ਪਛੁਤਾਨਾ ਅਬ ਕਿਆ ਹੂਆ
ਫਾਥਾ ਚੋਗ ਚੁਗੈ ਨਹੀ ਬੂਝੈ ਸਤਿਗੁਰ ਮਿਲੈ ਤ ਆਖੀ ਸੂਝੈ (935)

ਕਾਂ ਬਿਰਤੀ ਵਾਲਾ ਮਨੁੱਖ ਵਾਰ- ਵਾਰ ਗਲਤੀ ਕਰਦਾ ਹੈ। ਸਮਝ ਨਹੀਂ ਹੁੰਦੀ ਪਰ ਅਕਲਮੰਦ ਹੋਣ ਦਾ ਝੂਠਾ ਭਰਮ ਪਾਲ ਲੈਂਦਾ ਹੈ। ਬੱਸ ਇਸ ਲਈ ਫਸਿਆ ਪਛਤਾਉਂਦਾ ਭੀ ਰਹਿੰਦਾ ਹੈ, ਵਿਕਾਰਾਂ ਨੂੰ ਛੱਡ ਭੀ ਨਹੀਂ ਸਕਦਾ। ਵਿਕਾਰਾਂ ਵਿਚ ਗਰਕ ਹੋ ਚੁੱਕਿਆ ਹੁੰਦਾ ਹੈ, ਅਜੇ ਭੀ ਮਨ ਭਰਿਆ ਨਹੀਂ, ਸਮਝ ਨਹੀਂ ਆਈ। ਅਗਰ ਕਿਤੇ ਸਤਿਗੁਰੂ ਦੀ ਉੱਚੀ ਮੱਤ ਧਾਰਨ ਕਰ ਲਵੇ, ਤਾਂ ਚੰਗਾ ਮੰਦਾ ਸਾਕਾਰ ਸਪੱਸ਼ਟ ਨਜ਼ਰ ਆ ਜਾਵੇ ਤੇ ਵਿਕਾਰਾਂ ਤੋਂ ਬਚ ਜਾਵੇਗਾ। ਮਨੁੱਖ ਕਾਂ ਬਿਰਤੀ ਤਿਆਗ ਕੇ ਗੁਰੂ ਦੀ ਸਿੱਖਿਆ ਮੁਤਾਬਕ ਜੀਵਨ ਬਸਰ ਕਰੇ।

10. ਕਾਗਉ ਹੋਇ ਨ ਉਜਲਾ ਲੋਹੇ ਨਾਵ ਨ ਪਾਰਿ
ਪਿਰਮ ਪਦਾਰਥੁ ਮੰਨਿ ਲੈ ਧੰਨੁ ਸੰਵਾਰਣ ਹਾਰੁ
(1090)

ਹੇ ਭਾਈ! ਕਾਂ ਕਦੇ ਸਫੈਦ ਨਹੀਂ ਹੁੰਦਾ, ਇਸੇ ਤਰਾਂ ਕਈ ਵਾਰੀ ਖੋਟੀ ਬੁੱਧੀ ਵਾਲਾ ਨੇਕ ਸਲਾਹ ਮੰਨਣ ਤੋਂ ਇਨਕਾਰੀ ਹੋ ਜਾਂਦਾ ਹੈ। ਵਾਹਿਗੁਰੂ ਦਾ ਨਾਮ ਮੰਨਣ ਨਾਲ, ਗੁਰੂ ਦੀ ਮੱਤ ਲੈਣ ਨਾਲ ਬਦਲ ਸਕੀਦਾ ਹੈ, ਉਹ ਸਵਾਰਣ ਵਾਲਾ ਧੰਨ ਹੈ।

11. ਸਿਖ ਹੰਸ ਸਰਵਰਿ ਇਕਠੇ ਹੋਏ, ਸਤਿਗੁਰ ਕੈ ਹੁਕਮਾਵੈ
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ,ਖਾਇ ਖਰਚਿ ਰਹੇ ਤੋਟਿ ਨ ਆਵੈ

ਸਤਿਗੁਰੂ ਜੀ ਦੀ ਸਿੱਖਿਆ ਲੈ ਕੇ ਚੱਲਣ ਵਾਲੇ ਹੰਸ ਸੁਭਾ ਵਾਲੇ ਗੁਰਸਿੱਖ ਸੰਗਤ ਵਿਚ ਜੁੜਦੇ ਹਨ। ਗੁਰੂ ਦਾ ਗਿਆਨ ਰੂਪੀ ਰਤਨ ਪਦਾਰਥ ਮੋਤੀ, ਪ੍ਰਾਪਤ ਕਰਕੇ ਹਿਰਦੇ ਵਿਚ ਵਸਾਉਂਦੇ ਹਨ। ਇਹ ਸਤਿਗੁਰੂ ਜੀ ਦੇ ਗਿਆਨ ਦੀ ਪੂੰਜੀ ਕਦੇ ਮੁੱਕਦੀ ਨਹੀ। ਲੱਖਾਂ ਲੋਕੀ ਇਸ ਪਵਿੱਤਰ ਉਪਦੇਸ਼ ਨਾਲ ਤਰ ਗਏ ਹਨ।

12. ਗੁਰੁ ਸਰਵਰੁ ਹਮ ਹੰਸ ਪਿਆਰੇ ਸਾਗਰ ਮਹਿ ਰਤਨ ਲਾਲ ਬਹੁ ਸਾਰੇ
ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ (1027)

ਹੇ ਭਾਈ! ਅਸਲੀ ਸਰੋਵਰ - ਗਿਆਨ ਦਾ ਸਾਗਰ - ਸਤਿਗੁਰੂ ਹੈ। ਇਸ ਗਿਆਨ ਨੂੰ ਪ੍ਰਾਪਤ ਕਰਨ ਵਾਲੇ ਸਿੱਖ ਹੀ ਅਸਲ ਵਿਚ ਹੰਸ ਹਨ। 'ਗੁਰੂ ਸਾਗਰ' ਵਿਚ ਬੜੇ ਗੁਣ ਹਨ, ਨਿਮਰਤਾ ਨਾਲ ਜਿੰਨੇ ਜੀ ਚਾਹੇ, ਹਿਰਦੇ ਰੂਪੀ ਭਾਂਡੇ ਵਿਚ ਪਾਉਂਦੇ ਰਹਿਣਾ। ਮੋਤੀ ਹੀਰੇ ਅਸਲ ਵਿਚ ਕੀ ਹਨ? ਗੁਰੂ ਦੀ ਦਿੱਤੀ ਮੱਤ ਉਚੱਤਮ ਜੀਵਨ ਜਾਚ। ਇਹਨਾਂ ਗੁਣਾਂ ਨੂੰ ਗਾਉਂਦਿਆਂ ਮੇਰਾ ਆਪਣਾ ਆਪਾ ਨੇਕੀ ਚੰਗਿਆਈ ਵਾਲੇ ਉੱਚਤਮ ਇਨਸਾਨੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਇਸੇ ਤਰ੍ਹਾਂ ਗਲਤ ਅਰਥਾਂ ਕਾਰਨ ਅੰਮ੍ਰਿਤਸਰ, ਸ੍ਰੋ: ਕਮੇਟੀ ਦੇ ਸਿੱਖ ਅਜਾਇਬ ਘਰ ਵਿਚ ਇੱਕ ਕਲਪਤ ਬਾਬਾ ਫਰੀਦ ਜੀ ਦਾ ਮਰਣ ਕਿਨਾਰੇ ਪਏ ਦਾ ਚਿੱਤਰ ਬਣਿਆ ਵੇਖਿਆ ਜਾ ਸਕਦਾ ਹੈ। ਸਾਹਮਣੇ ਕਾਂ ਬੈਠਾਇਆ ਹੈ, ਬਾਬਾ ਜੀ ਜਿਵੇਂ ਆਖ ਰਹੇ ਹੋਣ - "ਕਾਂਵਾਂ ਨੇ ਮੇਰਾ ਸਾਰਾ ਮਾਸ ਖਾ ਲਿਆ, ਕੇਵਲ ਹੱਡੀਆਂ ਰਹਿ ਗਈਆਂ। ਹੇ ਕਾਵਾਂ ਮੇਰੀਆਂ ਦੋਵੇਂ ਅੱਖਾਂ ਨਾਂ ਖਾਵੀਂ, ਅਜੇ ਮੈਨੂੰ ਖੁਦਾ ਵੇਖਣ ਦੀ ਆਸ ਹੈ"। ਅਰਥ ਹਨ- ਮਨੁੱਖ ਦਾ ਸਾਰਾ ਤਨ -ਮਨ ਵਿਕਾਰ ਰੂਪੀ ਕਾਂਵਾਂ ਨੇ ਖਾ ਲਿਆ। ਅਗਰ ਗਿਆਨ ਦੀਆਂ ਅੱਖਾਂ ਹੁੰਦੀਆਂ ਤਦੋਂ ਵਿਕਾਰਾਂ ਤੋਂ ਬਚ ਜਾਣਾ ਸੀ। ਨਿਰੰਕਾਰ ਦਾ ਮਿਲਾਪ ਹੋ ਜਾਣਾ ਸੀ।

ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸੁ
ਇਹ ਦੁਇ ਨੈਨਾ ਮਤ ਛੁਹਉ ਪਿਰ ਦੇਖਣ ਦੀ ਆਸ
(1382)

ਗੱਲ ਮਨੁੱਖ ਨੂੰ ਸਮਝਾਉਣੀ ਸੀ, ਹਵਾਲੇ ਅਨੇਕ ਜੀਵਾਂ, ਪਸ਼ੂਆਂ ਪੰਛੀਆਂ, ਕੁੱਤਿਆਂ ਕਾਂਵਾਂ, ਰੁੱਖਾਂ ਬਿਰਖਾਂ, ਪੁਰਾਤਨ ਭਗਤਾਂ, ਦੇਵੀ ਦੇਵਤਿਆਂ ਦੇ ਮਿਲ ਜਾਣਗੇ। ਤੱਤਸਾਰ ਇਹ ਕਿ ਸਿੱਖ ਕੇਵਲ ਇੱਕ ਅਕਾਲ ਪੁਰਖ ਦਾ ਪੁਜਾਰੀ ਹੈ। ਜੋ ਗੁਰਬਾਣੀ ਵਿਚ ਲਿਖਿਆ ਹੈ, ਸਿੱਖ ਲਈ ਉਹੀ ਸੱਚ ਹੈ। ਦੁਨੀਆਂ ਤੇ ਪੁਜਾਰੀ ਕੀ ਕਹਿੰਦੇ ਹਨ, ਇਸ ਦੀ ਪ੍ਰਵਾਹ ਨਹੀਂ ਹੋਣੀ ਚਾਹੀਦੀ।

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੇ ਮਨੁ ਹਛਾ ਨ ਹੋਇ
ਇਹੁ ਜਗਤੁ ਭਰਮ ਭੁਲਾਇਆ ਵਿਰਲਾ ਬੂਝੈ ਕੋਇ
(558)

ਤੀਰਥੁ ਹਮਰਾ ਹਰਿ ਕੋ ਨਾਮੁ ਗੁਰਿ ਉਪਦੇਸਿਆ ਤਤੁ ਗਿਆਨੁ (1142)

ਕਾਸ਼ੀ ਦੀ ਧਰਤੀ ਨੂੰ ਸਦੀਆਂ ਤੋਂ ਪਵਿੱਤਰ ਧਰਤੀ ਹੋਣ ਦਾ ਢੋਲ ਵਜਾਇਆ ਗਿਆ ਸੀ। ਹੋਰ ਤੇ ਹੋਰ ਜੇ ਕੋਈ ਇਨਸਾਨ ਕਾਸ਼ੀ ਵਿਚ ਮਰੇ ਤਾਂ ਸਿੱਧਾ ਸਵਰਗ ਲੋਕ ਵਿਚ ਦਾਖਲ ਹੋਵੇਗਾ। ਮਨ ਮੋਹਣੀਆਂ ਪਰੀਆਂ ਉਸ ਦਾ ਸੁਆਗਤ ਕਰਨਗੀਆਂ। ਸਦਾ ਨਾਚ ਗਾਣੇ ਤੇ ਖੁਸ਼ਬੂਦਾਰ ਸ਼ਰਾਬ ਨਾਲ ਮਦ ਮਸਤ ਹੋਏ ਹੁਸੀਨ ਅਪੱਛਰਾਵਾਂ ਨਾਲ ਰੰਗ ਰਲੀਆਂ ਮਨਾਉਂਦੇ ਰਹੋਗੇ। ਜੇ ਸਵਰਗ ਦਾ ਟਿਕਟ ਛੇਤੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਆਪਣਾ ਸਾਰਾ ਮਾਲ ਅਸਵਾਬ ਪੁੱਤਰੀ, ਪਤਨੀ, ਸਭ ਪੁਜਾਰੀ ਦੇ ਹਵਾਲੇ ਕਰ ਦਿਉ। ਪੁਜਾਰੀ ਜੀ "ਪਵਿਤਰ ਮੰਤਰ" ਪੜ੍ਹਨਗੇ, ਦੋ ਮਜ਼ਦੂਰ ਕਰਵੱਤਰ (ਆਰਾ) ਖਿਚਣਗੇ। ਸਰੀਰ ਦੋ ਫਾੜ ਚੀਰਿਆ ਜਾਵੇਗਾ। ਤੁਰੰਤ ਪ੍ਰਾਣ ਪੰਖੇਰੂ ਸਵਰਗ ਧਾਮ ਪੁੱਜ ਜਾਵੇਗਾ। ਬੋਲ ਭੋਲੇ ਨਾਥ ਕੀ ਜੈ। ਸਦੀਆਂ ਤੋਂ ਹੀ ਗੰਗਾ ਦੇ ਪਾਣੀ ਨੂੰ ਪਵਿੱਤਰ ਹੋਣ ਦੀ ਡੌਂਡੀ ਪਿੱਟੀ ਗਈ। ਜਨਮ ਲੈਣ ਵਕਤ ਬੱਚੇ ਦੇ ਮੂੰਹ ਵਿਚ ਗੰਗਾ ਜਲ ਪਾਉਣਾ, ਪਵਿੱਤਰ ਕਰਮ। ਜੀਵਨ ਬਤੀਤ ਕਰਦਿਆਂ ਕਈ ਪਾਪ ਉਤਾਰਨ ਲਈ ਗੰਗਾ ਤੇ ਇਸ਼ਨਾਨ ਕਰਨਾ। ਬ੍ਰਾਹਮਣਾਂ ਨੂੰ ਮੂੰਹ ਮੰਗਿਆ ਦਾਨ ਦੇਣਾ, ਪੈਸਾ ਸੋਨਾ ਬਸਤਰ, ਗਊਆਂ, ਘੋੜੇ ਤੇ ਜੇ ਹੋ ਸਕੇ ਤਾਂ ਜਵਾਨ ਪਤਨੀ ਬੇਟੀ ਭੀ ਦਾਨ ਕੀਤੀ ਜਾ ਸਕਦੀ ਹੈ। ਉਤਨਾ ਹੀ ਵੱਧ ਫਲ ਮਿਲੇਗਾ। ਫਿਰ ਪ੍ਰਾਣੀ ਦੇ ਮਰੇ ਤੋਂ ਉਸਦੀਆਂ ਹੱਡੀਆਂ ਗੰਗਾ ਘਾਟ ਵਿਚ ਪਾਉਣੀਆਂ, ਬਹੁਤ ਸਾਰਾ ਦਾਨ ਕਰਨਾ। ਮਰਿਆ ਵਿਅਕਤੀ ਸਵਰਗ ਵਿਚ ਪੁੱਜ ਜਾਵੇਗਾ। ਅੰਨ੍ਹੇ ਸ਼ਰਧਾਲੂ ਗੰਗਾ ਕਿਨਾਰੇ ਜਾ ਕੇ ਬੱਚਿਆਂ, ਵੱਡਿਆਂ ਦੇ ਕੇਸ ਕਟਵਾ ਕੇ ਦਾਨ ਕਰ ਕੇ ਇਸ਼ਨਾਨ ਕਰਨਾ, ਪਵਿੱਤਰ ਕਾਰਜ ਸਮਝਦੇ ਸਨ। ਗੁਰੂ ਨਾਨਕ ਸਾਹਿਬ ਨੂੰ ਪੁੱਛੀਏ ਕੀ ਹੁਕਮ ਕਰਦੇ ਹਨ-

ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ
ਤ੍ਰਿਭਵਣ ਤਾਰਣਹਾਰੁ ਸੁਆਮੀ ਏਕ ਨ ਚੇਤਸਿ ਅੰਧਾਤਾ। (ਮ.੧-155)

ਐ ਮੂਰਖ ਲੋਕੋ ਜੇ ਕੇਸ ਮੁਨਾ ਦੇਣ ਨਾਲ, ਪਰਮੇਸ਼ਰ ਮਿਲਦਾ ਹੋਵੇ ਤਾਂ ਮੈਂ ਗੰਗਾ ਦੇ ਘਾਟ ਤੇ ਜਾ ਕੇ ਕੇਸ ਕਟਵਾ ਦਿਆਂ। ਪਰ ਤਰਲੋਕੀ ਨੂੰ ਤਾਰਣ ਵਾਲਾ ਵਾਹਿਗੁਰੂ ਹੈ ਨਾ ਕਿ ਗੰਗਾ ਦਾ ਪਾਣੀ। ਤੁਸੀਂ ਅਗਿਆਨਤਾ ਵਿਚ ਅੰਨ੍ਹੇ ਲੋਕ ਕੁਰਾਹੇ ਪੈ ਚੁੱਕੇ ਹੋ। ਇੰਨ ਬਿੰਨ ਇਹੀ ਗੱਲ ਅੱਜ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਰੋਵਰ ਨਾਲ ਨੱਥੀ ਕਰ ਦਿੱਤੀ ਗਈ ਹੈ। ਅਖੇ ਗੁਰਬਾਣੀ ਦੁਆਰਾ ਸਰੋਵਰ ਦਾ ਪਾਣੀ ਪਵਿੱਤਰ ਬਣ ਗਿਆ। ਇਸੇ ਲਈ ਫਿਰ ਪਾਠ ਹੋ ਰਹੇ ਵਕਤ, ਨਾਰੀਅਲ, ਘੜਾ, ਲੰਗਰ ਪ੍ਰਸਾਦਿ ਸਾਰੇ ਹੀ ਪਵਿੱਤਰ ਬਣ ਗਏ? ਤਾਂ ਦੱਸੋ ਮਨੁੱਖ ਕਿਉਂ ਪਵਿੱਤਰ ਨਹੀ ਹੋ ਰਹੇ, ਉਹਨਾਂ ਦੇ ਅੰਦਰੋਂ ਵਿਕਾਰ ਕਿਉਂ ਨਹੀਂ ਖਤਮ ਹੋ ਰਹੇ? ਗੁਰਬਾਣੀ ਤਾਂ ਸਪੀਕਰਾਂ ਦੀਆਂ ਕੰਨ ਪਾੜਵੀਆਂ ਆਵਾਜ਼ਾਂ ਰਾਹੀਂ ਹਰ ਰੋਜ਼ ਸਾਰੇ ਪਿੰਡਾਂ ਸ਼ਹਿਰਾਂ ਵਿਚ ਸੁਣਾਈ ਜਾਂਦੀ ਹੈ, ਕੀ ਸੁਣਨ ਵਾਲੇ ਸਾਰੇ ਪਵਿੱਤਰ ਹੋ ਗਏ? ਰੇਡੀਓ ਤਰੰਗਾਂ ਰਾਹੀਂ ਗੁਰਬਾਣੀ ਹਵਾ ਵਿਚ ਫੈਲ ਜਾਂਦੀ ਹੈ, ਸੈਟੇਲਾਈਟ ਰਾਹੀਂ ਟੀ. ਵੀ. ਰਾਹੀਂ ਦੁਨੀਆਂ ਭਰ ਵਿਚ ਸੁਣਾਈ ਦੇ ਰਹੀ ਹੈ। ਕੀ ਸਾਰੀ ਹਵਾ ਸਾਰੀ ਦੁਨੀਆਂ ਪਵਿੱਤਰ ਹੋ ਗਈ? ਸਭ ਬੁਰਾਈਆਂ ਦੀ ਜੜ੍ਹ ਪੁੱਟੀ ਗਈ? ਪੰਜਾਬ ਦਾ ਸਿੱਖ ਅਖਵਾਉਣ ਵਾਲਾ ਤਬਕਾ 90% ਕੇਸ ਕਟਵਾ ਚੁੱਕਿਆ ਹੈ। ਇਤਨਾ ਕੁ ਲਾਣਾ ਨਸ਼ਿਆਂ ਦੀ ਖੁੱਲੀ ਵਰਤੋਂ ਕਰ ਰਿਹਾ ਹੈ। ਵਹਿਮ ਭਰਮ ਪਾਖੰਡ ਇਹਨਾਂ "ਗੁਰੂ ਪਿਆਰ" ਵਾਲਿਆਂ ਅੰਦਰ ਨਕਾ ਨੱਕ ਭਰੇ ਪਏ ਹਨ। ਅਖੰਡ ਪਾਠਾਂ ਸਪੀਕਰਾਂ ਆਦਿ ਨੇ ਲੋਕਾਂ ਦੇ ਮਨਾਂ ਨੂੰ ਪਵਿੱਤਰ ਕਿਉਂ ਨਹੀਂ ਕੀਤਾ? ਹਾਂ ਬਹੁਤ ਸਾਰੇ ਲੋਕਾਂ ਦਾ ਤੋਰੀ ਫੁਲਕਾ ਗੁਰਬਾਣੀ ਦੀ ਆੜ ਵਿਚ ਖੂਬ ਚਲਦਾ ਆ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਗੁਰਬਚਨ ਸਿੰਘ ਬਚਨ ਨੇ ਪੰਜਾਬੀ ਟ੍ਰਿਬਿਊਨ ਮਿਤੀ 18.11.03 ਵਿਚ ਮਲਵੀ ਜ਼ਬਾਨ ਰਾਹੀਂ ਸਵੀਕਾਰ ਕੀਤਾ ਹੈ ਕਿ "ਸਰੋਵਰ ਦਾ ਪਾਣੀ ਗੰਦਾ ਹੋਣ ਕਰ ਕੇ ਪਹਿਲਾਂ 1980 ਵਿਚ ਫਿਲਟਰ ਲਗਵਾਏ ਸਨ। ਪਰਦੂਸ਼ਣ ਵਧ ਜਾਣ ਕਾਰਨ ਰਾਵੀ ਦਰਿਆ ਵਿਚ ਬਹੁਤ ਸਾਰੀਆਂ ਫੈਕਟਰੀਆਂ ਦਾ ਮਲਬਾ ਤੇ ਦੂਸ਼ਿਤ ਪਾਣੀ ਸੁੱਟਿਆ ਜਾ ਰਿਹਾ ਹੈ। ਆਬਾਦੀ ਬਹੁਤ ਵਧ ਗਈ, ਮਸ਼ੀਨਰੀ ਬਹੁਤ ਆ ਗਈ। ਇਸ ਲਈ ਫਿਲਟਰ ਲੱਗੇ ਹੋਣ ਦੇ ਬਾਵਜੂਦ ਪਾਣੀ ਸਾਫ ਨਹੀਂ ਹੋ ਸਕਿਆ। ਮਾਹਿਰ ਵਿਅਕਤੀਆਂ ਨੇ ਸਿਫਾਰਸ਼ ਕੀਤੀ ਹੈ ਕਿ ਹੋਰ ਚੰਗੇ ਫਿਲਟਰ ਲਾਏ ਜਾਣ ਵਰਨਾ ਮਹਾਂਮਾਰੀ ਫੈਲ ਸਕਦੀ ਹੈ। ਅਮਰੀਕਾ ਦੇ ਟ੍ਰਾਂਸਪੋਟਰ ਭਰਾਵਾਂ ਨੇ ਵਧੀਆ ਫਿਲਟਰ ਖਰੀਦ ਕੇ ਦਿੱਤੇ ਹਨ ਜੋ ਲਾਏ ਜਾ ਰਹੇ ਹਨ।

ਇਹ ਫਿਲਟਰ ਪਾਣੀ ਸਾਫ ਕਰਨ ਲੱਗ ਪਏ, ਪਰ ਕਾਂਵਾਂ ਤੋਂ ਹੰਸ ਬਨਣ ਦੀ ਫਰੇਬੀ ਕਹਾਣੀ ਦਾ ਹੁਣ ਕੀ ਕੀਤਾ ਜਾਵੇਗਾ? ਨਵੀਨੀ ਕਰਨ? ਮਸ਼ੀਨਾਂ ਫਿਲਟਰ ਲਾਏ ਸਰੋਵਰ ਦੀ ਸਫਾਈ ਭੀ ਕਰਾਈ। ਇਸ ਸਰੋਵਰ ਸਫਾਈ ਦੇ ਨਾਟਕ ਵਿਚ ਰਾਜਨੀਤੀ ਖੇਲ੍ਹੀ ਗਈ। ਐਨ ਚੋਣਾਂ ਦੀ ਤਰੀਕ ਨੇੜੇ ਆਉਣ ਤੇ ਸਾਰਾ ਫਰੇਬ ਕੀਤਾ ਗਿਆ ਤਾਂ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੋਟ ਵਿਚ ਬਦਲਿਆ ਜਾ ਸਕੇ। ਇਹਨਾਂ ਹੀ ਦਿਨਾਂ ਵਿਚ ਵਾਜਪਾਈ ਤੇ ਅਡਵਾਨੀ ਜੀ ਭੀ ਆ ਕੇ ਸਰੋਵਰ ਵਿਚੋਂ ਗਾਰਾ ਕੱਢਣ ਦੀ "ਸੇਵਾ" ਵਿਚ ਸ਼ਾਮਲ ਹੋਏ। ਕਿਉਂਕਿ ਪਹਿਲਾਂ ਹੀ ਇਹਨਾਂ ਤੋਂ ਪੁੱਛ ਕੇ ਇਹ ਤਰੀਕਾਂ ਨਿਸਚਿਤ ਕੀਤੀਆਂ ਗਈਆਂ ਸਨ। ਧੰਨ ਸਿੱਖੀ ਧੰਨ ਸੇਵਾ ਤੇ ਧੰਨ ਸਾਡਾ 'ਕਾਲੀ ਲੀਡਰ- ਪ੍ਰਕਾਸ਼ ਸਿੰਘ ਬਾਦਲ।

ਗਰੀਬੀ ਕਾਰਨ ਪੰਜਾਬ ਦਾ ਨੌਜਵਾਨ ਦਰ ਦਰ ਭਟਕ ਰਿਹਾ ਹੈ, ਗੁਰਮਤ ਤੋਂ ਸੱਖਣਾ ਹੈ, ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਵਾਹ ਮੇਰੀ ਕੌਮ ਦੇ ਮਲਾਹੋ ਬਲਿਹਾਰ! ਤੁਸੀਂ ਸੋਨੇ ਚਾਂਦੀ ਦੇ ਤਸਲੇ, ਕਹੀਆਂ ਨਾਲ "ਕਾਰ ਸੇਵਾ" ਕਰ ਰਹੇ ਹੋ? ਦਰਬਾਰ ਸਾਹਿਬ ਨੂੰ ਸੋਨੇ ਵਿਚ ਮੜ੍ਹ ਰਹੇ ਹੋ? ਦਸ ਕਰੋੜ ਸਿਕਲੀ ਗਿਰ ਤੇ ਵਣਜਾਰਾ ਸਿੱਖ ਰੋਟੀ ਤੋਂ ਆਤੁਰ ਹੈ, ਤਨੋ ਨੰਗਾ ਹੈ, ਪਾਣੀ ਸਿਹਤ ਸਹੂਲਤਾਂ, ਖਾਣਾ, ਪੜ੍ਹਾਈ, ਗੁਰਮਤ ਦੀ ਜਾਣਕਾਰੀ, ਉਹਨਾਂ ਤੱਕ ਕੁਝ ਭੀ ਕਦੇ ਨਹੀਂ ਪਹੁੰਚਿਆ ਤੇ ਤੁਸੀਂ ਗੁਰਦਵਾਰਿਆਂ ਤੇ ਮਾਰਬਲ ਲਗਵਾ ਰਹੇ ਹੋ? ਏ. ਸੀ. ਫਿੱਟ ਕਰਵਾ ਰਹੇ ਹੋ? "ਰੋਮ ਸੜ ਰਿਹਾ ਹੈ ਨੀਰੋ ਬੰਸਰੀ ਵਜਾ ਰਿਹਾ ਹੈ", ਇਸੇ ਨੂੰ ਨਹੀਂ ਆਖਾਂਗੇ? ਸਿੱਖਾਂ ਦੀ ਮਾਨਸਿਕ ਗਿਰਾਵਟ ਇਥੋਂ ਤੱਕ ਪੁੱਜ ਗਈ ਹੈ ਪਹਿਲੋਂ ਗੰਗਾ ਦਾ ਪਾਣੀ ਘਰਾਂ ਵਿਚ ਸਾਂਭ ਕੇ ਰੱਖਿਆ ਜਾਂਦਾ ਸੀ। ਫਿਰ ਦਰਬਾਰ ਸਾਹਿਬ ਸਰੋਵਰ ਦਾ ਜਲ ਸਾਂਭਿਆ ਜਾਣ ਲੱਗਾ ਤੇ ਹੁਣ ਕਾਰ ਸੇਵਾ ਰਾਹੀਂ ਸਰੋਵਰ ਵਿਚੋਂ ਨਿਕਲੀ ਮਿੱਟੀ ਗਾਰੇ ਨੂੰ ਘਰਾਂ ਵਿਚ ਸਾਂਭ ਕੇ ਰੱਖਿਆ ਜਾਵੇਗਾ। ਬਹੁਤ ਸਾਰੇ ਸ਼ਰਧਾਲੂ ਮਿੱਟੀ ਘਰਾਂ ਨੂੰ ਲਿਜਾਂਦੇ ਵੇਖੇ ਗਏ ਹਨ। ਕੁਝ ਇੱਕ ਜ਼ਿਆਦਾ ਸ਼ਰਧਾਵਾਨ ਇਸ ਮਿੱਟੀ ਨੂੰ ਪ੍ਰਸਾਦਿ ਸਮਝ ਕੇ ਖਾਂਦੇ ਭੀ ਹੋਣਗੇ। ਸ਼ੀਸ਼ੇ ਦੇ ਮਰਤਬਾਨਾਂ ਵਿਚ ਮਿੱਟੀ ਪਾ ਕੇ ਸੈਲਫਾਂ ਤੇ ਸਜਾਈ ਜਾਵੇਗੀ। ਜੇ ਪਵਿੱਤਰ ਗੁਰਬਾਣੀ ਨੇ, ਗੁਰੂ ਦੀ ਆਤਮਕ ਆਵਾਜ਼ ਨੇ, ਧੁਰ ਕੀ ਬਾਣੀ ਨੇ, ਤੁਹਾਡਾ ਕੁਝ ਨਹੀਂ ਸੰਵਾਰਿਆ ਤਾਂ ਮਿੱਟੀ ਕੀ ਸੰਵਾਰ ਦੇਵੇਗੀ? ਮਿੱਟੀ ਤੇ ਚਰਨਧੂੜ ਜਾਂ ਸਰੋਵਰ ਜਲ, ਇਹੀ ਉੱਚਤਮ ਹੋ ਗਿਆ? ਗੁਰੂ ਪਿਆਰ ਵਾਲਿਓ ਸੋਚੋ, ਵਿਚਾਰੋ ਗੁਰਬਾਣੀ ਹੀ ਮਹਾਨ ਹੈ। ਇਸੇ ਤੋਂ ਅਗਵਾਈ ਲਉ। ਵਿਕਾਰਾਂ ਨੂੰ ਤਿਆਗੋ ਤੇ ਨੇਕੀ ਵਾਲਾ ਸੁੱਚਾ ਜੀਵਨ ਬਤੀਤ ਕਰੋ। ਇਹੋ ਗੁਰਬਾਣੀ ਦਾ ਹੁਕਮ ਹੈ। ਗੁਰਬਾਣੀ ਨੂੰ ਅਰਥਾਂ ਸਮੇਤ ਪੜ੍ਹਨ ਦੀ ਖੇਚਲ ਕਰੋ।

ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ
(420)
ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ
ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ (421)

# ਸਤੰਬਰ 2012 ਨੂੰ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਵੱਲੋਂ

# ਸਿੱਖਾਂ ਦੀ ਨਿਘਾਰਤਾ 'ਤੇ ਟੋਰਾਂਟੋ 'ਚ ਹੋਈ ਵਿਸ਼ਵ ਕਾਨਫ੍ਰੰਸ











ਸਿੱਖਾਂ ਦੀ ਨਿਗ੍ਰਾਤਾ ਦਾ ਮੁਤਾਲਿਆ ਕਰਨ ਅਤੇ ਉਸ ਦਾ ਹੱਲ ਲੱਭਣ ਲਈ 9 ਸਤੰਬਰ, ਸੰਨ 2012 ਨੂੰ ਟੋਰਾਂਟੋ (ਕੈਨੇਡਾ) ਵਿਖੇ ਭਾਰੀ ਕਾਨਫਰੰਸ ਹੋਈ, ਜਿਸ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਆਏ ਵਿਦਵਾਨ ਬੁਲਾਰਿਆਂ ਅਤੇ ਪ੍ਰਬੰਧਕਾਂ ਨੇ ਹਿੱਸਾ ਲਿਆ। ਪਹਿਲੇ ਦੋ ਦਿਨ 7-8 ਸਤੰਬਰ ਨੂੰ ਸਿੰਘ ਸਭਾ ਇੰਟ੍ਰਨੈਸ਼ਨਲ ਦੇ ਸੰਵਿਧਾਨ ਤੇ ਚਰਚਾ ਹੋਈ ਜੋ ਬਹੁ - ਸੰਮਤੀ ਨਾਲ ਪਾਸ ਕੀਤਾ ਗਿਆ, ਦੇਸ਼ ਵਿਦੇਸ਼ ਤੋਂ ਆਏ ਡੈਲੀਗੇਟਾਂ ਨੇ ਆਪੋ ਆਪਣੇ ਵਿਚਾਰ ਰੱਖੇ ਅਤੇ ਸੁਝਾਵ ਵੀ ਦਿੱਤੇ। ਦੋ ਦਿਨ ਵਿਚਾਰ ਗੋਸ਼ਟੀ ਚਲਦੀ ਰਹੀ, ਐਤਵਾਰ 9 ਸਤੰਬਰ ਨੂੰ ਵਿਸ਼ਵ ਸਿੱਖ ਕਾਨਫਰੰਸ ਆਰੰਭ ਹੋਈ। ਸ੍ਰ ਮਨਜੀਤ ਸਿੰਘ ਸਹੋਤਾ ਨੇ ਸੈਕਟਰੀ ਦੀ ਸੇਵਾ ਨਿਭਾਈ। ਸਭ ਤੋਂ ਪਹਿਲਾਂ ਕਾਨਫਰੰਸ ਦੀ ਸਫਲਤਾ ਲਈ ਕੈਨੇਡਾ ਨਿਵਾਸੀ ਗਿ: ਕੇਵਲ ਸਿੰਘ ਨੇ ਅਰਦਾਸ ਕੀਤੀ। ਭਾਈ ਮਨਦੀਪ ਸਿੰਘ 'ਵਰਨਨ' ਤੇ ਭਾਈ ਬਲਜੀਤ ਸਿੰਘ 'ਵਿਨੀਪੈਗ' ਨੇ ਡੇਰਾਵਾਦ ਅਤੇ ਪਾਖੰਡਵਾਦ ਤੇ ਭਾਵ ਪੂਰਤ ਕਵੀਸ਼ਰੀ ਗਾਈ। ਸ੍ਰ. ਪਰਮਿੰਦਰ ਸਿੰਘ ਪ੍ਰਮਾਰ ਨੇ ਦੂਰੋਂ ਨੇੜਿਓਂ ਆਏ ਡੈਲੀਗੇਟਾਂ ਅਤੇ ਸੰਗਤਾਂ ਨੂੰ ਜੀ ਆਇਆਂ ਕਿਹਾ। ਸ੍ਰ.ਗੁਰਦੇਵ ਸਿੰਘ ਸੰਘਾ ਨੇ ਬੜੇ ਵਿਸਥਾਰ ਨਾਲ ਸਿੱਖੀ ਨਿਗ੍ਹਾਰਤਾ ਤੇ ਪਰਚਾ ਪੜ੍ਹਦੇ ਹੋਏ ਕਿਹਾ ਕਿ ਜਿਵੇਂ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਵੇਲੇ ਧਾਰਮਿਕ, ਰਾਜਨੀਤਨ ਲੀਡਰ ਲੁਕਾਈ ਨੂੰ ਲੁੱਟਦੇ ਸਨ ਉਸ ਤੋਂ ਵੀ ਕਿਤੇ ਵੱਧ ਅਜੋਕੇ ਪ੍ਰਬੰਧਕ, ਪ੍ਰਚਾਰਕ ਅਤੇ ਚੋਲਾਧਾਰੀ ਸੰਤ ਬਾਬੇ ਲੁੱਟ ਰਹੇ ਹਨ।


ਅਵਤਾਰ ਸਿੰਘ ਮਿਸ਼ਨਰੀ
510-432-5827
singhstudent@gmail.com

ਭਾਰਤ ਤੋਂ ਵਿਸ਼ੇਸ਼ ਸੱਦੇ ਤੇ ਆਏ ਵਿਦਵਾਨ ਸ੍ਰ.ਇੰਦਰ ਸਿੰਘ ਘੱਗਾ ਨੇ ਬੜੇ ਵਿਸਥਾਰ ਨਾਲ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅਜੋਕੀ ਹਾਲਤ ਦਾ ਬਿਆਨ ਕਰਦੇ ਕਿਹਾ ਕਿ ਬਾਬੇ ਨਾਨਕ ਨੇ ਅਜੋਕੇ ਸਾਧਨ ਨਾਂ ਹੁੰਦੇ ਵੀ ਜਿਸ ਤਨਦੇਹੀ ਅਤੇ ਦ੍ਰਿੜਤਾ ਨਾਲ ਸੱਚ ਦਾ ਪ੍ਰਚਾਰ ਕੀਤਾ ਤੋਂ ਸਾਨੂੰ ਵੀ ਸੇਧ ਲੈਣੀ ਚਾਹੀਦੀ ਹੈ, ਨਿਰਾ ਖੋਤੇ ਬਣ ਕੇ ਅਖੌਤੀ ਸੰਤ ਬਾਬੇ ਅਤੇ ਗੁਰਮਤਿਹੀਨ ਹੰਕਾਰੀ ਪ੍ਰਬੰਧਕਾਂ ਦਾ ਭਾਰ ਹੀ ਨਹੀਂ ਢੋਂਹਦੇ ਰਹਿਣਾ ਚਾਹੀਦਾ। ਉਨ੍ਹਾਂ ਬੜੇ ਵਿਅੰਗ ਨਾਲ ਕਿਹਾ ਕਿ ਅੱਜ 21ਵੀਂ ਸਦੀ ਵਿੱਚ ਵੀ ਸਿੱਖਾਂ ਦਾ ਆਪਣਾ ਮਜ਼ਬੂਤ ਮੀਡੀਆ ਨਹੀਂ ਹੈ ਅਤੇ ਕੌਮੀ ਸਰਮਾਇਆ ਕੋਟਾਂ, ਕਚਹਿਰੀਆਂ ਅਤੇ ਡੇਰਿਆਂ ਤੇ ਬਰਬਾਦ ਕੀਤਾ ਜਾ ਰਿਹਾ ਹੈ। ਰੋਜਵਿਲ ਕੈਲੇਫੋਰਨੀਆਂ ਤੋਂ ਆਏ ਸ੍ਰ ਹਰਦੇਵ ਸਿੰਘ ਸ਼ੇਰਗਿੱਲ ਸਿੰਘ ਸਭਾ ਦੇ ਇਤਿਹਾਸ ਤੇ ਚਾਨਣਾ ਪਾਂਦੇ ਕਿਹਾ ਕਿ ਪਹਿਲੀ ਸਿੰਘ ਸਭਾ ਸੰਨ 1873 ਅਤੇ ਦੂਜੀ 1879 ਵਿੱਚ ਪ੍ਰੋ.ਗੁਰਮੁਖ ਸਿੰਘ, ਗਿ: ਦਿੱਤ ਸਿੰਘ ਵਰਗੇ ਪੰਥਦਰਦੀਆਂ ਨੇ ਸਥਾਪਤ ਕਰਕੇ ਮਹੰਤਾਂ ਨੂੰ ਗੁਰਦੁਆਰਿਆਂ ਚੋਂ ਬਾਹਰ ਕੱਢਿਆ ਪਰ ਬ੍ਰਾਹਮਣਵਾਦੀ ਸਿੱਖ ਲੀਡਰਾਂ ਨੇ ਉਨ੍ਹਾਂ ਨੂੰ ਪੰਥ ਚੋਂ ਛੇਕ ਦਿੱਤਾ ਫਿਰ ਕਾਫੀ ਸਮੇਂ ਬਾਅਦ ਸੰਨ 2000 ਵਿੱਚ ਵਿਸ਼ਵ ਸਿੱਖ ਕਾਨਫਰੰਸ ਰੋਜਵਿੱਲ ਅਤੇ 2003 ਵਿੱਚ ਚੰਡੀਗੜ੍ਹ ਵਿਖੇ ਹੋਈ ਜਿਸ ਵਿੱਚ ਕਰੀਬ 5 ਹਜ਼ਾਰ ਸਿੱਖ ਪਹੁੰਚੇ, ਜਿਸ ਦੀ ਕਾਮਯਾਬੀ ਤੋਂ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਡੇਰੇਦਾਰ ਘਬਰਾਹ ਗਏ ਅਤੇ ਕਈ ਤਰਾਂ ਦੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ।

ਇਸ ਤੋਂ ਬਾਅਦ ਸਾਧ ਸਪੈਸ਼ਲਿਸਟ ਸ੍ਰ. ਕੁਲਦੀਪ ਸਿੰਘ ਰੇਡੀਓ ਸ਼ੇਰੇ ਪੰਜਾਬ ਜਿਨ੍ਹਾਂ ਨੇ ਦੋ ਵਾਰ ਫਤਿਹ ਬੁਲਾ ਕੇ ਡੈਲੀਗੇਟਾਂ ਦਾ ਧਿਆਨ ਖਿੱਚਦੇ ਕਿਹਾ ਕਿ ਸਿਆਣਿਆਂ ਦੀ ਵੱਡੀ ਭੀੜ ਨਹੀ ਹੁੰਦੀ ਅਤੇ ਭੀੜ ਵਿੱਚ ਬਹੁਤੇ ਸਿਆਣੇ ਨਹੀ ਹੁੰਦੇ। ਪੁਰਾਤਨ ਸਮੇਂ ਗੁਰਦੁਆਰੇ ਕੱਚੇ ਅਤੇ ਸਿੱਖ ਪੱਕੇ ਸਨ ਪਰ ਅੱਜ ਗੁਰਦੁਆਰੇ ਤਾਂ ਸੰਗਮਰ ਦੇ ਬਣ ਚੁੱਕੇ ਹਨ ਸਿੱਖ ਪੱਕੇ ਨਹੀਂ ਰਹੇ ਸਾਧਾਂ ਦੇ ਮਗਰ ਲੱਗੇ ਫਿਰਦੇ ਹਨ। ਉਨ੍ਹਾਂ ਨੇ ਬੜੇ ਰੋਹ ਵਿੱਚ ਆ ਕੇ ਕਿਹਾ ਕਿ ਮੈਂ ਪ੍ਰਣ ਕਰਦਾ ਹਾਂ ਕਿ ਸਿੱਖੀ ਨੂੰ ਲੱਗ ਚੁੱਕੀ ਇਹ ਸਾਧਾਂ ਰੂਪੀ "ਚਿੱਟੀ ਸਿਉਂਕ" ਨੂੰ ਸਿੱਖੀ ਦੇ ਗਲੋਂ ਜਿਨ੍ਹਾਂ ਚਿਰ ਲਾਹ ਨਹੀ ਲੈਂਦਾ ਕਦੇ ਚੈਨ ਨਾਲ ਨਹੀ ਬੈਠਾਂਗਾ, ਜਿੰਨੇ ਸਵਾਸ ਅਕਾਲ ਪੁਰਖ ਨੇ ਬਖਸ਼ੇ ਹਨ ਇਧਰ ਹੀ ਸਫਲੇ ਕਰਾਂਗਾ। ਅੱਜ ਸਾਧ ਲਾਣਾ ਸ਼ੇਰੇ ਪੰਜਾਬ ਤੋਂ ਇਉਂ ਡਰਦਾ ਹੈ ਜਿਵੇਂ ਸ੍ਰ. ਹਰੀ ਸਿੰਘ ਨਲੂਏ ਤੋਂ ਪਠਾਨ ਡਰਦੇ ਸਨ। ਸ੍ਰ. ਦਲਜੀਤ ਸਿੰਘ ਇੰਡਿਆਨਾਂ ਨੇ ਸਾਧਾਂ ਤੇ ਤਾਬੜਤੋੜ ਹਮਲਾ ਕਰਦਿਆਂ ਸਿੱਖ ਜਥੇਬੰਦੀਆਂ ਨੂੰ "ਸਿੱਖ ਯੂਥ" ਨੂੰ ਨਾਲ ਲੈ ਕੇ ਚੱਲਣ ਦੀ ਬੇਨਤੀ ਕਰਦੇ ਕਿਹਾ ਕਿ "ਅਖੌਤੀ ਸੰਤਾਂ ਦੇ ਕੌਤਕ" ਫੇਸ ਬੁੱਕ ਤੇ ਸਾਡੇ 65000 ਮੈਂਬਰ ਬਣ ਚੁੱਕੇ ਹਨ ਜੋ ਜਾਗੇ ਸਿੱਖਾਂ ਦੀ ਨਿਸ਼ਾਨੀ ਹੈ, ਅਸੀਂ ਇੰਡਿਆਨਾਂ ਚੋਂ ਭਰੇਵੇਵਾਲਾ ਅਤੇ ਢੱਡਰੀਆਂਵਾਲਾ ਆਦਿਕ ਰੰਗੀਲੇ ਸਾਧਾਂ ਨੂੰ ਭਜਾ ਚੁੱਕੇ ਹਾਂ।

ਸ੍ਰ. ਚਮਕੌਰ ਸਿੰਘ ਫਰਿਜ਼ਨੋ ਨੇ ਦਸਮ ਗ੍ਰੰਥ ਬਾਰੇ ਬੋਲਦੇ ਕਿਹਾ ਕਿ ਜਿਵੇਂ ਇੱਕ ਟੋਕਰਾ ਰੋਟੀਆਂ ਦੇ ਵਿੱਚ ਇੱਕ ਰੋਟੀ ਗੰਦੀ ਹੋਵੇ ਤਾਂ ਸਿਆਣੇ ਸਾਰਾ ਟੋਕਰਾ ਹੀ ਗਾਰਬੇਜ ਵਿੱਚ ਸੁੱਟ ਦਿੰਦੇ ਹਨ ਪਰ ਅਗਿਆਨੀ ਗੰਦ ਨਾਲ ਭਰੇ ਟੋਕਰੇ ਚੋਂ ਜਿਸ ਵਿੱਚ 99 ਰੋਟੀਆਂ ਗੰਦੀਆਂ ਤੇ ਇੱਕ ਰੋਟੀ ਚੰਗੀ ਲੱਭਦੇ ਰਹਿੰਦੇ ਹਨ। ਇਹ ਹੀ ਹਾਲ ਅੱਜ ਅਖੌਤੀ ਸਿੱਖਾਂ ਦਾ ਹੈ ਜੋ ਦਸਮ ਗ੍ਰੰਥ ਦੇ ਟੋਕਰੇ ਚੋਂ ਚੰਗੀ ਰਚਨਾ ਭਾਲ ਰਹੇ ਹਨ ਜੋ 99% ਗੰਦੀਆਂ ਅਤੇ ਬ੍ਰਾਹਮਣੀ ਰੰਗਤ ਰਚਨਾਵਾਂ ਨਾਲ ਭਰਿਆ ਪਿਆ ਹੈ। ਸ੍ਰ. ਜੋਰਾ ਸਿੰਘ ਰਾਜੋਆਣਾ ਨੇ ਬੋਲਦੇ ਕਿਹਾ ਕਿ ਸਿੱਖ ਤੇਗਧਾਰਕ ਹੈ ਤੇਗਪੂਜਕ ਨਹੀਂ ਪਰ ਅੱਜ ਬਹੁਤੇ ਸਿੱਖ ਤੇਗਪੂਜਕ ਹੋ ਕੇ ਅਰਸ਼ ਤੋਂ ਫਰਸ਼ ਤੇ ਗਿਰ ਗਏ ਹਨ। ਇਸ ਤੋਂ ਬਾਅਦ ਭਰੇ ਇਕੱਠ ਵਿੱਚ ਮਤੇ ਪਾਸ ਕੀਤੇ ਗਏ-

ਪਹਿਲਾ ਮਤਾ ਸ੍ਰ. ਮਲਕੀਤ ਸਿੰਘ ਜਰਮਨੀ ਨੇ ਪੜ੍ਹਿਆ ਕਿ-ਸਿੱਖਾਂ ਦੇ ਖਾਣ-ਪੀਣ, ਉੱਠਣ-ਬੈਠਣ, ਜੰਮਨ-ਮਰਨ, ਵਿਆਹ-ਸ਼ਾਦੀ ਆਦਿ ਸਭ ਕਾਜ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਅਨੁਸਾਰ ਹੋਣੇ ਚਾਹੀਦੇ ਹਨ। ਗੁਰੂ ਗ੍ਰੰਥ ਤੋਂ ਬਿਨਾਂ ਹੋਰ ਕੋਈ ਗ੍ਰੰਥ ਸਾਡਾ ਸਿੱਖਿਆ ਦਾਤਾ ਨਹੀਂ। ਅੱਜ ਦਾ ਇਕੱਠ ਅਖੌਤੀ ਦਸਮ ਗ੍ਰੰਥ ਨੂੰ ਰੱਦ ਕਰਦਾ ਹੈ। ਸੂਰਜ ਪ੍ਰਕਾਸ਼, ਭਗਤ








ਮਾਲ, ਗੁਰਬਿਲਾਸ ਪਾ: 6ਵੀਂ ਆਦਿਕ ਗੁਰਮਤ ਵਿਰੋਧੀ ਗ੍ਰੰਥ ਹਨ। ਰਾਗਮਾਲਾ ਗੁਰਬਾਣੀ ਨਹੀਂ ਅਤੇ ਭਾਈ ਗੁਰਦਾਸ ਦੀਆਂ 40 ਵਾਰਾਂ ਨੂੰ ਮਾਨਤਾ ਦਿੰਦਾ ਹੈ। ਦੂਜੇ ਭਾਈ ਗੁਰਦਾਸ ਦੀ 41 ਵੀਂ ਵਾਰ ਜੋ "ਗੁਰ ਪੂਜ ਮਨਾਈ ਕਾਲਕਾਂ" ਨੂੰ ਅੱਜ ਦਾ ਇਕੱਠ ਰੱਦ ਕਰਦਾ ਹੈ।

ਦੂਜਾ ਮਤਾ ਦਾਸ ਅਵਤਾਰ ਸਿੰਘ ਮਿਸ਼ਨਰੀ ਨੇ ਪੜ੍ਹਿਆ ਕਿ-ਗੁਰੂ ਨਾਨਕ ਪਾਤਸ਼ਾਹ ਦਾ ਜਨਮ ਪਹਿਲੀ ਵੈਸਾਖ, 14 ਅਪ੍ਰੈਲ, ਦਾ ਮਨਾਇਆ ਜਾਣਾ ਚਾਹੀਦਾ ਹੈ। ਇਹ ਫੈਸਲਾ ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨਾਂ ਕਰਮ ਸਿੰਘ ਹਿਸਟੋਰੀਅਨ, ਡਾ: ਗੰਡਾ ਸਿੰਘ, ਭਾਈ ਕਾਹਨ ਸਿੰਘ ਨਾਭਾ, ਪ੍ਰੋ: ਸਾਹਿਬ ਸਿੰਘ, ਹਰੀ ਰਾਮ ਗੁਪਤਾ, ਮੈਕਸ ਆਰਥਰ ਮੈਕਾਲਿਫ ਦੀ ਖੋਜ ਤੇ ਅਧਾਰਤ ਹੈ। ਨਾਲੇ ਜਨਮ ਸਾਖੀ ਮੇਹਰਬਾਨ ਵਾਲੀ, ਬੀ-40, ਜਨਮ ਸਾਖੀ ਵਲੈਤ ਵਾਲੀ, ਪੁਰਾਤਨ ਜਨਮ ਸਾਖੀ ਅਤੇ ਪੱਥਰ ਦੇ ਛਾਪੇ ਵਾਲੀ ਜਨਮ ਸਾਖੀ (ਜੋ ਖਾਲਸਾ ਕਾਲਜ ਦੇ ਆਰਕਾਈਵਜ਼ ਵਿਭਾਗ ਵਿਚ ਸਾਂਭੀ ਪਈ ਹੈ) ਆਦਿ ਵਿਚ ਵੀ ਇਹੋ ਜਨਮ ਤਿੱਥੀ ਦਰਜ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪ੍ਰਗਟ ਕਰਨ ਦਾ ਦਿਨ ਵੈਸਾਖੀ ਚੁਨਣਾ ਵੀ ਆਪਣੇ ਆਪ ਵਿਚ ਇਕ ਸਬੂਤ ਹੈ। "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ (1 ਵੈਸਾਖ)" ਭਾਈ ਗੁਰਦਾਸ। ਹੋਰ ਵਿਸਥਾਰ ਲਈ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਦੇ ਸਤੰਬਰ, 2012 ਅਤੇ ਖਾਲਸਾ ਅਖ਼ਬਾਰ ਦੇ ਪੰਨਾ 11 ਤੇ ਛਪੇ ਸ੍ਰ. ਪਾਲ ਸਿੰਘ ਪੁਰੇਵਾਲ ਦੇ ਲੇਖ ਨੂੰ ਪੜ੍ਹ ਕੇ ਤਸੱਲੀ ਕੀਤੀ ਜਾ ਸਕਦੀ ਹੈ। ਭਾਈ ਮਿਸ਼ਨਰੀ ਨੇ ਸਿੱਖਾਂ ਨੂੰ ਸਵਾਲ ਕੀਤਾ ਕਿ ਗੁਰੂ ਸਾਹਿਬ ਨੇ ਨਿਰਮਲ ਪੰਥ (ਖਾਲਸਾ ਪੰਥ) ਚਲਾਇਆ ਸੀ ਜਾਂ ਭਾਂਤ-ਸੁਭਾਂਤੇ ਡੇਰੇ ਅਤੇ ਟਕਸਾਲਾਂ?

ਤੀਜਾ ਮਤਾ ਕੈਨੇਡਾ ਨਿਵਾਸੀ ਸ੍ਰ. ਮਨਜੀਤ ਸਿੰਘ ਪਿਆਸਾ ਨੇ ਪੜ੍ਹਿਆ ਕਿ-ਗੁਰਬਾਣੀ ਮੁਤਾਬਕ ਨਵੇਂ ਸਾਲ ਦਾ ਅਰੰਭ ਚੇਤ ਦੇ ਮਹੀਨੇ ਤੋਂ ਹੁੰਦਾ ਹੈ ਤੇ ਗੁਰੂ ਨਾਨਕ ਪਿਤਾ ਦਾ ਜਨਮ ਵੈਸਾਖ 'ਚ ਹੈ। ਹਰ ਕੌਮ ਦਾ ਆਪਣਾ ਆਪਣਾ ਕੈਲੰਡਰ ਹੈ ਜੋ ਉਨ੍ਹਾਂ ਦੇ ਬਾਨੀ ਦੇ ਜਨਮ ਤਿਥੀ ਵਾਲੇ ਸਾਲ ਤੋਂ ਆਰੰਭ ਹੁੰਦਾ ਹੈ। ਜੇਕਰ ਸਿੱਖ ਵੀ ਇਕ ਕੌਮ ਹੈ ਤਾਂ ਇਸ ਦਾ ਵੀ ਆਪਣਾ ਕੈਲੰਡਰ ਹੋਣਾ ਚਾਹੀਦਾ ਹੈ। ਸਾਡਾ ਕੈਲੰਡਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਦੇ ਜਨਮ ਦਿਨ ਵਾਲੇ ਸਾਲ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਇਸ ਕਰ ਕੇ ਸ੍ਰ ਪਾਲ ਸਿੰਘ ਪੁਰੇਵਾਲ ਜੀ, ਐਡਮਿੰਟਨ ਕੈਨੇਡਾ ਵਾਲਿਆਂ ਵੱਲੋਂ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ, ਜੋ ਸੰਨ 2003 'ਚ ਬਗੈਰ ਕਿਸੇ ਸਮਝੌਤੇ ਦੇ ਸ਼੍ਰੋ.ਗੁ.ਪ੍ਰ. ਕਮੇਟੀ ਅੰਮ੍ਰਿਤਸਰ ਕੋਲ ਪਾਸ ਕਰਨ ਤੋਂ ਪਹਿਲਾਂ ਪੇਸ਼ ਕੀਤਾ ਸੀ, ਨੂੰ ਹੀ ਅੱਜ ਦਾ ਇਹ ਇਕੱਠ ਮਾਨਤਾ ਦਿੰਦਾ ਹੈ।

ਚੌਥਾ ਮਤਾ ਕਨੇਡਾ ਨਿਵਾਸੀ ਗਿ: ਕੇਵਲ ਸਿੰਘ ਨੇ ਪੜ੍ਹਿਆ ਕਿ-ਸਿੱਖਾਂ ਦੇ ਧਿੰਗੋ-ਜੋਰੀ ਬਣਾਏ ਗਏ ਕੌਮੀ ਗੀਤ, "ਦੇਹਿ ਸ਼ਿਵਾ ਬਰ ਮੋਹਿ ਇਹੈ" ਜੋ ਬਚਿਤ੍ਰ ਨਾਟਿਕ ਪ੍ਰਚੱਲਤ ਨਾਮ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਪੰਨਾ 99 ਤੇ ਦਰਜ ਹੈ, ਨੂੰ ਅੱਜ ਦਾ ਇਕੱਠ ਰੱਦ ਕਰਦਾ ਹੈ। ਜਦੋਂ ਪਿਆਰਾ ਸਿੰਘ ਪਦਮ ਹੀਰ ਲਿਖਣ ਵਾਲਿਆਂ ਦਾ ਜ਼ਿਕਰ ਕਰਦੇ ਹਨ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਹੀਰ ਲਿਖਣ ਵਾਲਿਆਂ ਵਿਚ ਸ਼ਾਮਲ ਕਰਦੇ ਹੋਏ ਪ੍ਰਚੱਲਤ ਨਾਮ "ਦਸਮ ਸ੍ਰੀ ਗੁਰੂ ਗਰੰਥ ਸਾਹਿਬ ਜੀ" ਦੇ ਪੰਨਾ 710 ਤੇ ਦਰਜ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਗੀਤ ਦਾ ਵੇਰਵਾ ਦਿੰਦੇ ਹਨ ਕਿਉਂਕਿ ਅਸੀਂ "ਗੁਰੂ ਗ੍ਰੰਥ ਸਾਹਿਬ ਜੀ" ਤੋਂ ਬਾਹਰ ਕਿਸੇ ਹੋਰ ਰਚਨਾ ਨੂੰ ਸਵੀਕਾਰ ਹੀ ਨਹੀਂ ਕਰਦੇ, ਇਸ ਕਰ ਕੇ ਅੱਗੇ ਲਿਖੇ ਕੁਝ ਸਲੋਕ "ਗੁਰੂ ਗ੍ਰੰਥ ਸਾਹਿਬ ਜੀ" ਵਿਚੋਂ ਲੈਂਣ ਦਾ ਸੁਝਾਓ ਦਿੰਦੇ ਹਾਂ-

ੳ) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥ ਲੋਗਾ ਭਰਮਿ ਨ ਭੂਲਹੁ ਭਾਈ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ 1349॥

ਅ) ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ) ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥{1102}॥

ਸ) ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ { ਮ:1, ਪੰਨਾ 141}

ਹ) ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ {ਪੰਨਾ 1105}

ਸੋ "ਦੇਹਿ ਸ਼ਿਵਾ ਬਰ ਮੋਹਿ ਇਹੈ" ਬਾਰੇ ਜੇ ਕੋਈ ਹੋਰ ਜ਼ਿਆਦਾ ਜਾਣਕਾਰੀ ਲੈਂਣੀ ਚਾਹੁੰਦਾ ਹੋਵੇ ਤਾਂ www.simghsabhacanada.com 'ਤੇ ਕਿਤਾਬਾਂ ਵਾਲੇ ਫੋਲਡਰ ਵਿੱਚ ਜਾ ਕੇ ਲੈ ਸਕਦਾ ਹੈ।

ਉਪ੍ਰੰਤ ਸ੍ਰ. ਕੁਲਵੰਤ ਸਿੰਘ ਧਾਲੀਵਾਲ ਇੰਗਲੈਂਡ ਨੇ ਆਪਣੀ ਦਰਦ ਭਰੀ ਤਕਰੀਰ ਵਿੱਚ ਪੰਜਾਬ ਦੇ ਹਲਾਤਾਂ ਦਾ ਜ਼ਿਕਰ ਕਰ ਕੇ ਹਲੂਣਾ ਦਿੱਤਾ ਕਿ ਪੰਜਾਬ ਕੈਂਸਰ ਅਤੇ ਬਾਬਾਵਾਦ ਦੀ ਗ੍ਰਿਫਤ ਵਿੱਚ ਆ ਚੁੱਕਾ ਹੈ। ਗੁਰੂ ਨਾਨਕ ਜਿਨ੍ਹਾਂ ਨੇ ਕਿਹਾ ਸੀ "ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨ" ਓਥੇ ਹੀ ਧੀਆਂ ਦੀ ਭਰੂਣ ਹਤਿਆ ਹੋ ਰਹੀ ਹੈ। ਸਿੱਖ ਕੌਮ ਅਤੇ ਪੰਜਾਬੀਆਂ ਦਾ ਪੈਸਾ, ਕੁਰੱਪਟ ਲੀਡਰ ਅਤੇ ਡੇਰੇ ਹਜ਼ਮ ਕਰੀ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਐਸ ਵੇਲੇ ਪੰਜਾਬ ਨੂੰ ਤਿੰਨ ਚੀਜ਼ਾਂ ਦੀ ਲੋੜ ਹੈ-ਵਿਦਿਆ, ਸਾਫ ਪਾਣੀ ਅਤੇ ਮੈਡੀਕਲ। ਉਹ ਆਪਣੇ ਨਾਲ ਡਾਕਟਰਾਂ ਦੀ ਟੀਮ ਲੈ ਕੇ ਪੰਜਾਬ ਦੇ ਕੈਂਸਰ ਮਾਰੇ ਪਿੰਡਾਂ ਵਿੱਚ ਜਾ ਕੇ ਰੋਗੀਆਂ ਦੀ ਸੇਵਾ ਕਰ ਰਹੇ ਹਨ। ਆਸਟ੍ਰੇਲੀਆ ਤੋਂ ਡਾ. ਬਾਵਾ ਸਿੰਘ ਜਗਦੇਵ ਨੇ ਕਿਹਾ ਕਿ ਗੁਰਬਾਣੀ ਹਰੇਕ ਨੂੰ ਸਾਂਝਾ ਉਪਦੇਸ਼ ਦਿੰਦੀ ਹੈ ਪਰ ਕੱਟੜਵਾਦੀਆਂ ਦੀਆਂ ਪਾਬੰਦੀਆਂ ਅਤੇ ਬੇਫਜ਼ੂਲ ਕਰਮ ਕਾਂਡਾਂ ਕਰ ਕੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਕੀਤਾ ਜਾ ਰਿਹਾ ਹੈ। ਅਜੋਕੇ ਸਿੱਖ ਸੰਤ ਬਾਬਿਆਂ ਦੇ ਮੱਗਰ ਲੱਗੇ ਫਿਰਦੇ ਹਨ। ਸਿੱਖ ਘਰਾਂ ਚ' ਮੂਰਤੀ ਪੂਜਾ ਹੋ ਰਹੀ ਹੈ। ਓਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਗੈਰ ਕੇਸਾਧਾਰੀ ਸਿੱਖਾਂ ਨੂੰ ਵੀ ਗੁਰਬਾਣੀ ਪੜ੍ਹਨ ਵਿਚਾਰਨ ਅਤੇ ਧਾਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਕੈਲਗਰੀ ਤੋਂ ਸ੍ਰ. ਹਰਚਰਨ ਸਿੰਘ "ਸਿੱਖ ਵਿਰਸਾ" ਵਾਲਿਆਂ ਨੇ ਸੰਸਾਰ ਦੇ ਧਰਮਾਂ ਬਾਰੇ ਪਰਚਾ ਪੜ੍ਹਦਿਆਂ ਦਰਸਾਇਆ ਕਿ ਬਹੁਤੇ ਧਰਮ ਅੰਧਵਿਸ਼ਵਾਸ਼ਾਂ ਅਤੇ ਥੋਥੇ ਕਰਮਕਾਂਡਾਂ ਤੋਂ ਹੋਂਦ ਵਿੱਚ ਆਏ, ਹਰੇਕ ਨਵਾਂ ਧਰਮ ਪਹਿਲਿਆਂ ਦੀਆਂ ਕਮੀਆਂ ਦੱਸ ਕੇ ਸ਼ੁਰੂ ਹੋਇਆ ਹੈ। ਹਰੇਕ ਪੈਗੰਬਰ ਨਵਾਂ ਧਰਮ ਚਲਾਉਂਦਾ ਹੈ। ਹਰੇਕ ਧਰਮ ਦੇ ਆਪਣੇ ਗ੍ਰੰਥ ਹਨ ਜੋ ਆਪਾ ਵਿਰੋਧੀ ਵੀ ਹਨ ਪਰ ਗੁਰੂ ਗ੍ਰੰਥ ਸਾਹਿਬ ਸਿੱਖ ਗੁਰੂਆਂ ਦਾ ਆਪਣੇ ਹੱਥੀਂ ਲਿਖਿਆ ਸਰਬ ਸਾਂਝਾ ਗ੍ਰੰਥ ਹੈ। ਉਨ੍ਹਾਂ ਅਸਲੀ ਧਰਮ ਦੀ ਪ੍ਰਭਾਸ਼ਾ ਦਿੰਦਿਆ ਕਿਹਾ ਕਿ ਸੱਚ, ਸਿਧਾਂਤ ਅਤੇ ਮਰਯਾਦਾ ਧਰਮ ਦੇ ਪ੍ਰਮੁੱਖ ਅੰਗ ਹਨ।

ਇਸ ਵਿਸ਼ਵ ਸਿੱਖ ਕਾਨਫਰੰਸ ਵਿੱਚ ਵਿਸ਼ੇਸ਼ ਤੌਰ ਤੇ ਬੜੇ ਜੋਸ਼ੋ ਗਰੋਸ਼ ਨਾਲ ਪੰਥ ਦੇ ਮਹਾਨ ਵਿਦਵਾਨ ਲਿਖਾਰੀ ਜਿਨ੍ਹਾਂ ਨੇ "ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ" ਪੁਸਤਕ 10 ਭਾਗਾਂ ਵਿੱਚ ਲਿਖ ਕੇ ਸਿੱਖੀ ਦੇ ਵਿਹੜੇ ਵਿੱਚ ਆ ਵੜੇ ਬ੍ਰਾਹਮਣੀ ਕਰਮਕਾਂਡ ਅਤੇ ਵਿਗਾੜੇ ਗਏ ਸਿੱਖ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ ਹੈ, ਪ੍ਰਵਾਰ ਸਮੇਤ ਪਹੁੰਚੇ ਸ੍ਰ. ਗੁਰਬਖਸ਼ ਸਿੰਘ ਕਾਲਾ ਅਫਗਾਨਾ ਅਤੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਪ੍ਰਕਾਸ਼ ਕੌਰ ਨੂੰ "ਗੋਲਡ ਮੈਡਲ" ਨਾਲ ਭਰੀ ਸਭਾ ਵਿੱਚ ਸਟੇਜ ਤੇ ਸਨਮਾਨਤ ਕੀਤਾ ਗਿਆ। ਉਹ ਬਜ਼ੁਰਗ ਅਵਸਥਾ ਅਤੇ ਸਿਹਤ ਨਾ ਠੀਕ ਹੋਣ ਕਰਕੇ ਬਹੁਤਾ ਸਟੇਜ ਤੇ ਬੋਲ ਨਾ ਸਕੇ। ਇਨ੍ਹਾਂ ਦੇ ਨਾਲ ਹੀ ਕੌਮ ਦੇ ਨਿਧੜਕ ਲੇਖਕ ਅਤੇ ਬੁਲਾਰੇ ਪ੍ਰੋ. ਇੰਦਰ ਸਿੰਘ ਘੱਗਾ ਜਿਨ੍ਹਾਂ ਨੇ ਕਈ ਵਾਰ ਆਪਣੀ ਜਾਨ ਜੋਖਮ ਵਿੱਚ ਪਾ ਕੇ ਕਿਤਾਬਾਂ ਲਿਖੀਆਂ, ਗੋਸ਼ਟੀਆਂ, ਰੇਡੀਓ ਟਾਕ ਸ਼ੋਅ ਅਤੇ ਕਥਾ ਕੀਤੀਆਂ ਜਿਨ੍ਹਾਂ ਤੇ ਅਗਿਆਨੀ ਅਤੇ ਕੱਟੜਵਾਦੀ ਸਿੱਖਾਂ ਵੱਲੋਂ ਹਮਲੇ ਵੀ ਹੋਏ ਪਰ ਉਹ ਘਬਰਾਏ ਨਹੀਂ ਸਗੋਂ ਰਾਤ ਦਿਨ ਇੱਕ ਕਰ ਕੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ, ਨੂੰ ਵੀ "ਗੋਲਡ ਮੈਡਲ" ਨਾਲ ਸਨਮਾਨਤ ਕੀਤਾ ਗਿਆ। ਸਿੱਖ ਕੌਮ ਦੀ ਨਿਧੜਕ ਅਵਾਜ਼, ਸੱਚ-ਹੱਕ ਤੇ ਪਹਿਰਾ ਦੇਣ ਅਤੇ ਰੇਡੀਓ ਸ਼ੇਰੇ ਪੰਜਾਬ ਦੇ ਟਾਕ ਸ਼ੋਆਂ ਰਾਹੀਂ ਭੇਖੀ ਸਾਧਾਂ ਅਤੇ ਕੁਰੱਪਟ ਲੀਡਰਾਂ ਨੂੰ ਨੰਗਾ ਕਰਨ ਵਾਲੇ ਸ੍ਰ. ਕੁਲਦੀਪ ਸਿੰਘ ਸ਼ੇਰੇ ਪੰਜਾਬ ਨੂੰ ਵਿਸ਼ੇਸ਼ "ਗੋਲਡ ਮੈਡਲ" ਦਿੱਤਾ ਗਿਆ। ਇਸ ਤੋਂ ਇਲਾਵਾ ਸ੍ਰ. ਰਘਬੀਰ ਸਿੰਘ ਸਮੱਘ ਜਿਨ੍ਹਾਂ ਨੇ ਦਸਮ ਗ੍ਰੰਥ ਬਾਰੇ ਬੀਬੀ ਜੁਗਰਾਜ ਕੌਰ ਨਾਲ ਇੰਟ੍ਰਵਿਊ ਕਰ ਕੇ ਵੀਡੀਓ ਸੀਡੀ ਬਣਾ ਕੇ ਵੰਡੀ ਹੈ ਅਤੇ ਵੱਡੇ ਵੱਡੇ ਸਾਧਾਂ ਦੀਆਂ ਚਰਚਾ ਵਿੱਚ ਗੋਡਨੀਆਂ ਲਵਾਈਆਂ ਹਨ ਨੂੰ ਵੀ "ਗੋਲਡ ਮੈਡਲ" ਦਿੱਤਾ ਗਿਆ।

ਵਿਸ਼ਵ ਸਿੱਖ ਕਾਨਫਰੰਸ ਦੇ ਬਾਨੀ ਸ੍ਰ. ਹਰਦੇਵ ਸਿੰਘ ਸ਼ੇਰਗਿੱਲ, ਮਨਦੀਪ ਸਿੰਘ 'ਵਰਨਨ', ਬਲਜੀਤ ਸਿੰਘ ਵਿਨੀਪੈਗ, ਸ੍ਰ. ਹਰਚਰਨ ਸਿੰਘ ਐਡੀਟਰ ਸਿੱਖ ਵਿਰਸਾ, ਸਤਿੰਦ੍ਰਪਾਲ ਸਿੰਘ ਚੱਡਾ ਇੰਗਲੈਂਡ, ਸਾਧਾਂ ਮੂਹਰੇ ਬੜ੍ਹਕਨ ਵਾਲੇ ਸ੍ਰ. ਸੁਰਿੰਦਰ ਸਿੰਘ ਸ਼ੇਰਗਿੱਲ 'ਕੈਲੋਨਾ' ਅਤੇ ਸ੍ਰ. ਕੁਲਵੰਤ ਸਿੰਘ ਧਾਲੀਵਾਲ ਇੰਗਲੈਂਡ ਨੂੰ ਵੀ ਵਿਸ਼ੇਸ਼ ਤੌਰ ਤੇ ਪਲੇਕਾਂ ਦੇ ਕੇ ਸਨਮਾਨਤ ਕੀਤਾ ਗਿਆ। ਸੰਗਤ ਅਤੇ ਆਏ ਡੈਲੀਗੇਟਾਂ ਦੀ ਮੰਗ ਤੇ ਸ੍ਰ. ਇੰਦਰ ਸਿੰਘ ਘੱਗਾ ਜੀ ਨੂੰ ਦੁਬਾਰਾ ਬੋਲਣ ਦਾ ਸਮਾਂ ਦਿੱਤਾ ਗਿਆ ਜਿਸ ਵਿੱਚ ਉਨ੍ਹਾਂ ਨੇ ਸੰਘਰਸ਼ ਕਰ ਰਹੀਆਂ ਕੌਮਾਂ ਅਤੇ ਕੌਮੀ ਲੀਡਰਾਂ ਦਾ ਜ਼ਿਕਰ ਕਰਦੇ ਕਿਹਾ ਕਿ ਬਹਾਦਰ ਯਹੂਦੀ ਕੌਮ ਲੰਬਾ ਸਮਾਂ ਸੰਘਰਸ਼ ਕਰ ਕੇ ਅਜ਼ਾਦ ਹੋਈ, ਅੱਜ ਉਹ ਦੇਸ਼ ਦੇ ਮਾਲਕ ਹਨ। ਸਿਆਣੀਆਂ ਕੌਮਾਂ ਨੁਕਸਾਨ ਘੱਟ ਅਤੇ ਪ੍ਰਪਤੀਆਂ ਵੱਧ ਕਰਦੀਆਂ ਹਨ ਪਰ ਸਿੱਖਾਂ ਨੇ ਦੂਜਿਆਂ ਦੀ ਭਲਾਈ ਖਾਤਰ ਅਨੇਕਾਂ ਤਹੀਹੇ ਸਹਿੰਦੇ ਹੋਏ ਕਈ ਵਾਰ ਜਾਨਾਂ ਵਾਰੀਆਂ ਅਤੇ ਹੁਣ ਤੱਕ ਵਾਰਦੇ ਆ ਰਹੇ ਹਨ ਪਰ ਪ੍ਰਾਪਤੀ ਜ਼ੀਰੋ ਬਰਾਬਰ ਹੈ। ਕਿਸੇ ਵੇਲੇ ਰਾਜ ਭਾਗ ਦੀ ਮਾਲਕ ਸਿੱਖ ਕੌਮ ਕੋਲ ਆਪਣਾ ਕੋਈ ਘਰ (ਦੇਸ਼) ਨਹੀਂ ਹੈ ਉਲਟਾ ਕੌਮ ਫੁੱਟ ਅਤੇ ਭਰਾਮਾਰੂ ਜੰਗ ਦਾ ਸ਼ਿਕਾਰ ਹੈ। ਕੌਮ ਦੇ ਲੀਡਰਾਂ ਨੂੰ ਹੁਣ ਸੋਚਣਾ ਚਾਹੀਦਾ ਹੈ ਕਿ ਅਜੇ ਵੀ ਮਰੀ ਜਾਣਾ ਹੈ ਜਾਂ ਸਿਰ ਨਾਲ ਸਿਰ ਜੋੜ ਕੇ ਭਾਵ ਇਕੱਠੇ ਹੋ ਕੇ ਕੁਝ ਹਾਸਲ ਕਰਨਾ ਹੈ।

ਸ੍ਰ.ਗੁਰਚਰਨ ਸਿੰਘ ਜਿਊਣਵਾਲਾ, ਸ੍ਰ. ਸਿਕੰਦਰਜੀਤ ਸਿੰਘ, ਸ੍ਰ. ਜਸਬੀਰ ਸਿੰਘ, ਸ੍ਰ. ਮਨਜੀਤ ਸਿੰਘ ਪਿਆਸਾ, ਸ੍ਰ. ਮਨਜੀਤ ਸਿੰਘ ਸਹੋਤਾ, ਸ੍ਰ ਮਨਦੀਪ ਸਿੰਘ ਗਿੱਲ, ਸ੍ਰ ਸੁਖਦੇਵ ਸਿੰਘ, ਪਰਮਿੰਦਰ ਸਿੰਘ ਪਰਮਾਰ ਅਤੇ ਸਮੁੱਚੀ ਸਿੰਘ ਸਭਾ ਕੈਨੇਡਾ ਖਾਸ ਕਰਕੇ ਸ੍ਰ. ਗੁਰਚਰਨ ਸਿੰਘ ਜਿਊਣਵਾਲਾ ਜਿਨ੍ਹਾਂ ਦੀ ਅਣਥੱਕ ਮਿਹਨਤ ਅਤੇ ਤਾਲਮੇਲ ਸਦਕਾ ਇਹ ਕਾਨਫਰੰਸ ਸਫਲ ਹੋਈ, ਜਿਨ੍ਹਾਂ ਦੇ ਸੱਦੇ ਅਤੇ ਕੌਮੀ ਦਰਦ ਕਰ ਕੇ ਵੱਖ ਵੱਖ ਦੇਸ਼ਾਂ ਤੋਂ 60 ਡੈਲੀਗੇਟਾਂ ਸਮੇਤ ਕਰੀਬ 550 ਸਿੰਘ ਸਿੰਘਣੀਆਂ ਨੇ ਇਸ ਕਾਨਫਰੰਸ ਵਿੱਚ ਭਾਗ ਲਿਆ। ਸ੍ਰ. ਮਨਦੀਪ ਸਿੰਘ ਗਿੱਲ ਅਤੇ ਸਾਥੀਆਂ ਨੇ ਦੂਰੋਂ ਆਏ ਸਿੰਘਾਂ ਨੂੰ ਏਅਰ ਪੋਰਟ ਤੋਂ ਚੁੱਕਣ ਅਤੇ ਛੱਡਣ ਦੀ ਅਣਥੱਕ ਸੇਵਾ ਨਿਭਾਈ। ਵਿਅੰਗਮਈ ਕਹਾਣੀਆਂ ਦੇ ਨਿਧੜਕ ਲੇਖਕ ਸ੍ਰ. ਗੁਰਦੇਵ ਸਿੰਘ ਸੱਧੇਵਾਲੀਆ ਅਤੇ ਖਾਲਸਾ ਨਿਊਜ਼ ਦੇ ਐਡੀਟਰ ਸ੍ਰ. ਬਖਸ਼ੀਸ਼ ਸਿੰਘ, ਜਾਗੋ ਖਾਲਸਾ ਦੇ ਸ੍ਰ. ਕੁਲਦੀਪ ਸਿੰਘ ਨਿਊਯਾਰਕ, ਪੀ.ਟੀ.ਸੀ. ਟੀ ਵੀ, ਏ.ਟੀ.ਐਮ. ਟੀ ਵੀ, ਸੁਰ ਸਾਗਰ, ਰੰਗਲਾ ਪੰਜਾਬ ਰੇਡੀਓ, ਰੁਣਝੁਣ ਟੀ.ਵੀ.,ਮੀਡੀਏ ਵਾਲੇ ਫਰੀਲਾਂਸਰ ਲੇਖਕ ਅਤੇ ਪੱਤਰਕਾਰ ਬਲਬੀਰ ਸਿੰਘ ਮੋਮੀ, ਰੇਡੀਓ ਪੱਤਰਕਾਰ ਜੈਕਾਰ ਲਾਲ ਦੁੱਗਲ ਆਦਿ ਕਾਨਫਰੰਸ ਦੀ ਕਵਰੇਜ ਕਰਦੇ ਰਹੇ। ਫੋਨ ਰਾਹੀਂ ਗੱਲ ਬਾਤ ਕਰਨ ਵਾਲੇ ਲੇਖਕ, ਪਾਠਕ ਅਤੇ ਦੋਸਤ ਪਹਿਲੀ ਵਾਰ ਮਿਲੇ ਅਤੇ ਗਰੁੱਪ ਫੋਟੋਆਂ ਖਿੱਚ ਕੇ ਖੁਸ਼ੀ ਦੇ ਪਲ ਸਾਂਝੇ ਕਰਦੇ ਰਹੇ। ਇੰਟ੍ਰਨੈਸ਼ਨਲ ਸਿੰਘ ਸਭਾ ਕੈਨੇਡਾ ਦੇ ਪ੍ਰਬੰਧਕਾਂ ਨੇ ਬਾਹਰੋਂ ਆਏ ਡੈਲੀਗੇਟਾਂ ਲਈ ਰਹਿਣ ਲਈ ਵਧੀਆ ਹੋਟਲ ਦਾ ਪ੍ਰਬੰਧ ਕੀਤਾ ਹੋਇਆ ਸੀ। ਕਾਨਫਰੰਸ ਵਾਲੇ ਦਿਨ ਵਿਦਵਾਨ ਲੇਖਕਾਂ ਦੀਆਂ ਪੁਸਤਕਾਂ ਖੂਬ ਵਿਕੀਆਂ, ਅਮਨ ਅਮਾਨ ਨਾਲ ਕਾਨਸਫਰੰਸ ਨੇਪਰੇ

ਚੜ੍ਹੀ, ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲੀਸ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਪ੍ਰਬੰਧਕਾਂ ਨੇ $25 ਡਾਲਰ ਟਿਕਟ ਇਸ ਲਈ ਰੱਖੀ ਸੀ ਕਿਉਂਕਿ ਇਹ ਬੈਂਕੁਇਟ ਹਾਲ ਸੀ ਨਾਂ ਕਿ ਗੁਰਦੁਆਰਾ, ਇੱਥੇ ਕੇਵਲ ਲੰਗਰ ਛੱਕਣ ਵਾਲੇ ਨਹੀਂ ਸਗੋਂ ਕੌਮੀ ਨਿਗ੍ਹਾਰਤਾ ਤੇ ਡੂੰਘੀਆਂ ਵਿਚਾਰਾਂ ਕਰਨ ਵਾਲੇ ਪੰਥ ਦਰਦੀ ਬੜੇ ਉਤਸ਼ਾਹ ਨਾਲ ਪਹੁੰਚੇ ਸਨ, ਏਡਾ ਵੱਡਾ ਖਰਚਾ ਬਿਨਾ ਪੈਸੇ ਦੇ ਨਹੀਂ ਸੀ ਹੋ ਸਕਦਾ।

ਵੱਖ-ਵੱਖ ਦੇਸ਼ਾਂ ਤੋਂ ਆਏ ਪੰਥ ਦਰਦੀ ਅਤੇ ਸਹਿਯੋਗੀ-ਸਿੰਘ ਸਭਾ ਇੰਟ੍ਰਨੈਸ਼ਨਲ ਦੇ ਵੱਖ ਵੱਖ ਦੇਸ਼ਾਂ ਦੇ ਯੂਨਿਟ ਅਤੇ ਮਿਸ਼ਨਰੀ ਸਰਕਲ ਵੀ ਸ਼ਾਮਲ ਹੋਏ। ਬਰੈਪਟਨ, ਮਾਂਟ੍ਰੀਅਲ, ਵਿਨੀਪੈਗ, ਕੈਲਗਿਰੀ, ਵਰਨਨ ਬੀ.ਸੀ, ਕਲੋਨਾਂ ਬੀ.ਸੀ., ਵੈਨਕੂਵਰ ਅਤੇ ਗੁਰਬਾਣੀ ਦੀ ਵਿਲੱਖਣ ਵਿਆਖਿਆ ਕਰਨ ਵਾਲੇ ਸ੍ਰ. ਬਲਦੇਵ ਸਿੰਘ, ਸਤਨਾਮ ਸਿੰਘ ਮਾਂਟਰੀਅਲ (ਕੈਨੇਡਾ) ਨਿਊਯਾਰਕ ਤੋਂ ਸ੍ਰ ਕੁਲਦੀਪ ਸਿੰਘ, ਸ੍ਰ. ਗੁਰਿੰਦਰ ਸਿੰਘ, ਸਾਕਾ ਜਥੇਬੰਦੀ ਦੇ ਸ੍ਰ ਜਸਮਿੱਤਰ ਸਿੰਘ ਮੁਜੱਫਰਪੁਰ ਅਤੇ ਸਾਥੀ, ਸ੍ਰ ਦਲਜੀਤ ਸਿੰਘ ਭਲਵਾਨ। ਸਿਆਟਲ ਤੋਂ ਸ੍ਰ. ਅਜੈਬ ਸਿੰਘ ਵਰਲਡ ਸਿੱਖ ਫੈਡਰੇਸ਼ਨ, ਸ੍ਰ. ਬਲਰਾਜ ਸਿੰਘ ਸਪੋਕਨ, ਕੈਲੇਫੋਰਨੀਆਂ (ਰੋਜਵਿਲ) ਤੋਂ ਸ੍ਰ ਹਰਦੇਵ ਸਿੰਘ ਸ਼ੇਰ ਗਿੱਲ, ਸ: ਚਮਕੌਰ ਸਿੰਘ ਫਰਿਜ਼ਨੋ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ.ਐੱਸੇ.ਏ.ਤੋਂ ਦਾਸ ਅਵਤਾਰ ਸਿੰਘ ਮਿਸ਼ਨਰੀ ਫਰੀਮਾਂਟ, ਭਾਈ ਬਲਵਿੰਦਰ ਸਿੰਘ ਮਿਸ਼ਨਰੀ ਮੋਡਸਟੋ ਅਤੇ ਬੇਪੁਆਂਇੰਟ ਪਿਟਸਬਰਗ ਤੋਂ ਸ੍ਰ. ਜੋਰਾ ਸਿੰਘ ਰਾਜੋਆਣਾ। ਵਰਜੀਨੀਆ ਸਾਊਥ ਕਾਰੋਲੀਨਾਂ ਤੋਂ ਸ੍ਰ ਗੁਰਸ਼ਰਨਜੀਤ ਸਿੰਘ, ਸ੍ਰ. ਹਰਮੀਤ ਸਿੰਘ ਅਤੇ ਬਲਵਿੰਦਰ ਸਿੰਘ ਬਾਹੀਆ। ਇੰਗਲੈਂਡ ਤੋਂ ਸ੍ਰ. ਕੁਲਵੰਤ ਸਿੰਘ ਭੰਡਾਲ, ਸ੍ਰ ਹਰਨੀਤ ਸਿੰਘ, ਸ੍ਰ. ਸਤਿੰਦਰਪਾਲ ਸਿੰਘ ਚੱਡਾ ਅਤੇ ਸਾਥੀ। ਜਰਮਨੀ ਸਟੁਟਗਾਰਡ ਤੋਂ ਸ੍ਰ. ਸੁਖਚੈਨ ਸਿੰਘ ਸ੍ਰ. ਅਵਤਾਰ ਸਿੰਘ ਅਤੇ ਸਾਥੀ। ਸਵਿਟਜ਼ਰਲੈਂਡ (ਬਾਸਲ) ਤੋਂ ਸ੍ਰ. ਦਲਜੀਤ ਸਿੰਘ ਤੇ ਸਾਥੀ। ਫਿਨਲੈਂਡ (ਹੈਲਸਿੰਕੀ) ਤੋਂ ਸ੍ਰ. ਮਨਜੀਤ ਸਿੰਘ। ਇਟਲੀ (ਰੋਮ) ਤੋਂ ਸ੍ਰ. ਹਰਭਜਨ ਸਿੰਘ। ਨਿਊਜ਼ੀਲੈਂਡ (ਆਕਲੈਂਡ, ਵਲਿੰਗਡਨ) ਤੋਂ ਸ੍ਰ. ਹਰਨੇਕ ਸਿੰਘ। ਆਸਟ੍ਰੇਲੀਆ ਤੋਂ ਸ੍ਰ. ਬਾਵਾ ਸਿੰਘ ਜਗਦੇਵ, ਨੌਜਵਾਨ ਸ੍ਰ. ਕੁਲਜੀਤ ਸਿੰਘ ਚੱਡਾ ਅਤੇ ਸ੍ਰ. ਸੁਖਵਿੰਦਰ ਸਿੰਘ। ਭਾਰਤ (ਪੰਜਾਬ) ਤੋਂ ਪ੍ਰਸਿੱਧ ਵਿਦਵਾਨ ਸ੍ਰ. ਇੰਦਰ ਸਿੰਘ ਘੱਗਾ। ਇਸ ਤੋਂ ਇਲਾਵਾ ਵੀ ਬਹੁਤ ਸਾਰੇ ਸੱਜਨ ਜਿਨ੍ਹਾਂ ਦੇ ਨਾਮ ਯਾਦ ਨਹੀਂ ਵੀ ਹਾਜ਼ਰ ਸਨ। ਬਹੁਤ ਸਾਰੇ ਵੀਰ ਜੋ ਰੁਝੇਵਿਆਂ ਕਰ ਕੇ ਆ ਨਹੀਂ ਸਕੇ, ਨੇ ਵੀ ਫੋਨਾਂ ਰਾਹੀਂ ਸਹਿਮਤੀ ਪ੍ਰਗਟਾਈ।

ਇਸ ਵਿਸ਼ਵ ਕਾਨਫਰੰਸ ਦੀ ਸਫਲਤਾ ਦਾ ਸਿਹਰਾ ਸਿੰਘ ਸਭਾ ਇੰਟ੍ਰਨੈਸ਼ਨਲ ਦੇ ਸਮੁੱਚੇ ਪ੍ਰਬੰਧਕਾਂ ਦੇ ਨਾਲ ਵਿਸ਼ੇਸ਼ ਕਰਕੇ ਸ੍ਰ. ਗੁਰਚਰਨ ਸਿੰਘ ਜਿਉਣਵਾਲਾ ਨੂੰ ਜਾਂਦਾ ਹੈ ਜਿਨ੍ਹਾਂ ਨੇ ਪੰਜਾਬ ਵਿੱਚ ਸੈਂਕੜੇ ਪਿੰਡਾਂ ਵਿੱਚ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਨਾ ਦੇ ਸਹਿਯੋਗ ਨਾਲ ਪ੍ਰਚਾਰ ਸੈਂਟਰ ਖੋਲ੍ਹਣ ਦੀ ਅਤਿਅੰਤ ਉੱਤਮ ਸੇਵਾ ਕੀਤੀ ਅਤੇ ਕਰ ਰਹੇ ਹਨ। ਉਹ ਸੁਭਾਅ ਦੇ ਗਰਮ ਪਰ ਲਗਨ ਨਾਲ ਕੰਮ ਕਰਨ ਨੂੰ ਸ਼ੇਰ ਮਰਦ ਹਨ। ਅਖੀਰ ਵਿੱਚ "ਸ੍ਰ. ਜਿਉਣਵਾਲਾ" ਨੇ ਵਿਅੰਗ ਅਤੇ ਹਾਸਰਸ ਨਾਲ ਭਰੀ ਕਵਿਤਾ ਪੜ੍ਹ ਕੇ ਡੇਰੇਦਾਰਾਂ ਨੂੰ ਭਾਜੜਾਂ ਪਾਈਆਂ।

"ਇੰਟਰਨੈਸ਼ਨਲ ਸਿੰਘ ਸਭਾ ਕੈਨੇਡਾ" ਦੇ ਪ੍ਰਬੰਧਕਾਂ ਨੇ ਆਏ ਹੋਏ ਵਿਦਵਾਨਾਂ, ਡੈਲੀਗੇਟਾਂ ਅਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਅਜਿਹੀਆਂ ਕਾਨਫਰੰਸਾਂ ਜਾਰੀ ਰੱਖਣ ਦਾ ਐਲਾਨ ਕੀਤਾ ਅਤੇ ਖਾਲਸਾ ਅਖਬਾਰ ਰਸਾਲਾ ਵੰਡਿਆ ਜਿਸ ਵਿੱਚ ਵੱਖ ਵੱਖ ਵਿਦਵਾਨਾਂ ਅਤੇ ਪੰਥ ਦਰਦੀਆਂ ਦੇ ਲੇਖ, ਸਿੱਖਾਂ ਦੀ ਦੁਰਦਸ਼ਾ ਕਿਉਂ ਹੋਈ ਤੇ ਇਸ ਦਾ ਹੱਲ ਕੀ ਹੈ? ਬਾਰੇ ਛਾਪੇ ਗਏ ਹਨ। ਸੋ ਸਾਰੇ ਖੱਟੇ ਮਿੱਠੇ ਤਜਰਬੇ ਅਤੇ ਸੀਮਤ ਸਾਧਨਾਂ ਦੇ ਬਾਵਜੂਦ ਵੀ ਇਹ "ਵਿਸ਼ਵ ਸਿੱਖ ਕਾਨਫਰੰਸ" ਕਾਮਯਾਬ ਰਹੀ। ਪੰਥ ਦਰਦੀ ਪੰਥ ਦੇ ਹਲਾਤਾਂ ਤੇ ਵਿਚਾਰ ਕਰਨ ਲਈ ਬੜੇ ਉਤਸ਼ਾਹ ਨਾਲ ਪਹੁੰਚੇ ਹੋਏ ਸਨ।

# ਸਾਰਾ ਨਾਵਣੁ ਗੁਰ ਕੀ ਸੇਵਾ ॥

(ਗੁ. ਗ੍ਰੰ: ਪੰਨਾ 484)

ਮਲਕੀਅਤ ਸਿੰਘ (ਜਰਮਨੀ)

ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤ॥ (ਗੁ.ਗ੍ਰੰ: ਪੰਨਾ 265)

ਮਨੁੱਖ ਸਾਰਾ ਕੁਝ ਆਪਣੇ ਜ਼ੋਰ ਦੇ ਤਲ ਤੇ ਬਦਲਣਾ ਚਾਹੁੰਦਾ ਹੈ। ਆਦਿ ਕਾਲ ਤੋਂ ਮਨੁੱਖਤਾ ਨੂੰ ਬਹੁਤ ਸਾਰੇ ਕਰਮਕਾਂਡਾਂ ਤੋਂ ਸ੍ਰੇਸ਼ਟ-ਕਰਮ ਤੀਰਥਾਂ ਦੇ ਇਸ਼ਨਾਨ ਦਾ ਬਹੁਤ ਮਹਾਤਮ ਹੈ। ਇਸ ਪਿਛੇ ਮਨੁੱਖ ਦੀ ਮੁਖ ਸੋਚ ਕੁਝ ਨਾ ਕੁਝ ਪ੍ਰਾਪਤੀ ਹੀ ਹੁੰਦੀ ਹੈ ਅਤੇ ਇਸਨੂੰ ਮਨੁਖ ਧਾਰਮਿਕ ਕਰਮ ਸਮਝਦਾ ਹੈ। ਧਾਰਮਿਕਤਾ ਨੂੰ ਵੀ ਕਈ ਰੂਪ ਦਿਤੇ ਹੋਏ ਹਨ ਜਿਵੇਂ ਧਾਰਮਿਕ ਗ੍ਰੰਥਾਂ ਦਾ ਪਾਠ ਕਰਵਾ ਲਵੋ, ਵੈਜੀਟੇਰੀਅਨ ਹੋ ਜਾਉ, ਸਰੋਵਰਾਂ ਤੇ ਨਦੀਆਂ ਵਿਚ ਇਸ਼ਨਾਨ ਕਰ ਲਵੋ। ਪਰ ਇਸ ਤਰਾਂ ਜੀਵਨ ਨਹੀਂ ਬਦਲਦਾ, ਅਗਰ ਇਸ ਤਰਾਂ ਹੁੰਦਾ ਤਾਂ ਗੁਰੂ ਜੀ ਇਹ ਨਹੀਂ ਕਹਿੰਦੇ 'ਜਿਸੁ ਹਥਿ ਜੋਰੁ ਕਰਿ ਵੇਖੈ ਸੋਇ'॥ (ਜਪੁ ਜੀ) ਸਰੀਰ ਦੀ ਪਵਿਤ੍ਰਤਾ ਸਫਾਈ ਰੱਖਣ ਨਾਲ ਤਾਂ ਹੈ ਪਰ ਧਾਰਮਿਕਤਾ ਉੱਕਾ ਨਹੀਂ। ਗੁਰੂ ਜੀ ਦੀ ਸਿੱਖਿਆ ਅਨੁਸਾਰ ਸੱਚਾ ਜੀਵਨ ਜੀਉਣਾ ਹੀ ਸਾਚਾ ਨਾਵਣਿ ਹੈ। ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ (ਗੁ.ਗ੍ਰੰ: ਪੰਨਾ 687 ) ਹੁਣ ਤਾਂ ਕੁਝ ਲੋਕ ਸੁਆਰਥ ਵੱਸ ਸਰੋਵਰਾਂ ਦੇ ਪਾਣੀ ਦਾ ਆਪਣੀ ਫਸਲ ਉੱਪਰ ਛਿੜਕਾਅ ਕਰਨ ਦੇ ਭਰਮ ਵਿਚ ਫਸੇ ਪਏ ਹਨ ਅਖੇ ਇਸ ਤਰਾਂ ਫਸਲ ਜ਼ਿਆਦਾ ਉਪਜ ਦਿੰਦੀ ਹੈ। ਅਗਰ ਇਹ ਠੀਕ ਹੈ ਤਾਂ ਫਿਰ ਕਿਉਂ ਨਾ ਹੈਲੀਕੌਪਟਰ ਨਾਲ ਪੂਰੇ ਪੰਜਾਬ ਦੇਸ (ਬਲਕਿ ਪੂਰੀ ਧਰਤੀ ਉੱਪਰ) ਦੀਆਂ ਫਸਲਾਂ ਉੱਤੇ ਛਿੜਕਾਅ ਕਰ ਦਿੱਤਾ ਜਾਵੇ। ਇਸ ਤਰਾਂ ਤਾਂ ਨਾਲੇ ਸਰਬੱਤ ਦਾ ਭਲਾ ਹੋ ਜਾਊ ਨਾਲੇ ਰਸਾਇਣਕ ਖਾਦਾਂ ਉੱਪਰ ਖਰਚ ਆ ਰਿਹਾ ਪੈਸਾ ਬਚ ਜਾਵੇਗਾ। ਅੱਜ ਮਨੁੱਖੀ ਸੋਚ ਸਿਰਫ ਆਪਣੀ ਆਮਦਨ ਵਧਾਉਣ ਵੱਲ ਪ੍ਰੇਰਤ ਹੈ, ਸੋਚ ਦੇ ਵਿਕਾਸ ਵੱਲ ਨਹੀਂ। ਤਾਂਹੀਉਂ ਤਾਂ ਗੁਰੂ ਜੀ ਆਖ ਰਹੇ ਹਨ ਕਿ 'ਸੋਚੈ ਸੋਚ ਨ ਹੋਵਈ' (ਜਪੁ ਜੀ)। ਆਪਹੁਦਰੇਪਣ ਤੋਂ ਉਤਾਂਹ ਉੱਠਣ ਲਈ ਬੁੱਧੀ ਦੀ ਤਰੱਕੀ ਗੁਰੂ ਗਿਆਨ ਨਾਲ ਹੀ ਹੋ ਸਕਦੀ ਹੈ ਜਿਸ ਤੋਂ ਅਸੀਂ ਅਵੇਸਲੇ ਹਾਂ। ਸਿੱਧ ਵੀ ਤਾਂ ਇਸੇ ਆਪਹੁਦਰੇਪਣ ਦੀ ਬੀਮਾਰੀ ਦੇ ਸ਼ਿਕਾਰ ਸਨ ਜੋ ਘਰੇਲੂ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਕੇ ਪਹਾੜਾਂ ਦੀਆਂ ਕੁੰਦਰਾਂ ਵਿਚ ਜਾ ਵੜੇ ਸਨ। ਗੁਰੂਆਂ ਵੱਲੋਂ ਬਖਸ਼ਿਆ ਹੋਇਆ ਗੁਰਮਤਿ ਖ਼ਜ਼ਾਨਾ ਕੌਣ ਪੜ੍ਹੇਗਾ, ਕੌਣ ਸਮਝਾਏਗਾ ਖ਼ੁਦਪ੍ਰਸਤੀ ਦੀ ਮੈਲ ਉਤਾਰਨ ਲਈ! ਇਸ ਵਾਸਤੇ ਉਪਰਾਲਾ ਸਾਨੂੰ ਖ਼ੁਦ ਕਰਨਾ ਪਵੇਗਾ, ਖ਼ੁਦ ਸੋਚਣਾ ਪਵੇਗਾ 'ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ'॥ (ਗੁ.ਗ੍ਰੰ: ਪੰਨਾ 265) ।

ਗੁਰਬਾਣੀ ਵਿਚ ਕਿੰਨੀ ਸਿੱਖਿਆ ਮਿਲਦੀ ਹੈ ਕਿ ਬੰਦੇ ਸਮਝ, ਬੁੱਧੀ ਦੀ ਵਰਤੋਂ ਕਰ, ਜੋ ਅਣਮੋਲ ਚੀਜ਼ ਤੈਨੂੰ ਦਿੱਤੀ ਹੈ। ਐ ਬੰਦੇ ਗੁਰਬਾਣੀ ਵਿਚ ਦਰਜ ਰੱਬੀ ਗੁਣ ਅਪਣੇ ਜੀਵਨ ਵਿਚ ਲੈ ਕੇ ਆ ਸਾਰੇ ਤੀਰਥ ਤੇਰੇ ਵਿਚ ਸਮਾਅ ਜਾਣਗੇ॥ ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ..॥ (ਗੁ.ਗ੍ਰੰ: ਪੰਨਾ 633)। ਗੁਰਬਾਣੀ ਤੈਨੂੰ ਹਸਦਿਆਂ, ਖੇਲਦਿਆਂ, ਪਹਿਨਦਿਆਂ ਮੁਕਤ ਕਰਨਾ ਚਾਹੁੰਦੀ ਹੈ ਜਾਣੀ ਇਸ ਵਿਚਲੀ ਪੂਰੀ ਸਿੱਖਿਆ ਹੀ ਜੀਵਨ ਨੂੰ ਸਵਾਰਨ ਵਾਸਤੇ ਹੈ, ਨਾ ਕੋਈ ਪਿਛਲਾ ਨਾ ਅਗਲਾ। ਐਵੇਂ ਤੀਰਥਾਂ ਦੇ ਚੱਕਰਾਂ ਅਤੇ ਤੀਰਥਾਂ ਵਾਲਿਆਂ ਕੋਲੋਂ ਨਾ ਲੁਟਿਆ ਜਾਹ। ਘਰ ਦੇ ਨਲਕੇ ਜਾਂ ਖੂਹੀ ਦੇ ਪਾਣੀ ਅਤੇ ਕਿਸੇ ਵੀ ਤੀਰਥ ਅਸਥਾਨ ਦੇ ਸਰੋਵਰ ਜਾਂ ਨਦੀ ਦੇ ਪਾਣੀ ਵਿਚ ਕੋਈ ਫਰਕ ਨਹੀਂ। ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ (ਗੁ.ਗ੍ਰੰ: ਪੰਨਾ 558)

ਸਿੱਖ ਧਾਰਮਿਕ ਅਸਥਾਨਾਂ ਤੇ ਸਰੋਵਰ ਪਾਣੀ ਦੀ ਜ਼ਰੂਰਤ ਨੂੰ ਮੁਖ ਰੱਖ ਕੇ ਬਣਾਏ ਗਏ ਸਨ ਜਾਂ ਛੂਤ-ਛਾਤ ਨੂੰ ਦੂਰ ਕਰਨ ਵਾਸਤੇ, ਪਰ ਉਥੇ ਤਾਂ ਪੁਜਾਰੀ ਸੋਚ ਨੇ ਅਪਣੀ ਆਮਦਨ ਵਧਾਉਣ ਵਾਸਤੇ ਕਿਤੇ ਅਖੌਤੀ ਦੁਖ ਭੰਜਨੀ ਬੇਰੀ ਲਿਆ ਗੱਡੀ ਅਤੇ ਕਿਤੇ ਚੌਰਾਸੀ ਕੱਟਣ ਦਾ ਬੋਰਡ ਲਗਾ ਛੱਡਿਆ ਹੈ। ਦਰਅਸਲ ਬੀਮਾਰ ਮਨੁੱਖੀ ਮਨ ਹੈ ਪਰ ਇਲਾਜ ਸਰੀਰ ਦਾ ਹੋ ਰਿਹਾ ਹੈ। ਇਹ ਬੀਮਾਰੀ ਸਿਰਫ ਭਾਰਤ ਵਿਚ ਹੀ ਨਹੀਂ ਯੌਰਪ ਵਿਚ ਭੀ ਲੋਕ, ਲੂਰਦ (ਫਰਾਂਸ), ਇਸ਼ਨਾਨ ਕਰਨ ਜਾਂਦੇ ਹਨ। ਬੰਦਾ ਸਮਝਦਾ ਹੀ ਨਹੀਂ ਕਿ

'ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ'॥ (ਗੁ.ਗ੍ਰੰ: ਪੰਨਾ 1329)। ਮਨ ਦੇ ਸਾਰੇ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਗੁਰੂ ਦੀ ਸਿੱਖਿਆ ਹੀ ਜਲ ਹੈ, ਦਰਿਆ ਹੈ, ਤੀਰਥ ਹੈ ਅਤੇ ਸਰੀਰ ਦੇ ਰੋਗਾਂ ਨੂੰ ਦੂਰ ਕਰਨ ਵਾਸਤੇ ਜਗ੍ਹਾ- ਜਗ੍ਹਾ ਹਸਪਤਾਲ ਅਤੇ ਡਾਕਟਰਾਂ ਦੀ ਭਰਮਾਰ ਹੈ। ਗੁਰੂ ਸਹਿਬਾਨ ਨੇ ਭੀ ਸਰੀਰਕ ਰੋਗਾਂ ਲਈ ਦੇਸੀ ਦਵਾ ਦਾਰੂ ਦਾ ਵੱਡਮੁਲਾ ਭੰਡਾਰ ਰੱਖਿਆ ਹੋਇਆ ਸੀ ਜਿਸਦਾ ਇਤਿਹਾਸ ਗਵਾਹ ਹੈ।

ਇਤਿਹਾਸਕ ਅਸਥਾਨਾਂ ਦੇ ਸਰੋਵਰਾਂ ਵਿਚ ਇਸ਼ਨਾਨ ਜਾਤਪਾਤ ਦੇ ਹਉਮੈ ਦੀ ਮੈਲ ਦੂਰ ਕਰਨ ਵਾਸਤੇ ਫਾਇਦੇਮੰਦ ਹਨ, ਪਰ ਇਸ ਤੋਂ ਇਲਾਵਾ ਹਰ ਮੰਤਵ ਬਿਪਰੀ ਕਰਮਕਾਂਡ ਹੀ ਹੈ।

# ਇਸ਼ਨਾਨ ਅਤੇ ਗੁਰਮਤਿ

ਨਿਰਭੈ ਸਿੰਘ (ਜਰਮਨੀ)

ਹਰ ਜੀਵ ਨੂੰ ਪਰਮੇਸ਼ਰ ਨੇ ਸਰੀਰਕ ਦਾਤ ਬਖਸ਼ੀ ਹੋਈ ਹੈ ਜਿਸਦੀ ਸੰਭਾਲ ਵਾਸਤੇ ਹੀਲਾ ਤੇ ਵਸੀਲਾ ਕਰਨ ਲਈ ਸੋਝੀ ਵੀ ਰੱਬ ਨੇ, ਕੁਦਰਤੀ ਨਿਜ਼ਾਮ ਵਿਚ ਵਿਚਰਦਿਆਂ ਹੋਇਆਂ, ਹਰ ਜੀਵ ਦੀ ਝੋਲੀ ਪਾਈ ਹੋਈ ਹੈ। ਸਰੀਰ ਦੀ ਸਫਾਈ ਲਈ ਇਸ਼ਨਾਨ ਇੱਕ ਕਾਰਗਾਰ ਤਰੀਕਾ ਹੈ। ਇਸੇ ਵਾਸਤੇ ਹਰ ਜੀਵ, ਸਮੇਤ ਮਨੁੱਖ ਨੇ ਆਪਣਾ ਵਸੇਬਾ ਪਾਣੀ ਜਿਵੇਂ ਸਮੁੰਦਰਾਂ, ਦਰਿਅਵਾਂ, ਝੀਲਾਂ ਦੇ ਨਜ਼ਦੀਕ ਕੀਤਾ। ਜਿਵੇਂ- ਜਿਵੇਂ ਆਬਾਦੀ ਦਾ ਵਧੰਤ ਹੁੰਦਾ ਗਿਆ, ਜੀਵ ਨੇ ਪਾਣੀ ਦੇ ਨਵੇਂ -ਨਵੇਂ ਸਾਧਨ ਪੈਦਾ ਕਰਨ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ । ਨਤੀਜਨ ਤਲਾਬ, ਖੂਹ, ਨਹਿਰਾਂ ਆਦਿ ਹੋਂਦ ਵਿਚ ਆਈਆਂ। ਗੁਰੂ ਸਹਿਬਾਨ ਨੇ ਪ੍ਰਭੂ ਬਖਸ਼ੀ ਸੋਝੀ ਨੂੰ ਵਰਤਦਿਆਂ ਸਰੀਰ ਦੀ ਸਾਂਭ ਅਤੇ ਮਨੁੱਖੀ ਬਰਾਬਰਤਾ ਨੂੰ ਮੁੱਖ ਰੱਖਦੇ ਹੋਏ ਸਰੋਵਰਾਂ ਅਤੇ ਬਉਲੀਆਂ ਦੀ ਪਿਰਤ ਪਾਈ ਸੀ, ਤਾਂ ਕਿ ਇੱਕ ਪਾਸੇ ਸਰੀਰ ਦੀ ਸਫਾਈ ਕਰਨ ਦਾ ਪ੍ਰਬੰਧ ਹੋ ਸਕੇ ਅਤੇ ਨਾਲ ਦੀ ਨਾਲ ਗੁਰੂ ਜੀ ਦੇ ਬਚਨ-ਬਿਲਾਸ ਸੁਣਨ ਆਉਣ ਵਾਲੇ ਮਨੁੱਖਾਂ ਦੇ ਜ਼ਿਹਨ ਵਿਚੋਂ ਇੱਕੋ ਥਾਂ ਇਸ਼ਨਾਨ ਅਤੇ ਭੋਜਨ ਕਰਨ ਨਾਲ ਜ਼ਾਤ-ਪਾਤ ਦਾ ਵਖਰੇਵਾਂ ਵੀ ਖਤਮ ਹੋ ਸਕੇ। ਸਿਆਣੇ ਬਜ਼ੁਰਗਾਂ ਨੇ ਇਸ਼ਨਾਨ ਨੂੰ ਤੰਦਰੁਸਤੀ ਦਾ ਸੋਮਾ ਤਸਲੀਮ ਕੀਤਾ ਹੋਇਆ ਸੀ ਇਸੇ ਲਈ ਬੀਤੀ ਇੱਕ ਸਦੀ ਤੋਂ ਪਹਿਲਾਂ ਹੇਦਰੋਟਹਏਰਓਪੇ ਆਮ ਪ੍ਰਚਲਤ ਸੀ ਜੋ ਬਾਅਦ ਵਿਚ ਤਕਨੀਕ ਦੀਆਂ ਨਵੀਆਂ ਇਜਾਦਾਂ ਕਾਰਨ ਘਟਣੀ ਸ਼ੁਰੂ ਹੋ ਗਈ। ਹਾਈਡ੍ਰੋਥੇਰਾਫੀ ਭਾਵ ਸਾਧਾਰਨ ਕੁਦਰਤੀ ਪਾਣੀ ਜਾਣੀ ਠੰਡੇ ਪਾਣੀ ਨਾਲ ਇਸ਼ਨਾਨ ਕਰਨ ਦਾ ਹੀ ਤਰੀਕਾ ਹੈ ਜੋ ਗੁਰੂ ਸਹਿਬਾਂ ਨੇ ਵਰਤੋਂ ਵਿਚ ਲਿਆਂਦਾ। ਇਸਦੇ ਬਹੁਤ ਸਾਰੇ ਫਾਇਦੇ ਹਨ ਜਿਵੇਂ: ਸਰਦੀ ਫਲੂ ਅਤੇ ਇਨਫੈਕਸ਼ਨ ਤੋਂ ਬਚਾਓ ਲਈ ਅਗਾਊਂ ਰੋਕਥਾਮ, ਖ਼ੂਨ ਦੇ ਵਹਾਓ ਵਿਚ ਤੇਜ਼ੀ ਲਿਆਉਣਾ, ਜਿਸਮ ਦੇ ਤਾਪਮਾਨ ਨੂੰ ਕਾਬੂ ਵਿਚ ਰੱਖਣਾ, ਖ਼ੂਨ ਦੇ ਦਬਾਓ ਅਤੇ ਤਣਾਓ (ਦਏਪਰਏਸਸੋਨਿ) ਨੂੰ ਘੱਟ ਕਰਨਾ, ਲੰਬੇ-ਲੰਬੇ ਸਾਹ ਲੈਣ ਵਿਚ ਸੌਖ, ਕੇਸਾਂ ਤੇ ਸਰੀਰ ਦੇ ਨਾਦਾਰਦ ਕਿਟਾਣੂਆਂ ਦੀ ਸਫਾਈ ਰਾਹੀਂ ਤੰਦਰੁਸਤੀ, ਇਕਾਗਰਤਾ ਵਿਚ ਵਾਧਾ, ਸਰੀਰ ਲਈ ਲੋੜੀਂਦੇ ਹਾਰਮੋਨਾਂ ਵਿਚ ਵਾਧਾ ਇਤਆਦਿ। ਗੁਰੂ ਜੀ ਨੇ ਆਪਣੀ ਇਲਾਹੀ-ਸੁਰਤ ਅਤੇ ਸਿਹਤ-ਵਿਗਿਆਨ ਦੀ ਸੋਝੀ ਹੋਣ ਕਰਕੇ ਦੋਵਾਂ ਦੇ ਸੁਮੇਲ ਨਾਲ ਸਰੀਰ ਨੂੰ ਚੁਸਤ-ਦਰੁਸਤ ਅਤੇ ਤੰਦਰੁਸਤ ਰੱਖਣ ਲਈ ਆਪਣੇ ਸਿੱਖਾਂ ਵਾਸਤੇ ਰੋਜ਼ਾਨਾ ਰਾਤ ਦੀ ਨੀਂਦ ਉਪ੍ਰੰਤ ਸਵੇਰੇ ਸੁਵਖਤੇ ਇਸ਼ਨਾਨ ਕਰਨ ਦੀ ਤਾਕੀਦ ਕੀਤੀ ਹੋਈ ਹੈ ਕਿਉਂ ਕਿ ਇਹ ਸਾਫਾਈ ਅਤੇ ਸੁਸਤੀ ਦੂਰ ਕਰਨ ਪੱਖੋਂ ਅਤਿ ਜ਼ਰੂਰੀ ਸੀ-*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸ਼ਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ (੩੦੫)* -

ਅਰਥ:- ਸਤਿਗੁਰੂ ਦਾ (ਸੱਚਾ) ਸਿੱਖ ਅਖਵਾਉਣ ਵਾਲਾ ਹਰ ਰੋਜ਼ ਸਵੇਰੇ ਉੱਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ। ਰੋਜ਼ਾਨਾਂ ਸਵੇਰੇ ਉੱਦਮ ਨਾਲ ਇਸ਼ਨਾਨ ਕਰਦਾ ਹੈ ਅਤੇ ਫਿਰ ਨਾਮ-ਰੂਪੀ ਅੰਮ੍ਰਿਤ ਦੇ ਸਰੋਵਰ ਵਿਚ ਨਹਾਉਂਦਾ ਹੈ । ਸੋ ਸਿੱਧ ਹੋਇਆ ਕਿ ਗੁਰਮਤਿ ਵਿਚ ਜਿਸਮਾਨੀ ਤੌਰ ਤੇ ਇਸ਼ਨਾਨ ਦੀ ਮਹੱਤਤਾ ਸਿਰਫ ਸਰੀਰਕ ਸਫਾਈ ਅਤੇ ਸੁਸਤੀ ਦੂਰ ਕਰਨ ਤਿੱਕਰ ਸੀਮਤ ਹੈ, ਇਸਦਾ ਰੂਹਾਨੀਅਤ ਜਾਂ ਮੁਕਤੀ ਪ੍ਰਾਪਤੀ ਨਾਲ ਕੋਈ ਸਬੰਧ ਨਹੀਂ ਹੈ। ਅਗਰ ਇਸ ਤਰਾਂ ਹੋਵੇ ਤਾਂ ਪਾਣੀ ਵਿਚਲੇ ਜੀਵ ਤਾਂ ਮੁਕਤ ਹੋਏ ਸਮਝੋ। (੪੮੪) ਅਰਥ:- ਪਾਣੀ ਵਿਚ ਇਸ਼ਨਾਨ ਨਾਲ ਜੇ ਗਤਿ (ਮੁਕਤੀ) ਹੁੰਦੀ ਹੋਵੇ ਤਾਂ ਡੱਡੂ (ਜਾਂ ਪਾਣੀ ਵਿਚ ਰਹਿਣ ਵਾਲੇ ਸਾਰੇ ਜੀਵ) ਤਾਂ ਹਰ ਰੋਜ਼ ਹੀ ਪਾਣੀ ਵਿਚ ਨਹਾਉਂਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ ਸਿੱਖ ਨੂੰ ਓਸਦੇ ਨਾਮ ਸਿਮਰਨ ਦੁਆਰਾ ਇੱਕ ਪਰਮੇਸ਼ਰ ਨਾਲ ਜੁੜ ਕੇ ਸਚਿਆਰ ਬਣਨ ਦੀ ਸਿੱਖਿਆ ਦਿੱਤੀ ਹੈ। ਇਸ ਮੂਲ਼ ਸਿੱਖਿਆ ਦਾ ਸਬੰਧ ਵੀ ਮਨ ਦੀ ਪਵਿਤਰਤਾ ਨਾਲ ਹੈ, ਨਾ ਕਿ ਸਰੀਰ ਦੀ ਪਵਿੱਤਰਤਾ ਨਾਲ। ਮਨੁੱਖ ਨੇ ਸਚਿਆਰ ਬਣਨ ਲਈ ਅਪਣੇ ਮਨ ਦੀ ਲਿਵ ਓਸ ਪ੍ਰਭੂ ਨਾਲੋਂ, ਜਿਸਨੇ ਇਸਦੀ ਸਿਰਜਨਾ ਕੀਤੀ ਹੈ, ਟੁੱਟਣ ਨਹੀਂ ਦੇਣੀ। ਸੱਚੀ-ਸੁੱਚੀ ਕਿਰਤ ਕਮਾਈ ਕਰਦਿਆਂ ਆਪਣਾ ਜੀਵਨ ਨਿਰਵਾਹ ਕਰਨਾ ਹੈ ਅਤੇ ਜਿੰਨੀ ਹੋ ਸਕੇ ਜ਼ਰੂਰਤਮੰਦ ਦੀ ਮਦਦ ਕਰਨੀ ਹੈ, ਜਿਸਨੂੰ ਆਮ ਤੌਰ ਤੇ ਦਸਵੰਧ ਕੱਢਣਾ ਆਖਿਆ ਜਾਂਦਾ ਹੈ। ਗੁਰਮਤਿ ਦੇ ਇਹ ਤਿੰਨੋਂ ਸੁਨਹਿਰੀ ਅਸੂਲ ਹਨ ਜਿਹਨਾਂ ਨੂੰ ਅਪਣਾ ਕੇ ਇਨਸਾਨ ਆਪਣੇ ਜੀਵਨ ਵਿਚ ਸਚਿਆਰ ਬਣਨ ਲਈ ਗੁਰਬਾਣੀ ਤੋਂ ਸੇਧ ਲੈ ਕੇ ਅਕਾਲ ਪੁਰਖ ਦੇ ਭਾਣੇ ਜਾਣੀ ਓਸ ਦੇ ਹੁਕਮ ਨੂੰ (ਕਿਹੋ ਜਿਹਾ ਵੀ ਹੋਵੇ) ਖਿੜੇ ਮੱਥੇ ਮੰਨਣ ਨਾਲ ਓਸ ਪ੍ਰਭੂ ਦੀ ਕ੍ਰਿਪਾ ਦੇ ਪਾਤਰ, ਬਿਨਾਂ ਕਿਸੇ ਇਸ਼ਨਾਨੀ ਜਾਲ਼ ਵਿਚ ਫਸਿਆਂ, ਬਣਨਾ ਹੈ ਤਾਂ ਕਿ ਓਸ ਵਿਚ ਮਲੀਨ ਹੋਇਆ ਜਾ ਸਕੇ - *ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥ (੪੯੦)* - ਅਰਥ:- ਹੇ ਨਾਨਕ! (ਆਖ—ਹੇ ਭਾਈ!) ਵੇਖੋ, ਪਰਮਾਤਮਾ ਦੀ ਅਚਰਜ ਖੇਡ! (ਜੇਹੜਾ ਭੀ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਉਹ) ਗੁਰੂ ਦੀ ਸਰਨ ਪੈਣ ਨਾਲ ਗੁਰੂ ਦਾ ਰੂਪ ਬਣ ਜਾਂਦਾ ਹੈ । ਪਰਮਾਤਮਾ ਆਪ ਹੀ ਇਹ ਸਬੱਬ ਬਣਾਉਂਦਾ ਹੈ, (ਗੁਰੂ ਦੀ ਸਰਨ ਪਏ ਮਨੁੱਖ ਦੀ) ਜਿਸ ਨਾਲ ਆਤਮਾ ਪਰਮੇਸ਼ਰ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ ।

ਦਸਮ ਨਾਨਕ ਜੋਤ-ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀਗਤ (ਸਰੀਰਕ) ਗੁਰੂ ਦੀ ਪ੍ਰੰਪਰਾ ਖਤਮ ਕਰਦੇ ਹੋਏ ਸ਼ਬਦ ਰੂਪੀ ਆਦਿ ਗ੍ਰੰਥ ਨੂੰ ਸਦੀਵੀ ਗੁਰਿਆਈ ਦੀ ਬਖਸ਼ਿਸ਼ - ਗੁਰੂ ਮਾਨਿਓ ਗ੍ਰੰਥ- ਦੇ ਹੁਕਮ ਰਾਹੀਂ ਕਰ ਦਿੱਤੀ ਸੀ। ਇਸ ਸਮੇਂ ਤਿੱਕਰ ਸਿੱਖਾਂ ਦੀ ਸੋਚ ਵਿਚ ਕਿਸੇ ਤਰਾਂ ਦੇ ਤੀਰਥ ਉੱਪਰ ਜਾਣ ਜਾਂ ਕਿਸੇ ਵਿਸ਼ੇਸ਼ ਜਗ੍ਹਾ (ਤੀਰਥ) ਇਸ਼ਨਾਨ ਕਰਨ ਦੀ ਕੋਈ ਪਰਪਾਟੀ ਨਹੀਂ ਸੀ ਹਾਲਾਂ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਚੌਥੀ ਗੁਰੂ ਨਾਨਕ ਜੋਤ ਵੱਲੋਂ ਸਥਾਪਤ ਕੀਤਾ ਜਾ ਚੁੱਕਿਆ ਸੀ। ਗੁਰੂਘਰ ਨਾਲ ਜੁੜਨ ਵਾਲੇ ਸ਼ਰਧਾਲੂਆਂ ਵਿਚੋਂ ਜ਼ਾਤ-ਪਾਤ ਦੇ ਭੇਦਭਾਵ ਨੂੰ ਖਤਮ ਕਰਨ ਲਈ ਅਤੇ ਦੂਰ-ਦੁਰਾਡਿਉਂ ਆਉਣ ਵਾਲੀ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਹੀ ਗੁਰੂ ਸਹਿਬਾਨ ਵੱਲੋਂ ਸਰੋਵਰ ਅਤੇ ਲੰਗਰ ਦੀ ਪ੍ਰਥਾ ਚਾਲੂ ਕੀਤੀ ਗਈ ਸੀ ਨਾ ਕਿ ਕਿਸੇ ਤਰਾਂ ਦੀ ਮੁਕਤੀ ਪ੍ਰਾਪਤੀ ਵਾਸਤੇ। ਗੁਰੂ ਸਹਿਬਾਨਾਂ ਨੇ ਕਦੀ ਵੀ ਸਿੱਖਾਂ ਨੂੰ ਕਿਸੇ ਖ਼ਾਸ ਜਗ੍ਹਾ ਦੀ ਯਾਤਰਾ ਕਰਨ ਜਾਂ ਓਥੇ ਜਾ ਕੇ ਇਸ਼ਨਾਨ ਕਰਨ ਲਈ ਹਦਾਇਤ ਨਹੀਂ ਦਿੱਤੀ, ਜਿਵੇਂ ਅੱਜ ਦੇ ਪ੍ਰਬੰਧਕ ਤੇ ਆਪੂ ਬਣੀ ਪੁਜਾਰੀ ਸ਼੍ਰੇਣੀ ਵੱਲੋਂ ਆਪਣੀ ਮਾਇਕ-ਤ੍ਰਿਸ਼ਨਾ ਪੂਰਤੀ ਲਈ ਸਰੋਵਰਾਂ, ਬਉਲੀਆਂ ਆਦਿ ਨੂੰ ਗ਼ਲਤ ਤੌਰ ਤੇ ਪ੍ਰਚਾਰਿਆ ਜਾ ਰਿਹਾ ਹੈ। ਗੁਰੂ ਜੀ ਤਾਂ ਅਕਾਲ ਪੁਰਖ ਦੇ ਨਾਮ ਨੂੰ ਮਨ ਵਿਚ ਪੱਕੀ ਤਰਾਂ ਵਸਾਉਣ ਨੂੰ ਹੀ ਸਹੀ ਨਹਾਉਣਾ ਜਾਂ ਆਤਮਿਕ ਇਸ਼ਨਾਨ ਆਖ ਰਹੇ ਹਨ - ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥ (੧੪੬)

ਅਰਥ:- ਹੇ ਨਾਨਕ! (ਜੇ ਅੱਠੇ ਪਹਰ) ਸਾਹਿਬ (ਅਕਾਲ ਪੁਰਖ) ਮਨ ਵਿਚ ਵੱਸਿਆ ਰਹੇ, ਤਾਂ ਸਦਾ ਟਿਕੇ ਰਹਿਣ ਵਾਲਾ (ਆਤਮਕ) ਇਸ਼ਨਾਨ ਪ੍ਰਾਪਤ ਹੁੰਦਾ ਹੈ ।

ਗੁਰੂ ਕਾਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦਾ ਸਮਾਂ ਸਿੱਖ ਕੌਮ ਨੇ ਵਹਿਸ਼ੀ ਤਸੀਹੇ/ ਘਿਨਾਉਣੇ ਅੱਤਿਆਚਾਰ ਝੱਲਦੇ ਹੋਏ ਅਤੇ ਘਰੋਂ-ਬੇਘਰ ਹੋ ਕੇ ਘੱਲੂਘਾਰੇ ਜਿਸਮ ਤੇ ਹੰਡਾਉਂਦੇ ਹੋਏ ਜੰਗਲਾਂ-ਬੇਲਿਆਂ ਵਿਚ ਗੁਜ਼ਾਰਿਆ। ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। ਇਸ ਮੁਸ਼ਕਲਾਂ ਭਰੇ ਦੌਰ ਦਾ ਬ੍ਰਾਹਮਣਵਾਦੀ ਮਹੌਲ ਵਿਚ ਸਿਖਾਂਦਰੂ ਨਿਰਮਲੇ, ਉਦਾਸੀ ਅਤੇ ਸੰਨਿਆਸੀ ਭੇਖਧਾਰੀ (ਅਖੌਤੀ) ਸਿੱਖਾਂ ਨੂੰ ਬਿੱਪਰ ਨੇ ਅੱਗੇ ਲਗਾ ਕੇ ਫਾਇਦਾ ਉਠਾਉਂਦੇ ਹੋਏ ਇਸ ਪੁਜਾਰੀ ਵਰਗ ਰਾਹੀਂ ਗੁਰਦੁਆਰਿਆਂ ਉੱਤੇ ਕਬਜ਼ਾ ਜਮਾ ਕੇ ਅਨਮਤੀ ਕਰਮਕਾਂਡੀ ਬਿੱਪਰੀ ਪ੍ਰਕਾਰ ਦੀ ਪੂਜਾ-ਅਰਚਾ ਚਾਲੂ ਕਰ ਦਿੱਤੀ। ਇਸ ਤਰਾਂ ਇੱਕ ਅਕਾਲ ਪੁਰਖ ਨੂੰ ਪੂਜਣ ਵਾਲੇ ਸਿੱਖਾਂ ਨੂੰ ਮੁੜ ਕੇ ਮੜ੍ਹੀਆਂ-ਮਸਾਣਾਂ, ਸੁੱਚ-ਭਿੱਟ, ਵਹਿਮਾਂ-ਭਰਮਾਂ ਅਤੇ ਮੂਰਤੀ ਪੂਜਾ ਵੱਲ ਨੂੰ ਧੱਕ ਦਿੱਤਾ ਗਿਆ। ਪੁਜਾਰੀ ਵਰਗ ਦੇ ਮਨ ਦੀ ਬਿਰਤੀ ਤ੍ਰਿਸ਼ਨਾ ਨਾਲ ਸਦੀਆਂ ਤੋਂ ਭਰੀ ਪਈ ਹੋਣ ਦਾ ਅਸਰ ਬਿੱਪਰੀ ਮਹੌਲ ਵਿਚ ਤਿਆਰ ਹੋਏ ਉਪ੍ਰੋਕਤ ਵਰਣਨ ਅਖੌਤੀ ਪੁਜਾਰੀਆਂ ਨੇ ਸਹਿਜੇ ਹੀ ਕਬੂਲ ਲਿਆ। ਇਸ ਪੁਜਾਰੀ ਵਰਗ ਨੇ ਸਿੱਖਾਂ ਨੂੰ ਅੰਨ੍ਹੀ ਸ਼ਰਧਾ ਦੇ ਜਾਲ਼ ਵਿਚ ਫਸਾ ਕੇ ਇਹਨਾਂ ਵਿਚ ਡਰ ਅਤੇ ਭਰਮ ਪੈਦਾ ਕਰਕੇ ਗਿਣਤੀ ਦੇ ਇਸ਼ਨਾਨਾਂ/ਪਾਠਾਂ ਵਿਚ ਉਲਝਾ ਦਿੱਤਾ। ਸਮੇਂ ਦੇ ਬੀਤਣ ਨਾਲ ਭੋਲੇ ਭਾਲੇ ਸਿੱਖ ਗੁੰਮਰਾਹ ਹੋ ਕੇ, ਗੁਰੂ ਜੀ ਦੇ ਮੂਲ਼ ਹੁਕਮਾਂ ਤੋਂ ਪਾਸਾ ਵੱਟ ਕੇ, ਉਸੇ ਤਰਾਂ ਕਰਨ ਲਗ ਪਏ ਜਿਵੇਂ ਗੁਰਦੁਅਰਿਆਂ ਦੇ ਪੁਜਾਰੀ ਇਹਨਾਂ ਨੂੰ ਸੇਧ ਦੇਂਦੇ ਰਹੇ। ਆਪਣੀ ਲਾਲਚੀ ਬਿਰਤੀ ਦੀ ਪੂਰਤੀ ਲਈ ਅਖੌਤੀ ਪੁਜਾਰੀਆਂ (ਕਿਉਂ ਕਿ ਗੁਰੂ ਜੀ ਨੇ ਸਿੱਖ ਨੂੰ ਖਾਲਸਾ ਬਣਾ ਕੇ ਪੁਜਾਰੀਵਾਦੀ ਕ੍ਹੋੜ ਤੋਂ ਆਜ਼ਾਦ ਕਰ ਦਿੱਤਾ ਹੋਇਆ ਹੈ) ਨੇ ਸਿੱਖਾਂ ਨੂੰ ਗੁਰਮਤਿ ਦੇ ਬਿਪ੍ਰੀਤ ਗੁਰਬਾਣੀ ਦਾ ਮੰਤਰਾਂ ਦੀ ਤਰਜ਼ ਤੇ ਜਾਪ ਕਰਨ ਜਾਂ ਤੋਤੇ ਵਾਂਗ ਪਾਠ ਕਰਨ ਹੀ ਨਹੀਂ ਲਾ ਦਿੱਤਾ ਸਗੋਂ ਸੰਗਰਾਂਦ, ਮੱਸਿਆ, ਪੁੰਨਿਆ, ਮਾਘੀ ਅਦਿ ਮੌਕੇ ਅੰਮ੍ਰਿਤਸਰ, ਮੁਕਤਸਰ ਆਦਿ ਥਾਵਾਂ ਦੇ ਸਰੋਵਰਾਂ ਵਿਚ ਇਸ਼ਨਾਨ ਕਰਨ ਨਾਲ ਦੁੱਖ, ਦਲਿਦ੍ਰ ਅਤੇ ਪਾਪਾਂ ਦਾ ਨਾਸ਼ ਹੋਣ ਦਾ ਬ੍ਰਾਹਮਣੀ ਸ਼ਗੂਫਾ ਛੱਡ ਕੇ ਮਾਇਆ ਇਕੱਤਰ ਕਰਨ ਦਾ ਨਵਾਂ ਰਸਤਾ ਲਭ ਲਿਆ ਹੈ। ਇਸ ਤਰਾਂ ਸਿੱਖਾਂ ਵਿਚ ਤੀਰਥ ਕਰਨ ਅਤੇ ਅਖੌਤੀ ਤੀਰਥ ਇਸ਼ਨਾਨ ਕਰਨ ਦਾ ਗੁਰਮਤਿ ਵਿਹੂਣਾ ਰੁਝਾਨ ਚੱਲ ਪਿਆ ਹੈ ਪਰ ਗੁਰੂ ਜੀ ਤਾਂ ਆਖ ਰਹੇ ਹਨ - *ਤੀਰਥਿ ਭਰਮਸ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖ ਪਾਵੈ॥ (ਪੰਨਾ ੯੦੬)* ਅਰਥ:- ਤੀਰਥਾਂ ਤੇ ਜਾਣ ਨਾਲ ਕਿਸੇ ਦੁੱਖ ਤਕਲੀਫ (ਕਾਮਾਦਿਕ ਰੋਗਾਂ) ਤੋਂ ਖਹਿੜਾ ਨਹੀਂ ਛੁੱਟ ਸਕਦਾ। ਰੱਬ ਦੇ ਨਾਮ ਤੋਂ ਵਗੈਰ ਸੁਖ (ਆਤਮਕ ਆਨੰਦ) ਨਹੀਂ ਮਿਲ ਸਕਦਾ।

ਗੁਰਮਤਿ ਵਿਚ ਤੀਰਥ-ਯਾਤਰਾ/ਇਸ਼ਨਾਨ ਦੀ, ਭਾਵ ਕਿਸੇ ਖ਼ਾਸ ਥਾਂ ਤੇ ਜਾ ਕੇ ਇਸ਼ਨਾਨ ਕਰਨ ਦੀ ਕੋਈ ਮਹੱਤਤਾ ਨਹੀਂ। ਗੁਰਮਤਿ ਮਾਰਤੰਡ ਅਨੁਸਾਰ ਤੀਰਥ-ਯਾਤਰਾ ਤੇ ਜਾਣ ਦਾ ਲਾਭ ਆਲਿਮ (ਸਿਆਣੇ ਵਿਦਵਾਨ) ਸੱਜਣਾਂ ਦੀ ਸੰਗਤ ਕਰਨਾ ਅਤੇ ਵਾਕਫੀਅਤ ਵਧਾਉਣਾ ਤਾਂ ਹੋ ਸਕਦਾ ਹੈ ਪਰ ਇਸ ਨਾਲ ਗਤਿ ਹੋਣੀ ਮੰਨ ਲੈਣਾ ਅਵਿੱਦਿਆ (ਗਿਆਨ ਹੀਣ ਹੋਣਾ) ਹੈ। ਗੁਰਬਾਣੀ ਫੁਰਮਾਣ ਹੈ - *ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (ਪੰਨਾ ੬੮੭) ???:*- ਤੀਰਥ ਉੱਤੇ ਜਾ ਕੇ ਇਸ਼ਨਾਨ ਕਰਨਾ ਮੇਰੇ ਲਈ ਬੇਮਾਅਨਾ ਹੈ ਕਿਉਂਕਿ ਪਰਮੇਸ਼ਰ ਦਾ ਨਾਮ ਹੀ ਮੇਰੇ ਵਾਸਤੇ ਤੀਰਥ ਹੈ। ਗੁਰੂ ਦੇ ਸ਼ਬਦ ਰੂਪੀ ਗਿਆਨ ਦੀ ਵਿਚਾਰ ਨੂੰ ਆਪਣੀ ਸੁਰਤੀ ਵਿਚ ਟਿਕਾਉਣਾ ਹੀ (ਮੇਰੇ ਲਈ ਅਸਲ) ਅਸਲ ਤੀਰਥ ਹੈ। -

ਅਰਥ:- ਮੈਂ ਤੀਰਥ ਉੱਤੇ ਜਾ ਕੇ ਤਾਂ ਇਸ਼ਨਾਨ ਕਰਾਂ ਜੇ ਇਉਂ ਕਰਨ ਨਾਲ ਓਸ ਪਰਮੇਸ਼ਰ ਨੂੰ ਖ਼ੁਸ਼ ਕਰ ਸਕਾਂ, ਪਰ ਜੇ ਇਸ ਤਰ੍ਹਾਂ ਅਕਾਲ ਪੁਰਖ ਖ਼ੁਸ਼ ਨਹੀਂ ਹੁੰਦਾ, ਤਾਂ ਮੈਂ (ਤੀਰਥ ਉੱਤੇ) ਇਸ਼ਨਾਨ ਕਰਕੇ ਕੀਹ ਖੱਟਾਂਗਾ? (੬੦) - ਅਰਥ:- ਤੀਰਥਾਂ ਉੱਤੇ ਇਸ਼ਨਾਨ ਕਰਨ ਨਾਲ ਭੀ ਜੀਵ ਕੁਝ ਨਹੀਂ ਸੁਆਰ ਸਕਦਾ, ਕਿਉਂਕਿ ਇਸ ਤਰਾਂ ਇਨਸਾਨ ਦੇ ਮਨ ਵਿਚ ਤੀਰਥ ਇਸ਼ਨਾਨੀ ਹੋਣ ਦੇ ਅਹੰਕਾਰ ਦੀ ਮੈਲ *ਉਪਜਦੀ ਹੈ।*

ਇਸ ਵਿਚਾਰ ਦਾ ਨਤੀਜਾ ਇਹ ਹੀ ਨਿਕਲਿਆ ਕਿ ਇਸ਼ਨਾਨ ਕਿਸੇ ਥਾਂ ਵੀ ਹੋਵੇ ਇਸਦਾ ਸਬੰਧ ਸਰੀਰਕ ਸਫਾਈ ਨਾਲ ਹੈ, ਰੁਹਾਨੀਅਤ ਜਾਂ ਮੁਕਤੀ ਨਾਲ ਨਹੀਂ ਜੋ ਗੁਰਮਤਿ ਦੀ ਸੋਝੀ ਨਾਲ ਹੀ ਹਾਸਲ ਹੋ ਸਕਦੀ ਹੈ।

# ਗੁਰਦਰਵਾਰਿਆਂ 'ਚ ਇਸ਼ਨਾਨ



ਵੀਰ ਭੁਪਿੰਦਰ ਸਿੰਘ
ਨਿਊਯਾਰਕ

ਆਪਣੇ ਸਰੀਰ ਦੀ ਬਾਹਰਲੀ ਸਫਾਈ ਰੱਖਣ ਲਈ ਮਨੁੱਖ ਨੂੰ ਇਸ਼ਨਾਨ ਕਰਨਾ ਚਾਹੀਦਾ ਹੈ। ਬਾਹਰਲੀ ਸਫਾਈ ਨਾਲ ਮਨੁੱਖ ਬਾਹਰੋਂ ਸਾਫ ਸੁਥਰਾ ਤੰਦਰੁਸਤ (ਅਰੋਗ) ਲਗਦਾ ਹੈ। ਮਨੁੱਖ ਦਾ ਮਨ ਜੇਕਰ ਸਾਫ਼ ਹੋਵੇ ਤਾਂ ਮਨੁੱਖ ਅੰਦਰੋਂ ਵੀ ਅਰੋਗ ਹੋ ਸਕਦਾ ਹੈ। ਆਮ ਤੌਰ 'ਤੇ ਮਨੁੱਖ ਬਾਹਰਲੀ ਸਫਾਈ, ਸੁੰਦਰਤਾ ਅਤੇ ਸ਼ਿੰਗਾਰ ਤਕ ਸੀਮਿਤ ਰਹਿੰਦਾ ਹੈ ਪਰ ਮਨ ਦੀ ਸਫਾਈ ਵੱਲੋਂ ਅਵੇਸਲਾ ਰਹਿਣ ਕਾਰਨ ਮੈਲਾ ਮਨ ਮਨੁੱਖ ਨੂੰ ਅੰਦਰੋਂ ਅਤੇ ਬਾਹਰੋਂ ਰੋਗੀ ਬਣਾ ਦੇਂਦਾ ਹੈ। ਸਿੱਟੇ ਵਜੋਂ ਮਨੁੱਖ ਦਾ ਕਿਰਦਾਰ ਪਸ਼ੂਤਾ ਵਾਲਾ ਹੋ ਜਾਂਦਾ ਹੈ। ਭਾਵ ਨੀਵੇਂ ਅਤੇ ਮੰਦੇ ਕਿਰਦਾਰ ਵਾਲਾ ਹੋ ਜਾਂਦਾ ਹੈ।

ਮਨੁੱਖ ਨੇ ਰੱਬ, ਗੁਰੂ ਅਤੇ ਤੀਰਥ ਬਾਹਰ ਦਾ ਸਮਝ ਕੇ ਆਪਣੇ ਆਪ ਨੂੰ ਭਟਕਨਾ 'ਚ ਪਾ ਕੇ ਖ਼ੁਆਰੀ ਹੀ ਇਕੱਠੀ ਕੀਤੀ ਹੈ ਪਰ ਪਵਿੱਤ੍ਰਤਾ ਫਿਰ ਵੀ ਹਾਸਿਲ ਨਹੀਂ ਹੋ ਸਕੀ। ਬਲਕਿ ਬਾਹਰਲੇ ਤੀਰਥ, ਨਦੀ, ਨਾਲੇ, ਖੂਹਾਂ ਸਰੋਵਰਾਂ ਦੇ ਬਜ਼ਾਰ ਵੱਧ ਗਏ ਹਨ ਨਤੀਜਤਨ ਮਨੁੱਖ ਦੇ ਮਨ ਦੀ ਅਪਵਿੱਤ੍ਰਤਾ ਵੱਧਦੀ ਹੀ ਜਾ ਰਹੀ ਹੈ।

ਗੁਰਬਾਣੀ ਦਾ ਫੁਰਮਾਨ ਹੈ, ''ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 611)। ਸਵਾਲ ਉੱਠਦਾ ਹੈ ਕਿ ਉਹ ਕਿਹੜਾ ਇਸ਼ਨਾਨ ਹੈ ਜਿਸ ਨਾਲ ਮਨ ਅਤੇ ਤਨ ਅਰੋਗ ਹੋ ਜਾਣ? ਗੁਰਬਾਣੀ ਤੋਂ ਸਹਿਜੇ ਹੀ ਸਮਝ ਪੈਂਦੀ ਹੈ ਕਿ ਮਨ ਦਾ ਇਸ਼ਨਾਨ ਪਾਣੀ ਨਾਲ ਨਹੀਂ ਹੋ ਸਕਦਾ ਹੈ। 'ਜਪ' ਬਾਣੀ 'ਚ ''ਭਰੀਐ ਹਥੁ ਪੈਰੁ ਤਨੁ ਦੇਹ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 4) ਵਾਲੀ ਪਉੜੀ 'ਚ ਸਮਝਾਇਆ ਗਿਆ ਹੈ ਕਿ ਹੱਥ, ਪੈਰ ਅਤੇ ਤਨ ਤਾਂ ਪਾਣੀ ਨਾਲ ਧੋ ਸਕਦੇ ਹਾਂ (ਤਨ ਦਾ ਇਸ਼ਨਾਨ) ਅਤੇ ਕਪੜੇ ਨੂੰ ਸਾਬਣ ਨਾਲ ਧੋ ਸਕਦੇ ਹਾਂ ਪਰ ਮਨ ਦੀ ਮੱਤ ਨੂੰ ਪਾਣੀ ਜਾਂ ਸਾਬਣ ਨਾਲ ਨਹੀਂ ਧੋਇਆ ਜਾ ਸਕਦਾ। ਇਸਦਾ ਭਾਵ ਸਪਸ਼ਟ ਹੈ ਕਿ ਮਨ ਕਾਰਣ ਸੁਰਤ, ਮਤ, ਬੁਧ ਅਤੇ ਫਿਰ ਮਨੁੱਖ ਦਾ ਸਾਰਾ ਜਗਤ ਭਾਵ ਇੰਦਰੇ-ਗਿਆਨ ਇੰਦਰੇ ਸਭ ਰੋਗੀ ਭਾਵ ਅਪਵਿਤਰ ਹੋ ਜਾਂਦੇ ਹਨ। ਉਨ੍ਹਾਂ ਦਾ ਰੋਗ ਅਤੇ ਅਪਵਿੱਤਰਤਾ (ਸੁੱਚਮਤਾ) ਕੇਵਲ ਗੁਰ ਦਰੀਆਉ ਦੇ ਸਰੋਵਰ (ਤੀਰਥ) 'ਚ ਇਸ਼ਨਾਨ (ਨਹਾਉਣ) ਨਾਲ ਹੀ ਦੂਰ ਹੋ ਸਕਦੀ ਹੈ।

ਗੁਰਬਾਣੀ ਦਾ ਫੁਰਮਾਨ ਹੈ, ''ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥ ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 1329)

ਗੁਰੂ ਦਾ ਦਰਿਆ, ਤੀਰਥ, ਸਰੋਵਰ ਜਾਂ ਜਲਨਿਧ ਤਾਂ ਸਤਿਗੁਰ ਦੀ ਦਿੱਤੀ ਸੁਮੱਤ ਹੀ ਹੈ ਜਿਸ ਨਾਲ ਦੁਰਮੱਤ ਦੀ ਅਪਵਿੱਤਰਤਾ ਵੱਲੋਂ ਮੁਕਤ ਹੋ ਜਾਈਦਾ ਹੈ ਭਾਵ ਅੰਦਰ ਦੀ ਗਤੀ ਪ੍ਰਾਪਤ ਕਰ ਸਕੀਦੀ ਹੈ। ਸੁਰਤ, ਮਤ, ਮਨ ਅਤੇ ਬੁੱਧੀ ਵੀ ਪਵਿੱਤਰ, ਸੁੱਚੀ, ਕੂੜ ਅਤੇ ਮੈਲ ਰਹਿਤ ਹੋ ਜਾਂਦੀ ਹੈ। ਸਤਿਗੁਰ ਦੀ ਮੱਤ ਲੈਣ ਲਈ ਕਿਤੇ ਬਾਹਰ ਨਹੀਂ ਜਾਣਾ ਪੈਂਦਾ, ਨਾ ਹੀ ਬਾਹਰ ਕਿਤੇ ਤੀਰਥਾਂ, ਸਰੋਵਰਾਂ, ਨਦੀਆਂ, ਖੂਹਾਂ 'ਚ ਨਹਾਉਣਾ ਪੈਂਦਾ ਹੈ। ਬਲਕਿ ਅੰਤਰ ਆਤਮੇ 'ਚ ਵੱਸਦੇ ਰੱਬ ਦੀ ਮੱਤ ਨੂੰ ''ਸੁਣਿਆ ਮੰਨਿਆ ਮਨਿ ਕੀਤਾ ਭਾਉ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 4) ਕਰਦੇ ਹਾਂ ਤਾਂ ਸਾਡੇ ਅੰਤਰ (ਮਨ) ਦੀ ਗਤੀ ਹੋ ਜਾਂਦੀ ਹੈ। ਭਾਵ ਮੈਲ, ਕੂੜ, ਹਨੇਰੇ, ਧੁੰਧ, ਦੁਬਿਧਾ, ਦੁਚਿੱਤੀ ਭਰਮ ਤੋਂ ਮੁਕਤ ਹੋ ਜਾਂਦੇ ਹਾਂ।

ਗੁਰਬਾਣੀ ਦਾ ਫੁਰਮਾਨ ਹੈ,

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥1॥

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥''

(ਗੁਰੂ ਗ੍ਰੰਥ ਸਾਹਿਬ, ਪੰਨਾ 598)

ਇਸਦਾ ਭਾਵ ਹੈ ਕਿ ਰੱਬ ਜੀ (ਸਤਿਗੁਰ) ਸਾਡੇ ਨਿਜਘਰ 'ਚ ਵਸਦੇ ਹਨ। ਉੱਥੇ ਹੀ ਸਤਿਗੁਰ ਦੀ ਮੱਤ ਵਾਲੇ 'ਗੁਰੁ ਦਰੀਆਉ' ਵਿੱਚ ਆਪਣੇ ਮਨ ਨੂੰ ਇਸ਼ਨਾਨ ਕਰਵਾਉਣਾ ਹੈ ਤਾਂ ਹੀ ''ਮਨ ਤਨ ਭਏ ਅਰੋਗਾ'' ਕਰ ਸਕੀਦਾ ਹੈ।

ਗੁਰਮਤ ਅਨੁਸਾਰ ''ਤੀਰਥੁ ਤਪੁ ਦਇਆ ਦਤੁ ਦਾਨੁ'' ਦੀ ਵਿਚਾਰ ਕਰਕੇ ਲੇਖ ਸੰਕੋਚਦੇ ਹਾਂ।

**ਅਸਲੀ ਤੀਰਥ:** ਦੁਨੀਆ ਭਰਮ, ਅਗਿਅਨਤਾ ਦੇ ਭੁਲੇਖੇ ਕਾਰਨ ਬਾਹਰਲੀ ਕਿਸੇ ਥਾਂ ਨੂੰ ਤੀਰਥ ਸਮਝੀ ਜਾਂਦੀ ਹੈ ਪਰ ਕੇਵਲ ਅਤੇ ਕੇਵਲ ਸਤਿਗੁਰ ਭਾਵ ਸੱਚ ਦੇ ਗਿਆਨ ਰੂਪੀ ਦਰਿਆ ਵਿੱਚ ਇਸ਼ਨਾਨ ਕਰਨ ਨਾਲ ਹੀ ਅੰਤਰ ਦੀ ਗਤੀ ਹੁੰਦੀ ਹੈ ਅਤੇ ਉਹੀ 'ਅਸਲੀ ਤੀਰਥ' ਹੈ। 'ਅੰਤਰਗਤਿ ਤੀਰਥਿ ਮਲਿ ਨਾਉ ॥' (ਗੁਰੂ ਗ੍ਰੰਥ ਸਾਹਿਬ, ਪੰਨਾ 4)

**ਅਸਲੀ ਤਪ:** ਦੁਨੀਆ ਬਾਹਰਲੇ ਹਠ-ਜੋਗ ਜਾਂ ਸਰੀਰ ਨੂੰ ਕਸ਼ਟ ਦੇ ਕੇ ਰਜ਼ਾ ਤੋਂ ਉਲਟ ਕਰਮਾਂ ਕਾਂਡਾਂ ਨੂੰ, ਅਖਾਂ ਬੰਦ ਕਰਕੇ ਮਾਲਾ ਫੇਰਨ ਅਤੇ ਸਮਾਧੀਆਂ ਲਾ ਕੇ ਲਫਜ਼ੀ ਰਟਨ ਨੂੰ ਤਪ ਸਮਝਦੀ ਹੈ ਪਰ ਗੁਰਮਤ ਅਨੁਸਾਰ ਅਸਲੀਅਤ 'ਚ ਮਨ ਦੀ ਕੂੜ ਤੋਂ ਛੁੱਟਣ ਲਈ ਉਦੱਮ ਕਰਨਾ, ਮਿਹਨਤ-ਮੁਸ਼ੱਕਤ ਕਰਨੀ ਹੀ ਅਸਲੀ 'ਤਪ' ਹੁੰਦਾ ਹੈ, ਜਿਸ ਦਾ ਸਦਕਾ ਅੰਤਰ ਆਤਮੇ ਵਿੱਚ ਕੰਚਨ ਵਰਗੀ ਪਵਿੱਤਰਤਾ ਹਾਸਲ ਹੁੰਦੀ ਹੈ।

**ਅਸਲੀ ਦਇਆ:** ਜਦੋਂ ਤਕ ਆਪਣੇ ਮਨ ਦੀ ਮੈਲ ਕਾਰਨ ਹੋ ਰਹੀ ਖੁਆਰੀ ਅਤੇ ਮੰਦੀ ਜੀਵਨੀ 'ਤੇ ਦਇਆ ਨਾ ਆਵੇ ਤਾਂ ਤਕ ਦੂਜਿਆਂ 'ਤੇ ਦਇਆ ਨਹੀਂ ਕੀਤੀ ਜਾ ਸਕਦੀ। ਗੁਰਮਤ ਅਨੁਸਾਰ ਮਨ ਦੀ ਕੂੜ ਕਾਰਨ ਖੁਆਰੀ ਵਾਲੀ ਅਵਸਥਾ ਤੋਂ ਛੁੱਟਣ ਲਈ ਉਦਮ ਕਰਨਾ ਹੀ 'ਦਇਆ' ਹੈ, ਜਿਸਦਾ ਸਦਕਾ ਮਨੁੱਖ ਆਪਣੇ ਆਪ 'ਤੇ ਦਇਆ ਕਰਦਾ ਹੈ ਤੇ ਹੋਰਨਾਂ ਉੱਤੇ ਦਇਆ ਕਰਨ ਦਾ ਸੁਭਾ ਵੀ ਬਣਾਉਂਦਾ ਹੈ।

**ਅਸਲੀ ਦਤ:** ਦੁਨੀਆ ਬਾਹਰਲੇ ਧਨ-ਪਦਾਰਥ, ਖਾਣ-ਪੀਣ ਜਾਂ ਪਹਿਰਣ ਦਾ ਤਿਆਗ ਕਰਨਾ 'ਦਤ' ਸਮਝ ਕੇ ਬਾਹਰੋਂ ਤਿਆਗ ਕਰ ਲੈਂਦੀ ਹੈ ਪਰ ਵਾਹ-ਵਾਹ ਦੀ ਭੁੱਖ ਨਾਲ ਮਨ ਅਪਵਿੱਤਰ ਹੀ ਰਹਿੰਦਾ ਹੈ ਅਤੇ ਮਾਨ-ਅਪਮਾਨ ਅਤੇ ਉਸਤਤ-ਨਿੰਦਾ ਦੀ ਬਿਰਤੀ ਤੋਂ ਛੁੱਟ ਨਹੀਂ ਪਾਉਂਦਾ ਕਿਉਂਕਿ ਮਨ ਨੇ ਅਵਗੁਣਾਂ ਦੇ ਤਿਆਗ (ਦਤ) ਦੀ ਕਿਰਿਆ ਤਾਂ ਕੀਤੀ ਹੀ ਨਹੀਂ। ਗੁਰਮਤ ਅਨੁਸਾਰ ਆਪਣੇ ਅਵਗੁਣਾਂ ਦੀ ਸੋਚ ਦਾ ਤਿਆਗ ਹੀ ਅਸਲੀ 'ਦਤ' ਹੁੰਦਾ ਹੈ।

**ਅਸਲੀ ਦਾਨ:** ਲੋਕੀ ਧਨ-ਪਦਾਰਥ, ਸੋਨਾ ਜਾਂ ਕਿਸੇ ਵੀ ਚੀਜ਼ ਦਾ ਦਾਨ ਤਾਂ ਕਰ ਦੇਂਦੇ ਹਨ ਪਰ ਕੂੜ ਦੀ ਮੱਤ ਵਾਲੇ ਮਨ ਦਾ ਦਾਨ ਨਹੀਂ ਕਰਦੇ। ਗੁਰਮਤ ਅਨੁਸਾਰ ਅਸਲੀ ਦਾਨ ਹੈ ਕਿ ਆਪਣੇ ਮਨ ਕੀ ਮੱਤ, ਕੂੜ, ਹਨੇਰੇ, ਮੈਲ ਅਤੇ ਅਪਵਿੱਤਰਤਾ ਦਾ ਦਾਨ ਕਰ ਦਿੱਤਾ ਜਾਵੇ ਅਤੇ ਫਿਰ ਅਜਿਹੇ ਦਾਨ ਦੇ ਬਦਲੇ ਸਤਿਗੁਰ ਪਾਸੋਂ ਬਿਬੇਕਤਾ ਵਾਲੀ ਸੁਚੱਜੀ ਜੀਵਨੀ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥: ਸੋ ਤੱਤ ਇਹ ਨਿਕਲਿਆ ਕਿ ਜਦੋਂ ਮਨ ਨੂੰ ਸਤਿਗੁਰ ਦੀ ਅਥਾਹ ਬਖਸ਼ਿਸ਼ ਦੇ ਸਮੁੰਦਰ (ਨਿਧਿ ਦੇ ਖਜ਼ਾਨੇ) ਵਿੱਚੋਂ ਤਿਲ ਜਿਤਨਾ ਵੀ ਸੁਮਤ ਦਾ ਕਿਣਕਾ (ਤਿਲ ਕਾ ਮਾਨੁ) ਪ੍ਰਾਪਤ ਹੁੰਦਾ ਹੈ ਤਾਂ ਹੀ ਅਸਲੀਅਤ ਵਿੱਚ ਕਹਿ ਸਕਦੇ ਹਾਂ ਕਿ ਤੀਰਥ, ਤਪ, ਦਇਆ, ਦਤ, ਦਾਨ ਦੀ ਅਵਸਥਾ ਪ੍ਰਾਪਤ ਹੋਈ। ਇਸੇ ਦਾ ਸਦਕਾ, ''ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥'' ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ। ਨਿੱਜਘਰ ਦੇ ਰੱਬੀ (ਸਤਿਗੁਰ) ਸੁਨੇਹੇ ਨੂੰ ਨਿਮਰਤਾ ਦੇ ਭਾਉ ਨਾਲ ਸੁਣਕੇ, ਮੰਨਕੇ ਵਿਕਾਰਾਂ ਤੋਂ ਹਾਸਿਲ ਹੋਈ ਮੁਕਤੀ (ਗਤੀ) ਹੀ ਸਤਿਗੁਰ ਦੇ ਤੀਰਥ ਉੱਤੇ ਇਸ਼ਨਾਨ ਕਹਿਲਾਉਂਦਾ ਹੈ। ਰੱਬੀ ਗੁਣਾਂ ਨਾਲ ਤਿਆਰ ਕੀਤੀ ਇਸ ਨਵੀਂ ਸ੍ਰਿਸ਼ਟੀ ਵਿਚ ਮਨ ਨੂੰ ਬਿਲਕੁਲ ਨਿਵੇਕਲੇ ਢੰਗ ਨਾਲ ਸ਼ਿੰਗਾਰਿਆ ਜਾਂਦਾ ਹੈ, ਜਿਸਦਾ ਸਦਕਾ ਇਸ ਉੱਪਰ ਲੱਗੇ ਦਾਗ-ਧੱਬੇ ਅਲੋਪ ਹੋ ਜਾਂਦੇ ਹਨ, ਨਿਖਾਰ ਵੱਧਦਾ ਜਾਂਦਾ ਹੈ। ਸੁਰਤ, ਮੱਤ, ਮਨ ਅਤੇ ਬੁੱਧ ਘੜੇ ਜਾਂਦੇ ਹਨ ਤਾਂ ਇਹ ਮਨ ਸੁੰਦਰ ਬਣ ਜਾਂਦਾ ਹੈ। ਅਪਵਿੱਤਰਤਾ ਤੋਂ ਪਵਿੱਤਰਤਾ, ਮਨ ਦੀ ਜੂਠ ਤੋਂ ਸੁੱਚਮਤਾ ਵਾਲਾ ਕੰਚਨ ਵਰਗਾ ਕਿਰਦਾਰ ਬਣਦਾ ਹੈ। ਇਸੇ ਨੂੰ ''ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 687) ਕਹਿੰਦੇ ਹਨ ਅਤੇ ਇਹੋ ਸੱਚ ਦੀ ਸੰਗਤ ਦਾ ਸਰੋਵਰ ਹੈ। ''ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥'' ਸਤਿਗੁਰ ਦੀ ਮੱਤ ਦੇ ਸਰੋਵਰ 'ਚ ਮਨ ਦੇ ਕਮਾਏ ਪਾਪ ਮੈਲ ਦੂਰ ਹੋ ਜਾਂਦੇ ਹਨ। ਸਿੱਟੇ ਵਜੋਂ ਦੁਰਮਤ ਨਿਕਲ ਜਾਂਦੀ ਹੈ ਅਤੇ ''ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 1329) ਦੀ ਅਵਸਥਾ ਪ੍ਰਾਪਤ ਹੁੰਦੀ ਹੈ।

ਬਾਹਰਲੇ ਤੀਰਥਾਂ ਉੱਤੇ ਨਹਾਉਣ ਨਾਲ ਭੁੱਲੇਖਾ ਦੂਰ ਨਹੀਂ ਹੁੰਦਾ, ਕਿਸੇ ਮਨੁੱਖ ਨੂੰ ਹੀ ਸੰਤ, ਰੱਬ, ਗੁਰੂ, ਬ੍ਰਹਮਗਿਆਨੀ ਸਮਝ ਕੇ ਉਨ੍ਹਾਂ ਦੇ ਦਰ ਉੱਤੇ ਡਿਗਦੇ ਰਹਿਣਾ, ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 135) ਨਹੀਂ ਕਹਿਲਾਉਂਦਾ। ਸਤਿਗੁਰ ਦੀ ਮੱਤ ਦੇ ਸਰੋਵਰ ਵਿੱਚ ਇਸ਼ਨਾਨ ਕਰ ਕੇ ਮਨ ਨੂੰ ਜੋ ਚੰਗੇ-ਚੰਗੇ ਗੁਣਾਂ ਵਾਲੀ ਮੱਤ (ਸਾਧਸੰਗ) ਪ੍ਰਾਪਤ ਹੁੰਦੀ ਹੈ, ਉਸੀ ਦੀ ਧੂੜੀ ਭਾਵ ਨਿਮਰਤਾ ਵਿੱਚ ਬਿਬੇਕ ਬੁੱਧੀ ਲੈਣਾ ਅਤੇ ਅਵਗੁਣਾਂ ਦੀ ਮੈਲ ਤੋਂ ਛੁਟਣਾ ਹੀ ਧੂੜੀ ਕਰ ਇਸ਼ਨਾਨ ਕਹਿਲਾਉਂਦਾ ਹੈ। ਸਿੱਟੇ ਵੱਜੋਂ ''ਮਨ ਤਨ ਭਏ ਅਰੋਗਾ ॥'' ਹੋ ਜਾਈਦਾ ਹੈ।

ਜਿਸ ਕਿਸੇ ਨੂੰ ਵੀ ਸਤਿਗੁਰ ਦਾ ਤੀਰਥ ਪਸੰਦ ਆਉਂਦਾ ਹੈ, ਉਸੀ ਮਨੁੱਖ ਨੂੰ ਸਤਿਗੁਰ ਤੀਰਥ ਦੇ ਸਰੋਵਰ 'ਤੇ ਇਸ਼ਨਾਨ ਕਰਨ ਦਾ ਚਿੱਤ ਕਰੇਗਾ। ਮਨ ਕੀ ਮੱਤ ਦੇ ਹੰਕਾਰ ਤੋਂ ਜੋ ਛੁੱਟਣਾ ਚਾਹੇਗਾ, ਉਸੀ ਮਨੁੱਖ ਨੂੰ ਮਨ ਦੀ ਸਾਜੀ ਝੂਠੀ ਸ੍ਰਿਸ਼ਟੀ ਬਦਲੇ ਨਵੀਂ ਸ੍ਰਿਸ਼ਟੀ ਪ੍ਰਾਪਤ ਹੁੰਦੀ ਹੈ। ਇਸੇ ਕਰਕੇ ਕਿਹਾ ਹੈ, ''ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥'' (ਗੁਰੂ ਗ੍ਰੰਥ ਸਾਹਿਬ, ਪੰਨਾ 2)। ਭਾਵ ਐ ਮੇਰੇ ਸਤਿਗੁਰ ਸੱਚੇ ਪਾਤਸ਼ਾਹ ਜੀ! ਆਪ ਜੀ ਦੇ ਤੀਰਥ ਤੇ ਮਨ ਕਰਕੇ ਤਦੋਂ ਇਸ਼ਨਾਨ ਕਰਦਾ ਹਾਂ ਜਦੋਂ ਮੇਰੇ ਮਨ ਨੂੰ ਭਾਉਂਦਾ ਹੈ (ਭਾਵਾ) ਅਤੇ ਜੇਕਰ ਨਾ ਭਾਵੇ ਤਾਂ ਕੀ ਮੈਂ ਨਹਾਉਣਾ ਸੀ... (ਵਿਣੁ ਭਾਣੇ ਕਿ ਨਾਇ ਕਰੀ)। ਬਲਕਿ ਆਪ ਜੀ ਦੇ ਤੀਰਥ (ਸਰੋਵਰ) 'ਚ ਨਹਾਉਣ ਨਾਲ ਚੰਗੇ ਖਿਆਲਾਂ ਦੀ ਨਵੀਂ ਸ੍ਰਿਸ਼ਟੀ ਪ੍ਰਾਪਤ ਹੋਈ ਹੈ। ''ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥'' ਆਪ ਜੀ ਦਾ ਇਹੋ ਕਰਮ ਅਤੇ ਬਖਸ਼ਿਸ਼ ਹੈ ਕਿ ਜੋ ਆਪ ਜੀ ਦੇ ਤੀਰਥ ਤੇ ਇਸ਼ਨਾਨ ਕਰਦਾ ਹੈ ਉਸਨੂੰ ਨਵੀਂ ਸ੍ਰਿਸ਼ਟੀ ਪ੍ਰਾਪਤ ਹੁੰਦੀ ਹੈ। ਭਾਵ ਨਵੇਂ ਸੁਰਤ, ਮੱਤ, ਮਨ ਅਤੇ ਬੁਧ ਘੜੇ ਜਾਂਦੇ ਹਨ। ਮੱਤ ਵਿਚ ਰਤਨਾਂ-ਜਵਾਹਰਾਂ ਵਰਗੀ ਕੀਮਤੀ ਬਿਬੇਕ ਬੁਧੀ ਦੀ ਪ੍ਰਾਪਤੀ ਹੁੰਦੀ ਹੈ।

# ਗੁਰਮਤਿ ਵਿਚ ਤੀਰਥ ਇਸ਼ਨਾਨ




ਗੁਰਚਰਨ ਸਿੰਘ ਜਿਉਣ ਵਾਲਾ
(ਬਰੈਂਪਟਨ) ਕੈਨੇਡਾ
brar_jiwanwala@hotmail.com
647-969-3132, 810-223-3648




ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ 594 ਤੇ ਤੀਰਥ ਦੇ ਸਿਰਲੇਖ ਹੇਠ ਲਿਖਦੇ ਹਨ: ਜਿਸ ਦਵਾਰਾ ਪਾਪ ਤੋਂ ਬਚ ਜਾਈਏ, ਪਵਿਤ੍ਰ ਅਸਥਾਨ, ਜਿੱਥੇ ਧਰਮ ਭਾਵ ਨਾਲ ਲੋਕ ਪਾਪ ਦੂਰ ਕਰਨ ਲਈ ਜਾਣ। ਸੰਸਾਰ ਦੇ ਸਾਰੇ ਮੱਤਾਂ ਨੇ ਆਪਣੇ ਆਪਣੇ ਨਿਸ਼ਚੇ ਅਨੁਸਾਰ ਪਵਿੱਤਰ ਥਾਂ ਤੀਰਥ ਮੰਨ ਰੱਖੇ ਹਨ, ਕਿਤਨਿਆਂ ਨੇ ਦਰਸ਼ਨ ਤੇ ਸਪਰਸ਼ ਮਾਤ੍ਰ ਤੋਂ ਹੀ ਤੀਰਥਾਂ ਨੂੰ ਮੁਕਤੀ ਦਾ ਸਾਧਨ ਨਿਸਚੇ ਕੀਤਾ ਹੈ।

ਕਿਤਨਿਆਂ ਨੇ ਅਤੇ ਸਿੱਖਾਂ ਨੇ ਵੀ ਸਰੋਵਰ ਵਿਚ ਚੁੱਭੀ ਲਾਉਣ ਨੂੰ ਹੀ ਤੀਰਥ ਮੰਨ ਲਿਆ ਹੈ ਜਦੋਂ ਕਿ ਇਹ ਗੁਰਮਤਿ ਅਨਕੂਲ ਨਹੀਂ। ਇਹ ਚਰਚਾ ਆਪਾਂ ਅੱਗੇ ਚੱਲ ਕੇ ਕਰਾਂਗੇ। ਮਨੁੱਖਤਾ ਦੇ ਇਤਿਹਾਸ ਨੂੰ ਗਹੁ ਨਾਲ ਵਾਚੀਏ ਤਾਂ ਪਤਾ ਚੱਲਦਾ ਹੈ ਕਿ ਮਨੁੱਖ ਨੇ, ਜਦੋਂ ਤੋਂ ਸਭਿਅੱਕ ਤਰੀਕੇ (ਜਿਸ ਨੂੰ ਅੱਜ ਅਸੀਂ ਮੰਨਦੇ ਹਾਂ) ਨਾਲ ਵੱਸਣਾ ਅਰੰਭ ਕੀਤਾ ਹੈ, ਆਪਣੇ ਆਪ ਨੂੰ ਪਾਣੀ ਦੇ ਕੁਦਰਤੀ ਸੋਮਿਆਂ ਦੇ ਆਸ ਪਾਸ ਹੀ ਵਸਾਇਆ ਹੈ। ਇਹ ਗੱਲ ਗੁਰਬਾਣੀ ਦੇ ਵਾਕ, 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ' ਅਨੁਸਾਰ ਹੈ ਵੀ ਠੀਕ। ਪਾਣੀ ਮਨੁੱਖੀ ਜੀਵ ਦੀ ਪਹਿਲੀ ਲੋੜ ਹੈ। ਰਿਸ਼ਟ-ਪੁਸ਼ਟ ਸ਼ਰੀਰ ਰੋਟੀ ਤੋਂ ਬਗੈਰ 40-45 ਦਿਨ ਜਿਉਂ ਸਕਦਾ ਹੈ ਪਰ ਪਾਣੀ ਤੋਂ ਬਗੈਰ ਸਿਰਫ ਚਾਰ ਦਿਨ ਜਿਉਂ ਸਕਦਾ ਹੈ। ਮਨੁੱਖੀ ਸਭਿਅਤਾ ਵਿਚ ਚੋਰ ਵੀ ਵੱਸੇ ਤੇ ਸਾਧ ਵੀ। ਚੰਗੇ ਮਨੁੱਖਾਂ ਨੇ ਲੋਕਾਂ ਦੇ ਭਲੇ ਲਈ ਪਾਣੀ ਦੇ ਕੰਢਿਆਂ ਤੇ ਇਕੱਤ੍ਰਤਾ ਕਰਨੀਆਂ ਸ਼ੁਰੂ ਕੀਤੀਆਂ ਤੇ ਇਨ੍ਹਾਂ ਲੋਕਾਂ ਦਾ ਨਾਮ ਤੀਰਥ ਪਿਆ। ਜਿਵੇਂ ਸਵਾਮੀ ਰਾਮ ਤੀਰਥ ਦੰਡੀ ਦਾ ਨਾਮ ਸਿੱਖਾਂ ਵਿਚ ਵੀ ਬਹੁਤ ਮਸ਼ਹੂਰ ਹੈ। 'ਮਹਾਨ ਕੋਸ਼' ਪੰਨਾ 594 ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ: ਸੰਨਯਾਸੀਆਂ ਦੀ ਇੱਕ ਖਾਸ ਜਮਾਤ, ਜਿਸ ਦੇ ਨਾਮ ਦੇ ਪਿੱਛੇ ਤੀਰਥ ਸ਼ਬਦ ਲਾਇਆ ਜਾਂਦਾ ਹੈ।' ਤੀਰਥਨ ਬੀਚ ਜੋ ਸਿੱਖ ਕੀਨ। ਤੀਰਥ ਸੁ ਨਾਮ ਤਿਨ ਕੇ ਪ੍ਰਬੀਨ'। ਇਹ ਕਿਉਂ ਪ੍ਰਚੱਲਤ ਹੋਇਆ? ਉਹ ਲੋਕ ਜੋ ਸਮਾਜ ਦੇ ਭਲੇ ਦੀ ਗੱਲ ਕਰਦੇ ਸਨ, ਤੀਰਥ ਸਮਝੇ ਜਾਣ ਲੱਗ ਪਏ।

ਜੀਵਾਂ ਵਿਚ ਮਨੁੱਖੀ ਜੀਵ ਸਭ ਤੋਂ ਲਾਲਚੀ ਤੇ ਸੌਖੇ ਤਰੀਕੇ ਲੱਭਣ ਵਿਚ ਯਤਨਸ਼ੀਲ ਰਿਹਾ ਹੈ ਜਿਸਦੇ ਨਤੀਜੇ ਵਜੋਂ ਮਨੁੱਖੀ ਤੀਰਥਾਂ ਦੀ ਗੱਲ ਸੁਣ ਕੇ ਅਮਲ ਵਿਚ ਲਿਆਉਣ ਦੀ ਬਜਾਏ ਪਾਣੀ ਵਿਚ ਚੁੱਭੀ ਲਾਉਣੀ ਹੀ ਤੀਰਥ ਮੰਨ ਲਿਆ ਗਿਆ। ਗੁਰੂ ਨਾਨਕ ਸਾਹਿਬ ਸਭ ਤੋਂ ਜ਼ਿਆਦਾ ਹਿੰਦੂਆਂ ਤੇ ਮੁਸਲਮਾਨਾਂ ਦੇ ਤੀਰਥ ਅਸਥਾਨਾਂ ਤੇ ਜਾਂਦੇ ਹਨ ਪਰ ਆਪਣਾ ਵੱਖਰਾ ਤੀਰਥ ਅਸਥਾਨ ਇੱਕ ਵੀ ਸਥਾਪਤ ਨਹੀ ਕਰਦੇ। ਕਰਤਾਰਪੁਰ (ਅੱਜ ਕੱਲ੍ਹ ਪਾਕਿਸਤਾਨ) ਰਾਵੀ ਦੇ ਕੰਢੇ ਵਾਸਇਆ ਜਾਂਦਾ ਹੈ। ਪਾਣੀ ਦੀ ਲੋੜ ਕੁਦਰਤੀ ਤਰੀਕੇ ਨਾਲ ਪੂਰੀ ਹੋ ਰਹੀ ਹੈ। ਸਰੋਵਰ ਬਣਾਉਣ ਦੀ ਲੋੜ ਨਹੀਂ ਸਮਝੀ ਗਈ। ਗੁਰੂ ਅਰਜਨ ਦੇਵ ਜੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਅਤੇ ਵੱਖਰੀਆਂ ਵੱਖਰੀਆਂ ਜਾਤੀਆਂ ਵਿਚ ਭਿੰਨਤਾ ਨੂੰ ਖਤਮ ਕਰਨ ਲਈ ਗੁਰੂ ਕਾ ਚੱਕ, ਰਾਮਦਾਸ ਚੱਕ ਤੇ ਅੱਜ-ਕੱਲ੍ਹ ਅੰਮ੍ਰਿਤਸਰ ਵਿਚ ਪੰਜ ਸਰੋਵਰ ਕਾਇਮ ਕਰਦੇ ਹਨ। ਪਰ ਸਿੱਖੀ ਵਿਚ ਪ੍ਰਵੇਸ਼ ਕਰ ਚੁੱਕੇ ਸਿੱਖੀ ਦੇ ਵੈਰੀ ਨੇ ਗੁਰੂ ਸਾਹਿਬਾਨ ਦੀ ਭਾਵਨਾ ਨੂੰ ਖਤਮ ਕਰਨ ਲਈ ਸਿੱਖੀ ਤੋਂ ਨਾ ਵਾਕਿਫ ਸਿੱਖਾਂ ਦੇ ਗਲ ਪਾਣੀ ਵਿਚ ਚੁੱਭੀ ਲਾਉਣੀ ਹੀ ਮੜ੍ਹ ਦਿੱਤੀ ਜੋ ਗੁਰੂ ਗ੍ਰੰਥ ਸਾਹਿਬ ਦੇ ਵਿਪਰੀਤ ਤੇ ਆਰੀਆਂ-ਸਮਾਜੀਆਂ ਦੇ ਅਨਕੂਲ ਕੰਮ ਕਰਦੀ ਹੈ।

ਆਓ ਹੁਣ ਗੁਰੂ ਦੇ ਹੁਕਮ, ਗੁਰੂ ਬਾਣੀ ਮੁਤਾਬਕ ਦੇਖੀਏ ਕਿ ਪਾਣੀ ਵਿਚ ਇਸ਼ਨਾਨ ਕਰਨ ਨਾਲ ਕੀ ਬੰਦਾ ਪਵਿਤ੍ਰ ਹੋ ਸਕਦਾ ਹੈ?

ਇੱਥੇ ਇਹ ਵਿਚਾਰ ਵੀ ਕਰ ਲੈਣੀ ਕੁਥਾਂਵੇਂ ਨਹੀਂ ਹੋਵੇਗੀ ਕਿ ਕੀ ਸਿੱਖੀ ਦਾ ਕੋਈ ਸਬੰਧ ਸ਼ਰੀਰ ਦੇ ਮਾਸ-ਚੰਮ ਨਾਲ ਹੈ?

ਮ: 1 ॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ ॥2॥ ਪੰਨਾ 789॥

ਜੇ ਖੋਟੇ ਮਨ ਨਾਲ ਤੀਰਥਾਂ ਤੇ ਨਹਾਉਣ ਤੁਰ ਪਏ ਤੇ ਸਰੀਰ ਵਿਚ ਕਾਮਾਦਿਕ ਚੋਰ ਭੀ ਟਿਕੇ ਰਹੇ, ਤਾਂ ਨਹਾਉਣ ਨਾਲ ਇਕ ਹਿੱਸਾ (ਭਾਵ, ਸਰੀਰ ਦੀ ਬਾਹਰਲੀ) ਮੈਲ ਤਾਂ ਲਹਿ ਗਈ ਪਰ (ਮਨ ਵਿਚ ਅਹੰਕਾਰ ਆਦਿਕ ਦੀ) ਦੂਣੀ ਮੈਲ ਹੋਰ ਚੜ੍ਹ ਗਈ, (ਤੁੰਮੀ ਵਾਲਾ ਹਾਲ ਹੀ ਹੋਇਆ) ਤੁੰਮੀ ਬਾਹਰੋਂ ਤਾਂ ਧੋਤੀ ਗਈ, ਪਰ ਉਸ ਦੇ ਅੰਦਰ ਨਿਰੋਲ ਵਿਸੁ (ਭਾਵ, ਕੌੜਣ) ਟਿਕੀ ਰਹੀ। ਭਲੇ ਮਨੁੱਖ (ਤੀਰਥਾਂ ਤੇ) ਨਹਾਉਣ ਤੋਂ ਬਿਨਾਂ ਹੀ ਭਲੇ ਹਨ ਤੇ ਚੋਰ (ਤੀਰਥਾਂ ਤੇ ਨਹਾ ਕੇ ਭੀ) ਚੋਰ ਹੀ ਹਨ।

ਸਿਖੀ ਸਿਖਿਆ ਗੁਰ ਵੀਚਾਰਿ॥ ਇਹ ਪੰਗਤੀ ਆਪਣੇ ਆਪ ਸਾਨੂੰ ਇਹ ਦੱਸਦੀ ਹੈ ਕਿ ਸਿੱਖੀ ਦਾ ਸਿੱਧਾ ਸਬੰਧ ਦਿਮਾਗ ਨਾਲ, ਸੋਚ ਨਾਲ ਤੇ ਵਿਚਾਰ ਨਾਲ ਹੈ। ਹੁਣ ਸਵਾਲ ਪੈਦਾ ਹੋਇਆ ਕਿ ਫਿਰ ਅਸੀਂ ਸਰੀਰ ਧੋਣ ਵਾਲੇ ਪਾਸੇ ਨੂੰ ਕਿਉਂ ਚੱਲ ਪਏ? ਪ੍ਰੋ. ਕਿਸ਼ਨ ਸਿੰਘ ਦਿੱਲ੍ਹੀ ਵਾਲੇ ਇਹ ਲਿਖਦੇ ਹਨ ਕਿ ਇਤਿਹਾਸ ਵਿਚ ਇਹ ਪਹਿਲੀ ਵਾਰ ਨਹੀ ਹੋਇਆ ਕਿ ਕਿਸੇ ਮਹਾਨ ਸਾਹਿਤ ਦੇ ਅਰਥ ਬਦਲੇ ਗਏ ਹੋਣ। ਬਾਈਬਲ, ਕੁਰਾਨ ਸ਼ਰੀਫ, ਗੀਤਾ, ਰਾਮਾਇਣ ਦੇ ਅਰਥ ਬਦਲੇ ਗਏ ਤੇ ਇਵੇਂ ਹੀ ਗੁਰੂ ਗ੍ਰੰਥ ਸਾਹਿਬ ਨਾਲ ਹੋਇਆ ਹੈ। ਅੱਜ ਦੀ ਸਿੱਖੀ ਦੀਆਂ ਸਾਰੀਆਂ ਦੀਆਂ ਸਾਰੀਆਂ ਪ੍ਰੰਪਰਾਵਾਂ ਤੇ ਰਵਾਇਤਾਂ ਗੁਰੂ ਸਿਖਿਆਵਾਂ ਮੁਤਾਬਕ ਨਹੀਂ ਸਗੋਂ ਇਹ ਬ੍ਰਾਹਮਣੀ ਪ੍ਰਥਾਵਾਂ ਹਨ। ਬ੍ਰਾਹਮਣ ਨੇ ਹਿੰਦੂ ਸਮਾਜ ਪੁੱਠੇ ਪਾਸੇ ਨੂੰ, ਆਪਣੀਆਂ ਰੋਟੀਆਂ ਨੂੰ ਮੁੱਖ ਰੱਖ ਕੇ ਤੋਰਿਆ ਤੇ ਸਿੱਖ ਸਮਾਜ ਦੇ ਪੰਡਿਤ, ਜਿਸਨੂੰ ਅੱਜ-ਕੱਲ੍ਹ ਜਥੇਦਾਰ ਵੀ ਕਹਿੰਦੇ ਹਾਂ, ਵੀ ਇਹੀ ਕੁੱਝ ਕਰ ਰਹੇ ਹਨ। ਡਾ. ਹਰਜਿੰਦਰ ਸਿੰਘ ਦਲਗੀਰ ਜੀ ਆਪਣੀ ਪੁਸਤਕ 'ਸਿੱਖ ਤਵਾਰੀਖ ਵਿਚ ਅਕਾਲ ਤਖਤ ਦਾ ਰੋਲ' ਵਿਚ ਗਿਆਨੀ ਜੋਗਿੰਦਰ ਸਿੰਘ ਉੱਪਰ ਦੋ ਕਰੋੜ ਰੁਪੈ ਲੈਣ ਦਾ ਦੋਸ਼ ਲਾਉਂਦੇ ਹਨ। ਇਨ੍ਹਾਂ ਦੇ ਪੁੱਠੇ ਪਾਸੇ ਨੂੰ ਤੋਰੇ ਹੋਏ ਸਿੱਖ ਵੀ ਅੱਜ ਸਰੋਵਰਾਂ ਵਿਚ ਚੁਭੀਆਂ ਲਾ -ਲਾ ਕੇ ਆਪਣੇ ਪਾਪ ਉਤਾਰ ਰਹੇ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਸਾਰੇ ਇਤਹਾਸਿਕ ਥਾਂਵਾਂ ਤੇ ਦੇਖੇ ਜਾ ਸਕਦੇ ਹਨ। ਅੱਜ ਜੋ ਵੀ ਗੁਰਬਾਣੀ ਦੇ ਵਿਪ੍ਰੀਤ ਹੋ ਰਿਹਾ ਹੈ ਇਸ ਦੇ ਜ਼ਿੰਮੇਵਾਰ ਸਿੱਖਾਂ ਦੇ ਧਾਰਮਿਕ ਲੀਡਰ ਹੀ ਹਨ।

ਜਿਸ ਕੌਮ ਦੇ ਲਿਖਾਰੀ ਬੁਧੀਜੀਵੀ ਵਿਕਾਊ ਹੋ ਜਾਣ, ਉਹ ਕੌਮ ਦਾ ਬੇੜਾ ਗਰਕ ਹੋਇਆ ਹੀ ਹੋਇਆ, ਜਿਸ ਕੌਮ ਦੇ ਰਾਜਸੀ ਲੀਡਰ ਬੇਈਮਾਨ ਤੇ ਖੁਦਗਰਜ਼ ਹੋ ਜਾਣ ਉਸ ਕੌਮ ਦਾ ਨਾਸ ਹੋਇਆ ਹੀ ਹੋਇਆ ਅਤੇ ਜਿਸ ਕੌਮ ਦੇ ਧਾਰਮਕ ਆਗੂ ਭ੍ਰਿਸ਼ਟਾਚਾਰ ਦੇ ਅਧੀਨ ਕੰਮ ਕਰਨ ਉਸ ਕੌਮ ਦਾ ਸੱਤਿਆ-ਨਾਸ ਹੋਇਆ ਹੀ ਹੋਇਆ। ਅੱਜ ਸਿੱਖ ਇਸ ਸਥਿਤੀ ਵੱਲ ਆਪ ਨਜ਼ਰ ਮਾਰਨ ਕਿ ਉਨ੍ਹਾਂ ਦੀ ਹਾਲਤ ਕਿਤੇ ਇਹੀ ਤਾਂ ਨਹੀ?

ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥ ਜੀਉ ਪ੍ਰਾਨ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥ ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ॥3॥ ਮ:5, ਪੰਨਾ 47॥

(ਹੇ ਭਾਈ!) ਗੁਰੂ ਦੀ ਸੰਗਤਿ ਕਰ- ਇਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ। (ਗੁਰੂ ਦੀ ਸਰਨ ਵਿਚ ਰਿਹਾਂ) ਜਿੰਦ ਪ੍ਰਾਣ

ਮਨ ਸਰੀਰ ਸਭ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ, ਤੇ ਮਨੁੱਖਾ ਜਨਮ ਦਾ ਅਸਲ ਮਨੋਰਥ ਭੀ ਇਹੀ ਹੈ। ਇਸ ਜਗਤ ਵਿਚ (ਸਭ ਕਿਸਮ ਦੇ) ਆਦਰ-ਮਾਣ ਮਿਲਣਗੇ, ਪਰਮਾਤਮਾ ਦੀ ਦਰਗਹ ਵਿਚ ਭੀ ਆਦਰ ਪਾਏਂਗਾ।

ਹਿੰਦੂ ਮੱਤ ਅਨੁਸਾਰ 68 (ਅਠਸਠਿ) ਤੀਰਥਾਂ ਤੇ ਇਸ਼ਨਾਨ ਕਰਨ ਨਾਲ ਪਾਰਉਤਾਰਾ ਹੋ ਜਾਂਦਾ ਹੈ ਪਰ ਗੁਰਬਾਣੀ ਇਸਨੂੰ ਨਿਕਾਰਦੀ ਹੈ।

ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥ {ਮ:3, ਪੰਨਾ 644}

ਭੇਖ ਕਰਨ ਵਾਲੇ ਮਨੁੱਖ (ਭਾਵ, ਸਾਧੂ ਲੋਕ) ਕਈ ਭੇਖ ਕਰ ਕੇ ਤੇ ਅਠਾਹਠ ਤੀਰਥਾਂ ਤੇ ਨ੍ਹਾ ਕੇ ਥੱਕ ਗਏ ਹਨ; ਹਉਮੈ ਤੇ ਭਰਮ ਵਿਚ ਭੁੱਲੇ ਹੋਇਆਂ ਨੂੰ ਮਨ ਦੀ ਸਾਰ ਨਹੀਂ ਆਈ ।

ਮ: 3॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ ਪੰਨਾ 473॥ ਇਸ ਸ਼ਬਦ ਵਿਚ ਗੁਰੂ ਅਮਰਦਾਸ ਜੀ ਬੜੇ ਸੌਖੇ ਲਫਜ਼ਾਂ ਵਿਚ ਇਹ ਕਹਿ ਰਹੇ ਹਨ ਕਿ ਜੇ ਮਨੁੱਖ ਅੰਦਰੋਂ ਝੂਠਾ ਹੈ ਤੇ ਦੁਨੀਆਂ ਵਿਚ ਉਸਨੇ ਆਪਣੀ ਇੱਜ਼ਤ ਵੀ ਬਣਾਈ ਹੋਈ ਹੈ ਤਾਂ ਵੀ 68 ਤੀਰਥਾਂ ਤੇ ਇਸ਼ਨਾਨ ਕਰਨ ਨਾਲ ਵੀ ਮਨ ਦੀ ਮੈਲ ਨਹੀਂ ਉੱਤਰਦੀ। ਸਿੱਖੀ ਬਾਰ ਬਾਰ ਮਨ ਨੂੰ ਸਾਫ ਕਰਨ ਲਈ ਪੁਕਾਰ ਪੁਕਾਰ ਕੇ ਆਖ ਰਹੀ ਹੈ।

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ॥ ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥4॥ ਮ:3, ਪੰਨਾ 491॥

ਜਿਸ ਮਨੁੱਖ ਨੇ ਕੁਦਰਤੀ ਨਿਯਮਾਂ ਨੂੰ ਸਮਝ ਲਿਆ, ਸੱਚੇ ਗਿਆਨ ਨੂੰ ਪ੍ਰਾਪਤ ਕਰ ਲਿਆ, ਉਸ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਉਸ ਮਨੁੱਖ ਦਾ ਹਿਰਦਾ ਹੀ ਅਠਸੱਠ ਤੀਰਥ ਬਣ ਜਾਂਦਾ ਹੈ। ਮਾਨੋ ਅਠਸੱਠ ਤੀਰਥ ਹੀ ਉਸਦੇ ਸੰਗ ਰਹਿੰਦੇ ਹਨ ਇਉਂ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥2॥ ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥3॥8॥ { ਕਬੀਰ, ਪੰਨਾ 656}

(ਵੇਖ,) ਜੇ ਤੂੰ ਵੀ ਅਠਾਹਠ ਤੀਰਥਾਂ ਉੱਤੇ ਭੀ ਇਸ਼ਨਾਨ ਕਰ ਲਏ, ਤਾਂ ਭੀ ਉਸ ਦੀ (ਅੰਦਰਲੀ) ਕੁੜੱਤਣ ਦੂਰ ਨਹੀਂ ਹੁੰਦੀ। (ਇਸ ਅੰਦਰਲੀ ਮੈਲ ਨੂੰ ਦੂਰ ਕਰਨ ਲਈ) ਕਬੀਰ ਤਾਂ ਸੋਚ ਵਿਚਾਰ ਕੇ (ਪ੍ਰਭੂ ਅੱਗੇ ਹੀ ਇਉਂ) ਅਰਦਾਸ ਕਰਦਾ ਹੈ-ਹੇ ਪ੍ਰਭੂ! ਤੂੰ ਮੈਨੂੰ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ ।3।8।

ਮਨ ਦੀ ਮੈਲ ਤੀਰਥ-ਇਸ਼ਨਾਨ ਜਾਂ ਗਿਆਨ-ਚਰਚਾ ਨਾਲ ਦੂਰ ਨਹੀਂ ਹੁੰਦੀ । ਇਸ ਗਿਆਨ ਚਰਚਾ ਨੂੰ ਮਨ ਵਿਚ ਵਸਾ ਕੇ ਉਸ ਉਪਰ ਅਮਲ ਕਰਨ ਨਾਲ, ਉਸ ਮੁਤਾਬਕ ਜ਼ਿੰਦਗੀ ਜਿਉਣ ਨਾਲ ਹੀ ਮਨ ਦੀ ਮੈਲ ਦੂਰ ਹੋ ਸਕਦੀ ਹੈ।

ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥ ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥2॥ ਮ:5, ਪੰਨਾ 890॥

ਵਿਕਾਰਾਂ ਦੀ ਮੈਲ ਤੀਰਥਾਂ ਉਤੇ ਇਸ਼ਨਾਨ ਕਰ ਕੇ ਨਹੀਂ ਉਤਰੇਗੀ। ਤੀਰਥ-ਇਸ਼ਨਾਨ ਆਦਿਕ ਇਹ ਸਾਰੇ ਮਿਥੇ ਹੋਏ ਧਾਰਮਿਕ ਕੰਮ ਹਉਮੈ ਦਾ ਹੀ ਖਿਲਾਰਾ ਹੈ। ਤੀਰਥ-ਇਸ਼ਨਾਨ ਆਦਿਕ ਕਰਮ ਕਾਂਡ ਕਰ ਕੇ ਧਰਮੀ ਹੋਣ ਦਾ ਪ੍ਰਗਟਾਵਾ ਕਰਨ ਨਾਲ ਵੀ ਉੱਚੀ ਆਤਮਿਕ ਅਵਸਥਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਦੇ ਨਾਮ ਕੁਦਰਤੀ ਨਿਯਮਾਂ ਦਾ ਪਾਲਣ ਕਰਨ ਤੋਂ ਬਗੈਰ ਸਭ ਲੋਕ ਇਸ ਦੁਨੀਆਂ ਤੋਂ ਰੋ ਰੋ ਕੇ ਹੀ ਚਲੇ ਜਾਂਦੇ ਹਨ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਸਰਬ ਅਨੰਦ ਜਬ ਦਰਸਨੁ ਪਾਈਐ ॥ ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥3॥ ਮ:5, ਪੰਨਾ 890॥

ਜਿਸ ਹਿਰਦੇ ਵਿਚ ਚੰਗੇ ਗੁਣਾਂ ਦਾ ਵਾਸਾ ਹੋ ਗਿਆ ਉਹ ਹਿਰਦਾ ਅਠਾਹਠ ਤੀਰਥ ਹੀ ਬਣ ਜਾਂਦਾ ਹੈ। ਜਿਸ ਹਿਰਦੇ ਵਿਚ ਸੱਚ ਨਾਮ ਵੱਸਦਾ ਹੈ ਉਹ ਹਿਰਦਾ ਸੱਚਖੰਡ ਬਣ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਮਨ ਅਨੰਦਤ ਅਵਸਥਾ ਵਿਚ ਆ ਜਾਂਦਾ ਹੈ। ਇਸ ਕਰ ਕੇ ਸਾਨੂੰ ਪਰਮਾਤਮਾ ਦੇ ਰਸਤੇ ਨੂੰ ਆਪਣੀ ਜ਼ਿੰਦਗੀ ਵਿਚ ਹਰ ਰੋਜ਼ ਵਸਾਉਣਾ ਚਾਹੀਦਾ ਹੈ।

ਤੀਰਥ ਦੇਖਿ ਨ ਜਲ ਮਹਿ ਪੈਸਉ, ਜੀਅ ਜੰਤ ਨ ਸਤਾਵਉਗੋ॥ ਅਠਸਠਿ ਤੀਰਥ ਗੁਰੂ ਦਿਖਾਏ, ਘਟ ਹੀ ਭੀਤਰਿ ਨ੍ਹਾਉਗੋ॥3॥ ਭਗਤ ਨਾਮਦੇਵ ਜੀ, ਪੰਨਾ 973॥

ਨਾ ਮੈਂ ਤੀਰਥਾਂ ਦੇ ਦਰਸ਼ਨ ਕਰਦਾ ਹਾਂ, ਨਾ ਉਹਨਾਂ ਦੇ ਪਾਣੀ ਵਿਚ ਚੁੱਭੀ ਲਾਉਂਦਾ ਹਾਂ, ਤੇ ਨਾ ਹੀ ਮੈਂ ਉਸ ਪਾਣੀ ਵਿਚ ਰਹਿਣ ਵਾਲੇ ਜੀਵਾਂ ਨੂੰ ਡਰਉਂਦਾ ਹਾਂ। ਮੈਨੂੰ ਤਾਂ ਮੇਰੇ ਗੁਰੂ ਨੇ (ਮੇਰੇ ਅੰਦਰ ਹੀ) ਅਠਾਹਠ ਤੀਰਥ ਵਿਖਾ ਦਿੱਤੇ ਹਨ। ਸੋ, ਮੈਂ ਆਪਣੇ ਅੰਦਰ ਹੀ (ਆਤਮ-ਤੀਰਥ ਉੱਤੇ) ਇਸ਼ਨਾਨ ਕਰਦਾ ਹਾਂ ।3।

ਸਾਨੂੰ ਅਣਪੜ੍ਹ ਸਿੱਖਾਂ ਨੂੰ ਕੋਈ ਪਤਾ ਨਹੀਂ ਸੀ ਕਿ ਤੀਰਥ ਇਸ਼ਨਾਨ ਕੀ ਹੁੰਦਾ ਹੈ। ਇਸਦਾ ਕੋਈ ਲਾਭ ਹੁੰਦਾ ਹੈ ਜਾਂ ਨਹੀਂ। ਮੇਰੇ ਪਿੰਡ ਵਿਚ ਘਰਾਂ ਵਿਚੋਂ ਲਗਦੇ ਤਾਇਆ ਜੀ, ਸਾਧੂ ਸਿੰਘ, ਤਰਨ ਤਾਰਨ 18 ਮੱਸਿਆ ਪੈਦਲ ਤੁਰ ਕੇ ਨਹਾਉਣ ਗਏ। ਹਾਲ ਉਸ ਦਾ ਵੀ ਉਹੋ ਹੀ ਹੋਇਆ ਜੋ ਪਿੰਡ ਦੇ ਦੂਸਰੇ ਲੋਕਾਂ ਦਾ ਅਖੀਰਲੇ ਵੇਲੇ ਹੁੰਦਾ ਹੈ ਸਗੋਂ ਰੋਟੀ ਨੂੰ ਤਰਸਦਾ ਹੀ ਮਰਿਆ ਹੈ।

ਪਹਿਲੀ ਗੱਲ ਤਾਂ ਇਹ ਕਿ ਸਿੱਖੀ ਵਿਚ ਸੁੱਖਣਾ ਤੇ ਮੰਨਤ ਮੰਨਣ ਨੂੰ ਕੋਈ ਥਾਂ ਨਹੀਂ। ਕਿਉਂ? ਕਿਉਂਕਿ ਸੁੱਖਣਾ ਸੁੱਖ ਕੇ ਤੇ ਮੰਨਤ ਮੰਨ ਕੇ ਪ੍ਰਮਾਤਮਾ ਤੋਂ ਅਸੀਂ ਆਪਣੀ ਮਰਜ਼ੀ ਮੁਤਾਬਕ ਕੋਈ ਕੰਮ ਕਰਵਾਉਣਾ ਚਾਹੁੰਦੇ ਹਾਂ। ਜੋ ਮੁਮਕਿਨ ਨਹੀਂ। ਸਿੱਖੀ ਸਿਧਾਂਤ ਵੀ ਇਸਦੇ ਬਿਲਕੁਲ ਉਲਟ ਹੈ।

ਰੰਕੁ ਰਾਉ ਜਾ ਕੈ ਏਕ ਸਮਾਨਿ॥ ਕੀਟ ਹਸਤਿ ਸਗਲ ਪੂਰਾਨ॥ ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥2॥ ਗੋਂਡ ਮ:5, ਪੰਨਾ 863॥

(ਹੇ ਭਾਈ! ਉਸ ਪ੍ਰਭੂ ਦਾ ਧਿਆਨ ਧਰਿਆ ਕਰ) ਜਿਸ ਦੀ ਨਿਗਾਹ ਵਿਚ ਇਕ ਕੰਗਾਲ ਮਨੁੱਖ ਅਤੇ ਇਕ ਰਾਜਾ ਇੱਕੋ ਜਿਹੇ ਹਨ, ਜੋ ਕੀੜੇ ਹਾਥੀ ਸਭਨਾਂ ਵਿਚ ਹੀ ਵਿਆਪਕ ਹੈ, ਜਿਹੜਾ ਕਿਸੇ ਹੋਰ ਨੂੰ ਪੁੱਛ ਕੇ (ਕੋਈ ਕੰਮ ਕਰਨ ਦੀ) ਸਾਲਾਹ ਨਹੀਂ ਕਰਦਾ, (ਸਗੋਂ) ਜੋ ਕੁੱਝ ਕਰਦਾ ਹੈ ਉਹ ਆਪ ਕਰਦਾ ਹੈ ।2।

ਇਸ ਸਾਰੀ ਵਿਚਾਰ ਤੋਂ ਬਾਅਦ ਸਿੱਖ ਸੰਗਤ ਨੂੰ ਆਪ ਹੀ ਫੈਸਲਾ ਕਰਨਾ ਚਾਹੀਦਾ ਹੈ ਕਿ ਤੀਰਥਾਂ ਤੇ ਜਾਣਾ ਤੇ ਇਸ਼ਨਾਨ ਕਰਨਾ ਚਾਹੀਦਾ ਹੈ ਜਾਂ ਨਹੀ। ਜੇ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦਾ ਕੋਈ ਲਾਭ ਹੁੰਦਾ ਤਾਂ ਗੁਰਬਾਣੀ ਇਸਦਾ ਵਿਰੋਧ ਖੰਡਨ ਨਾ ਕਰਦੀ।

# ਰੁਬਾਈਆਂ




ਪ੍ਰਿੰਸੀਪਲ ਮਹਿੰਦਰ ਸਿੰਘ ਬਰਾੜ 'ਭਾਗੀਕੇ'

ਫੋਨ -ਭਾਰਤ : 98724-58149

ਕੈਨੇਡਾ : 519-653-2588


ਜਿਥੋਂ ਜਾਕੇ ਮੁਕਤੀ ਮੰਗਦਾਂ, ਉਹ ਵੀ ਤੇਰੇ ਵਰਗੇ।
ਐਵੇਂ ਬਣਕੇ ਫਿਰਨ ਉਦਾਸੀ, ਵਿਚੋਂ ਤਾਂ ਖਾਲੀ ਘੋਗੇ।
ਨਾ ਕੁਝ ਖੱਟਣ ਪਾਉਂਣ ਯੋਗਾ, ਇਹਨਾਂ ਸਾਧਾਂ ਕੋਲੋਂ,
ਰਾਤੀਂ ਸੁੱਤਿਆਂ ਨੀਂਦ ਨਾ ਆਵੇ, ਘਰ ਨਾ ਮੁੜਨ ਜੋਗੇ।

ਦੀਵੇ ਹੇਠਾਂ ਰਹੇ ਹਨੇਰਾ, ਦੂਜੇ ਚਾਨਣ ਵੰਡੇ।
ਧਰਮ ਅਸਥਾਨੀ ਜੋ ਪੁਜਾਰੀ, ਹੋਵਣ ਅਧਰਮੀ ਬੰਦੇ।
ਧਰਮੀ ਹੋਣ ਦਾ ਕਰਨ ਵਿਖਾਵਾ, ਮਾੜੇ ਕਰਨ ਵਤੀਰੇ।
ਰੋਟੀ ਕਾਰਨ ਤਾਲ ਪੂਰਦੇ, ਲੋਕਾਂ ਨਾਲੋਂ ਮੰਦੇ।

ਧਰਮੀ ਬੰਦੇ ਮੈਂ ਨੀ ਦੇਖੇ, ਇਕ ਦੂਜੇ ਨਾਲ ਲੜਦੇ।
ਨਾਲ ਪਿਆਰ ਇਕੱਠੇ ਬਹਿੰਦੇ, ਨਾਲ ਸਲੀਕੇ ਖੜ੍ਹਦੇ।
ਜੋ ਆ ਕੇ ਹੁੰਦੇ ਜੁਤੋ ਜੁੱਤੀ, ਧਰਮ ਅਸਥਾਨਾਂ ਅੰਦਰ,
ਉਨ੍ਹਾਂ ਤਾਈਂ ਨਾ ਕਹੋ ਧਰਮੀ, ਕੁਰਸੀ ਖਾਤਰ ਮਰਦੇ।

ਕੀ ਹੈ ਪੁੰਨ ਤੇ ਕੀ ਹੈ ਪਾਪ, ਇਸ ਦੁਨੀਆ ਦੇ ਅੰਦਰ।
ਉਲਝੀ ਫਿਰੇ ਦੁਨੀਆ ਸਾਰੀ, ਵਿਚ ਧਰਮਾਂ ਦੇ ਮੰਦਰ।
ਇਕ ਮਾਰਨ ਬੰਦੇ ਤੇ ਠੱਗੀ, ਦੂਜਾ ਜਾਨ ਬਚਾਵੇ,
ਦੋਨਾਂ ਸਮਝਦੇ ਇਕ ਬਰਾਬਰ, ਨਿਆਰ ਜੱਗ ਦੇ ਅੰਦਰ।

ਯੁੱਗ ਬਦਲਿਆ ਤੂੰ ਨਾ ਬਦਲਿਆ, ਟੂਣੇ ਟਾਮਨ ਕਰਦਾ।
ਗਿਆਨ ਦਾ ਵੀ ਪਾਹ ਨਾ ਚੜ੍ਹਿਆ, ਕਦਮ ਪਿੱਛੇ ਨੂੰ ਧਰਦਾ।
ਦੁਨੀਆ ਉੱਡੇ ਵਿਚ ਅਸਮਾਨੀ, ਤੂੰ ਥੱਲੇ ਨੂੰ ਦੇਖੇਂ,
ਹੋਸ਼ ਟਿਕਾਣੇ ਸਮਾਂ ਬੀਤਦਾ, ਕ੍ਹਾਨੂੰ ਤਰਲੇ ਕਰਦਾ।

ਜਦ ਜੱਗ ਤੋਂ ਹੋਈ ਤਿਆਰੀ, ਔਣਗੇ ਰਲਕੇ ਸਾਰੇ।
ਔਗੁਣ ਬਦਲਣ ਵਿਚ ਗੁਣਾਂ ਦੇ, ਬੋਲਣ ਸ਼ਬਦ ਪਿਆਰੇ।
ਜਾਨਣ ਵਾਲੇ ਨੇੜਿਓ ਯਾਰਾ, ਸ਼ਰਮ ਉਨ੍ਹਾਂ ਨੂੰ ਆਊ,
ਮਰਨ ਦੇ ਪਿੱਛੋਂ ਕਹਿਣਾ ਚੰਗਾ,ਦੇਖੋ ਰੰਗ ਨਿਆਰੇ।

# ਸਾਧ ਭਲੇ ਅਣਨ੍ਹਾਤਿਆਂ

ਦਰਸ਼ਨ ਸਿੰਘ
ਵੂਲਵਰਹੈਂਪਟਨ (ਯੂ.ਕੇ.)

ਧਰਮ ਦੀ ਦੁਨੀਆਂ ਵਿੱਚ ਤੀਰਥ ਉਸ ਪਵਿਤ੍ਰ ਅਸਥਾਨ ਨੂੰ ਆਖਦੇ ਹਨ ਜਿਥੇ ਜਾ ਕੇ ਮਨੁਖ ਆਪਣੇ ਮਨ ਦੇ ਪਾਪਾਂ ਦੀ ਮੈਲ ਨੂੰ ਧੋ ਸਕਦਾ ਹੈ। ਇਥੇ ਇੱਕ ਬੜੀ ਵੱਡੀ ਭੁੱਲ ਹੋ ਗਈ ਜਾਪਦੀ ਹੈ, ਕਿਉਂਕਿ ਮਨ ਕੋਈ ਠੋਸ ਵਸਤੂ ਨਹੀਂ। ਇਸ ਲਈ ਇਸ ਨੂੰ ਪਾਣੀ ਨਾਲ ਨਹੀਂ ਬਲਕਿ ਗਿਆਨ ਨਾਲ ਹੀ ਧੋਤਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਇੱਕ ਸਮੇਂ ਇਹਨਾਂ ਅਸਥਾਨਾਂ ਤੇ ਕਿਸੇ ਮਹਾਨ ਪੁਰਸ਼ ਦੀ ਰਿਹਾਇਸ਼ ਰਹੀ ਹੋਵੇ, ਜਿਸਦੇ ਅੰਦਰ ਪਰਮਾਤਮਾ ਦੇ ਗਿਆਨ ਦਾ ਪਰਕਾਸ਼ ਹੋਇਆ ਹੋਵੇ, ਸੱਚ ਦਾ ਚਸ਼ਮਾ ਫੁੱਟਾ ਹੋਵੇ, ਅੰਮ੍ਰਿਤ (ਗਿਆਨ) ਦੀ ਵਰਖਾ ਹੋਈ ਹੋਵੇ, ਜਾਗਤ ਜੋਤ ਜਲੀ ਹੋਵੇ, ਪਰ ਸਮਾਂ ਪਾ ਕੇ ਜਦੋਂ ਅੰਮ੍ਰਿਤ ਦਾ ਚਸ਼ਮਾ ਬੰਦ ਹੋ ਗਿਆ, ਜਾਗਤ ਜੋਤ ਬੁਝ ਗਈ ਤਾਂ ਫਿਰ ਉਹ ਅਸਥਾਨ ਤੀਰਥ ਨਹੀਂ ਰਹਿ ਜਾਂਦਾ। ਤੀਰਥ ਤਾਂ ਕੇਵਲ ਉਦੋਂ ਤਕ ਹੀ ਸੀ ਜਦੋਂ ਤੱਕ ਉਥੇ ਅੰਮ੍ਰਿਤ ਦਾ ਕੁੰਡ (ਗਿਆਨ) ਮੌਜੂਦ ਸੀ, ਪਿਛੋਂ ਤਾਂ ਉਹ ਅਸਥਾਨ ਇਕ ਆਮ ਅਸਥਾਨ ਵਾਙੂੰ ਹੀ ਰਹਿ ਜਾਂਦਾ ਹੈ। ਇਸ ਲਈ ਮਹੱਤਤਾ ਅਸਥਾਨ ਦੀ ਨਹੀਂ, ਬਲਕਿ ਗਿਆਨ ਦੀ ਹੈ। ਮਨ ਦੀ ਮੈਲ ਅਸਥਾਨ (ਦੇ ਪਾਣੀ) ਨਾਲ ਨਹੀਂ ਬਲਕਿ ਗਿਆਨ ਨਾਲ ਧੋਤੀ ਜਾਣੀ ਹੈ ਤੇ ਇਹ ਗਿਆਨ ਭਾਵੇਂ ਕਿਸੇ ਵੀ ਅਸਥਾਨ ਤੇ ਹੋ ਸਕਦਾ ਹੈ। ਜਿਥੇ ਵੀ ਇਸ ਗਿਆਨ ਦੀ ਵਰਖਾ ਹੋਵੇਗੀ ਉਹੀ ਅਸਥਾਨ ਪਵਿਤ੍ਰ ਤੀਰਥ ਕਹਿਲਾਵੇਗਾ ਚਾਹੇ ਉਹ ਕੋਈ ਰੇਗਿਸਥਾਨ ਹੀ ਕਿਉਂ ਨਾ ਹੋਵੇ। ਧਰਮ ਦੀ ਦੁਨੀਆਂ ਵਿੱਚ ਤੀਰਥ, ਦਰਿਆ ਦਾ ਕਿਨਾਰਾ ਨਹੀਂ, ਬਲਿਕੇ ਗਿਆਨ (ਗੁਰੂ) ਹੈ। (ਗੁਰ ਸਚੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਓ॥ ਮ: 1 17) ਅਖੌਤੀ ਤੀਰਥਾਂ ਤੇ ਪਾਣੀ ਨਾਲ ਕੀਤਾ ਇਸ਼ਨਾਨ ਅਸਲੀ "ਤੀਰਥ ਇਸ਼ਨਾਨ" ਨਹੀਂ ਬਲਕਿ ਕਿਸੇ ਵੀ ਅਸਥਾਨ ਤੇ ਲਿਆ ਗਿਆ ਗਿਆਨ "ਤੀਰਥ ਇਸ਼ਨਾਨ" ਹੈ। ਅਸਥਾਨ ਦੀ ਮਹੱਤਤਾ ਨਹੀਂ, ਗਿਆਨ ਦੀ ਮਹੱਤਤਾ ਹੈ।

ਹਰ ਧਰਮ ਵਿੱਚ ਤੀਰਥਾਂ ਦੀ ਯਾਤਰਾ ਦਾ ਬੜਾ ਮਹਾਤਮ ਦਰਸਾਇਆ ਜਾਂਦਾ ਹੈ ਤੇ ਹਜ਼ਾਰਾਂ ਲੋਕ ਅਨੇਕਾਂ ਮੁਸੀਬਤਾਂ ਝੱਲ ਕੇ ਵੀ ਤੀਰਥਾਂ ਦੇ ਦਰਸ਼ਨਾਂ ਨੂੰ ਜਾਂਦੇ ਵੇਖੇ ਜਾ ਸਕਦੇ ਹਨ। ਗੁਸਤਾਖੀ ਮੁਆਫ, ਅਜੋਕੇ ਸਮੇਂ ਵਿੱਚ ਤੀਰਥ ਯਾਤਰਾ ਦਾ ਰੱਬੀ ਗਿਆਨ ਨਾਲ ਦੂਰ ਦਾ ਵੀ ਵਾਸਤਾ ਨਹੀਂ। ਅਜ ਇਹ ਕੇਵਲ ਮਨ ਦਾ ਮਨੋਰੰਜਨ, ਸੈਰ ਸਪਾਟਾ ਜਾਂ ਹਵਾਬਦਲੀ ਹੀ ਰਹਿ ਗਿਆ ਹੈ। ਜਿੱਥੇ ਇੱਕ ਸਮੇ ਇਹ ਤੀਰਥ ਗਿਆਨ ਦੇ ਸੋਮੇ ਸਨ ਉਥੇ ਅਜ ਇਹ ਕੇਵਲ ਫੋਕੀਆਂ ਰੀਤਾਂ, ਰਸਮਾਂ ਤੇ ਕਰਮ ਕਾਂਡਾਂ ਦੇ ਅੱਡੇ ਬਣ ਕੇ ਰਹਿ ਗਏ ਜਿਥੇ ਗਿਆਨ ਦੀ ਗੱਲ ਕਰਨੀ ਵੀ ਗੁਨਾਹ ਹੈ। ਯਕੀਨ ਨਾ ਆਵੇ ਤਾਂ ਤਾਜ਼ੇ ਆਏ ਤੀਰਥ ਯਾਤਰੂ ਨੂੰ ਪੁਛ ਵੇਖਣਾ। ਉਹ ਆਪਣੀ ਯਾਤਰਾ ਦੇ ਮਿੰਟ- ਮਿੰਟ ਦਾ ਹਾਲ ਸੁਣਾਂਦੇ ਥੱਕਦੇ ਨਹੀਂ, ਕਿਵੇਂ, ਕਿਥੇ ਤੇ ਕਿੰਨਾ ਦਾਨ ਕੀਤਾ, ਪਾਠ ਕੀਤੇ, ਇਸ਼ਨਾਨ ਕੀਤੇ, ਕੀਰਤਨ ਸੁਣੇ ਆਦਿਕ ਪਰ ਕਿਥੋਂ, ਕਿਵੇਂ ਤੇ ਕਿੰਨਾ ਗਿਆਨ ਹਾਸਲ ਕੀਤਾ, ਇਹ ਉਹਨਾਂ ਦੇ ਪ੍ਰਸੰਗ ਵਿੱਚ ਕਿਤੇ ਨਹੀਂ ਆਉਂਦਾ ਕਿਉਂਕਿ ਇਹ ਤੀਰਥ ਯਾਤਰਾ ਦਾ ਮਨੋਰਥ ਹੀ ਨਹੀਂ ਸੀ। ਤੀਰਥਾਂ ਤੇ ਜਾ ਕੇ ਪਾਠ ਕਰਨ ਦਾ ਮਜ਼ਾ ਹੀ ਕੁਝ ਹੋਰ ਹੈ। ਘਰੇ ਪਾਠ ਦਾ ਉਹ ਮਜ਼ਾ ਨਹੀਂ ਕਿਉਂਕਿ ਕੋਈ ਵੇਖ ਕੇ ਸ਼ਲਾਘਾ ਕਰਨ ਵਾਲਾ ਨਹੀਂ ਪਰ ਉਥੇ ਵੇਖਣ ਵਾਲੇ ਅਨੇਕਾਂ ਤੇ ਵਿੱਚ ਵਿੱਚ ਜਾਨਣ ਤੇ ਸਾਲਾਹੁਣ ਵਾਲੇ ਵੀ ਮਿਲ ਜਾਂਦੇ ਹਨ। ਗੁਰੂ ਦੀ ਸਿਖਿਆ ਤੋਂ ਸਦਾ ਅਨਜਾਣ ਰਹੇ ਹਾਂ:- ਨਾਵਣ ਚਲੇ ਤੀਰਥੀ ਮਨ ਖੋਟੈ ਤਨਿ ਚੋਰ॥ ਇਕੁ ਭਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ (ਮ: 1 ... 789)। ਜਿਥੇ ਜਾ ਕੇ ਮਨ ਦੀ ਮੈਲ (ਖੋਟ) ਨੂੰ ਧੋਣਾ ਸੀ ਉਥੋਂ ਹੀ ਮਨ ਤੇ ਹੋਰ ਦੂਜੀ (ਹਉਮੈ ਦੀ) ਮੈਲ ਝੜਾ ਲਈ। ਤੀਰਥ ਤੇ ਜਾ ਕੇ ਲਾਭ ਦੀ ਜਗ੍ਹਾ ਨੁਕਸਾਨ ਹੀ ਕਰਾ ਲਿਆ। ਧਰਮ ਕੋਈ ਦਿਖਾਵਾ ਜਾਂ ਲੋਕ ਪਚਾਰਾ ਨਹੀ:- ਅੰਤਰਿ ਮੈਲੁ ਜੇ ਤੀਰਥ ਨ੍ਹਾਵੈ ਤਿਸੁ ਬੈਕੁੰਠ ਨ ਜਾਨਾ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮ ਅਯਾਨਾ॥ (ਕਬੀਰ 484)।

ਹਰ ਤੀਰਥ ਦੀ ਪ੍ਰਸਿੱਧੀ ਉਥੇ ਦੇ ਪੁਜਾਰੀ ਮਨ ਘੜਤ ਤੇ ਗੁਰਮਤ ਵਿਰੁਧ ਕਹਾਣੀਆਂ ਸੁਣਾ ਕੇ ਯਾਤਰੀਆਂ ਨੂੰ ਰੀਤਾਂ ਰਸਮਾਂ ਤੇ ਕਰਮ ਕਾਂਡਾਂ ਵੱਲ ਪਰੇਰਦੇ ਰਹਿੰਦੇ ਹਨ ਕਿਉਂਕਿ ਉਹਨਾਂ ਦੀ ਉਪਜੀਵਕਾ ਯਾਤਰੀਆਂ ਦੇ ਦਾਨ ਪੁੰਨ ਤੇ ਹੀ ਨਿਰਭਰ ਹੈ। ਤੀਰਥ ਯਾਤਰਾ ਦਾ ਮਨੋਰਥ ਸਾਹਮਣੇ ਆ ਜਾਂਦਾ ਹੈ ਜਦੋਂ ਇਹ ਸਵਾਲ ਪੁਛਿਆ ਜਾਵੇ ਕਿ ਜੋ ਕਰਮ ਧਰਮ ਇਤਨੀ ਮਾਇਆ ਤੇ ਵਕਤ ਖਰਚ ਕੇ ਇਤਨੀ ਦੂਰ ਜਾ ਕੇ ਕਰਨਾ ਹੈ ਕੀ ਉਹ ਇਥੇ ਨੇੜੇ ਦੇ ਗੁਰੂ ਘਰਾਂ ਵਿੱਚ ਨਹੀਂ ਹੋ ਸਕਦਾ? ਕੀ ਤੀਰਥਾਂ ਤੇ ਕੋਈ ਅਲੱਗ ਗੁਰੂ ਬੈਠਾ ਹੈ ਜੋ ਇਥੇ ਨਹੀਂ? ਗੁਰ ਗਿਆਨ ਤਾਂ ਇਹ ਕਹਿੰਦਾ ਹੈ:- ਬੇਦ ਪੁਰਾਨ ਸਭ ਦੇਖੇ ਜੋਇ॥ ਊਹਾ ਤਉ ਜਾਈਐ ਜਉ ਈਹਾ ਨ ਹੋਇ॥ (ਰਾਮਾਨੰਦ1195) ਤੀਰਥਾਂ ਤੇ ਜਾਣ ਦੀ ਲੋੜ ਤਾਂ ਤਦ ਹੀ ਪਵੇ ਜੇ ਉਸਦਾ ਗਿਆਨ ਇਥੇ ਨਾ ਹੋਵੇ ਪਰ ਜੇ ਜਾਣ ਦਾ ਮਨੋਰਥ ਹੀ ਕੁਝ ਹੋਰ (ਸੈਰ ਸਪੱਟਾ, ਹਵਾ ਬਦਲੀ ਜਾਂ ਮਨੋਰੰਜਨ) ਹੈ ਤਾਂ ਉਸਨੂੰ ਤੀਰਥ ਯਾਤਰਾ (ਕਰਮ ਧਰਮ) ਦਾ ਨਾਮ ਦੇਣਾ ਇੱਕ ਵਡਾ ਭੁਲੇਖਾ ਤੇ ਧੋਖਾ ਹੈ। ਧਰਮ ਦੀ ਦੁਨੀਆਂ ਵਿੱਚ ਗਿਆਨ ਹੀ ਤੀਰਥ ਹੈ ਜਿਸ ਵਿੱਚ ਇਸ਼ਨਾਨ ਕਰਕੇ ਅੰਦਰੂਨੀ ਮਨ ਦੀ ਅੰਦਰੂਨੀ ਮੈਲ ਉਤਰ ਸਕਦੀ ਹੈ:- ਗੁਰ ਫੁਰਮਾਨ ਹੈ: ਦੇਹੀ ਧੋਇ ਨ ਉਤਰੇ ਮੈਲੁ॥ ਹਉਮੈ ਬਿਆਪੈ ਦੁਬਿਧਾ ਫੈਲੁ॥ ਮ: 5 ... 893 ਭਾਵ:- ਸਰੀਰ ਨੂੰ ਧੋਣ ਨਾਲ ਸਰੀਰ ਦੀ ਦਿਸਦੀ ਮੈਲ ਤਾਂ ਧੋਤੀ ਜਾ ਸਕਦੀ ਹੈ ਪਰ ਮਨ ਦੀ ਨਿਰ-ਆਕਾਰ ਮੈਲ ਨਹੀਂ ਧੋਤੀ ਜਾ ਸਕਦੀ। ਤੀਰਥ ਇਸ਼ਨਾਨ ਕਰਕੇ ਅੰਦਰੋਂ ਬਾਹਰੋਂ ਸਾਫ ਹੋਣ ਦੀ ਹਉਮੈ ਜ਼ਰੂਰ ਫੇਲ ਜਾਂਦੀ ਹੈ। ਅਨਿਕ ਜਲਾ ਜੇ ਧੋਵੈ ਦੇਹੀ॥ ਮੈਲੁ ਨ ਉਤਰੈ ਸੁਧੁ ਨ ਤੇਹੀ॥ (ਮ: 5 ... 199)। ਭਾਵ: ਬੇਅੰਤ ਪਾਣੀਆਂ ਨਾਲ ਧੋਤਿਆਂ ਵੀ ਮਨ ਦੀ ਮੈਲ ਨਹੀਂ ਉਤਰਨੀ ਤੇ ਨਾ ਹੀ ਮਨ ਨੇ ਪਵਿਤ੍ਰ ਹੋਣਾ ਹੈ।

ਜਿਥੇ ਇਹ ਸਪੱਸ਼ਟ ਹੈ ਕਿ ਬਾਹਰਲੇ ਪਾਣੀ ਨਾਲ ਅੰਦਰੂਨੀ ਮਨ ਨਹੀਂ ਧੋਤਾ ਜਾਣਾ ਉਥੇ ਇਹ ਵੀ ਸਪਸ਼ਟ ਹੈ ਕਿ ਇਸ਼ਨਾਨ ਦੇਹੀ ਦੀ ਪਵਿੱਤ੍ਰਤਾ ਲਈ ਤਾਂ ਭਾਵੇਂ ਜ਼ਰੂਰੀ ਹੈ ਪਰ ਮਨ ਦੀ ਪਵਿੱਤ੍ਰਤਾ ਨਾਲ ਇਸਦਾ ਕੋਈ ਸੰਬੰਧ ਨਹੀਂ। ਸਰੀਰਕ ਇਸ਼ਨਾਨ ਕੋਈ ਧਾਰਮਿਕ ਕਿਰਿਆ ਨਹੀਂ। ਇਸ ਲਈ ਇਹ ਜ਼ਰੂਰੀ ਨਹੀਂ ਕਿ ਨਿੱਤ ਸਵੇਰੇ ਨਹਾਉਣ ਵਾਲਾ, ਨਾ ਨਹਾਉਣ ਵਾਲੇ ਨਾਲੋਂ ਧਾਰਮਿਕ ਤੌਰ ਤੇ ਉੱਤਮ ਹੈ। ਧਾਰਮਿਕਤਾ ਸਰੀਰ ਦੀ ਪਵਿੱਤ੍ਰਤਾ ਤੇ ਨਹੀਂ ਬਲਕਿ ਮਨ ਦੀ ਪਵਿੱਤ੍ਰਤਾ ਤੇ ਨਿਰਭਰ ਹੈ।

1. ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬਿਚਾਰ ਅੰਤਰਿ ਗਿਆਨੁ ਹੈ॥ (ਮ: 1 ... 687)। ਭਾਵ: ਪਰਮਾਤਮਾ ਦਾ ਨਾਮ (ਹੁਕਮ, ਸਬਦ, ਮਤ, ਗਿਆਨ ਆਦਿ) ਹੀ ਤੀਰਥ ਹੈ। ਗੁਰਬਾਣੀ (ਗਿਆਨ) ਤੀਰਥ ਹੈ ਤੇ ਗੁਰਬਾਣੀ ਤੇ ਚੱਲਣਾ ਤੀਰਥ ਇਸ਼ਨਾਨ ਹੈ।

2. ਤੀਰਥੁ ਹਮਰਾ ਹਰਿ ਕੋ ਨਾਮੁ॥ ਗੁਰ ਉਪਦੇਸਿਆ ਤਤ ਗਿਆਨੁ॥ ਮ: 5. . 1142 ਭਾਵ: ਗੁਰੂ ਨੇ ਆਤਮਕ ਜੀਵਨ ਦੀ ਸੂਝ ਦਾ ਇਹ ਨਿਚੋੜ ਸਮਝਾ ਦਿੱਤਾ ਕਿ ਪਰਮਾਤਮਾ ਦਾ ਨਾਮ (ਹੁਕਮ, ਗੁਰਬਾਣੀ, ਗਿਆਨ) ਹੀ ਸਾਡਾ ਤੀਰਥ ਹੈ।

3. ਗੁਰ ਸਮਾਨਿ ਤੀਰਥੁ ਨਹੀ ਕੋਇ॥ ਸਰੁ ਸੰਤੋਖੁ ਤਾਸ ਗੁਰੁ ਹੋਇ॥ (ਮ; 1 ... 1328)। ਭਾਵ: ਗੁਰੂ (ਗੁਰਬਾਣੀ ਗਿਆਨ) ਦੇ ਬਰਾਬਰ ਦਾ ਹੋਰ ਕੋਈ ਤੀਰਥ ਨਹੀ ਹੈ॥ ਉਹ ਗੁਰੂ (ਗੁਰਬਾਣੀ) ਹੀ ਸੰਤੋਖ ਰੂਪ ਸਰੋਵਰ ਹੈ।

4. ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥ ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰ ਤੀਰਥਿ ਨਾਇ॥ (ਮ: 3 ... 587) ਭਾਵ: ਮਨੁਖ ਦੇ ਅੰਦਰ ਹੀ ਗਿਆਨ ਦਾ ਤੀਰਥ ਹੈ, ਇਹ ਸਮਝ ਸਤਿਗੁਰ ਨੇ ਬਖਸ਼ੀ ਹੈ। ਜਿਸਨੂੰ ਇਹ ਸੋਝੀ ਹੋ ਜਾਂਦੀ ਹੈ, ਉਹ ਫਿਰ ਨਾਮ (ਹੁਕਮ, ਗਿਆਨ) ਦੇ ਸਰੋਵਰ ਵਿੱਚ (ਅੰਮ੍ਰਿਤਸਰ) ਇਸ਼ਨਾਨ ਕਰਦਾ ਹੈ ਤੇ ਮਨ ਨੂੰ (ਮੈਲ ਰਹਿਤ) ਪਵਿੱਤ੍ਰ ਕਰ ਲੈਂਦਾ ਹੈ।

5. ਸੱਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥ ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤ ਨਾਤੈ ਮਲੁ ਜਾਏ॥ ਸਚਾ ਸਬਦੁ ਸੱਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥ (ਮ: 3 ... 753)। ਭਾਵ: ਜੋ ਗੁਰੂ ਦੀ ਸਰਨ ਪੈਂਦਾ ਹੈ, ਗੁਰੂ ਉਸਨੂੰ ਸੂਝ ਬਖਸ਼ਦਾ ਹੈ ਕਿ ਸੱਚੇ ਸਰੋਵਰ (ਗੁਰੂ ਦੇ ਸਬਦ) ਵਿੱਚ ਇਸ਼ਨਾਨ ਕਰਨਾ ਚਾਹੀਦਾ ਹੈ। ਗੁਰਸ਼ਬਦ ਵਿੱਚ ਇਸ਼ਨਾਨ ਹੀ ਅਠਾਟ ਤੀਰਥਾਂ ਦਾ ਇਸ਼ਨਾਨ ਹੈ ਜਿਸ ਦੁਆਰਾ ਮਨ ਦੀ ਮੈਲ ਧੋਤੀ ਜਾਣੀ ਹੈ। ਗੁਰੂ ਦਾ ਸ਼ਬਦ ਹੀ ਸਦਾ ਕਾਇਮ ਰਹਿਣ ਵਾਲਾ ਤੀਰਥ ਹੈ ਤੇ ਉਸ ਵਿਚ ਨਹਾਤਿਆਂ ਫਿਰ ਮਨ ਦੀ ਮੈਲ ਨਹੀਂ ਲਗਦੀ। ਗੁਰੂ ਦੇ ਸ਼ਬਦ ਅਨੁਸਾਰ ਚੱਲਣਾ ਹੀ ਪਰਮਾਤਮਾ ਦੀ ਸਿਫਤ ਸਾਲਾਹ ਹੈ।

ਇਹਨਾਂ ਗੁਰਵਾਕਾਂ ਤੋਂ ਸਪੱਸ਼ਟ ਹੈ ਕਿ ਮਨ ਦੀ ਪਵਿੱਤ੍ਰਤਾ ਗੁਰਸ਼ਬਦ (ਗੁਰਬਾਣੀ) ਦੁਆਰਾ ਹੀ ਹੋਵੇਗੀ। ਗੁਰਬਾਣੀ ਅਨੁਸਾਰ ਚੱਲ ਕੇ ਹੀ ਮਨ ਹਉਮੈ ਰਹਿਤ ਤੇ ਪਵਿਤ੍ਰ ਹੋਵੇਗਾ। ਭਗਤ ਕਬੀਰ ਜੀ ਫੁਰਮਾਂਦੇ ਹਨ:- (ਕਬੀਰ ... 656) ਹ੍ਰਿਦੇ ਕਪਟੁ ਮੁਖ ਗਿਆਨੀ॥ (ਮਨ ਤਾਂ ਮੈਲਾ ਹੈ ਪਰ ਮੂਹੋਂ ਗਿਆਨ ਘੋਟਦਾ ਹੈ) ਝੂਠੇ ਕਹਾ ਬਿਲੋਵਸਿ ਪਾਨੀ॥ (ਹੇ ਝੂਠੇ ਐਵੇਂ ਪਾਣੀ ਕਿਉਂ ਰਿੜਕੀ ਜਾਨਾ ਏ) ਕਾਂਇਆ ਮਾਂਜਸਿ ਕਉਨ ਗੁਨਾ॥ (ਬਾਹਰੋਂ ਦੇਹੀ ਧੋਣ ਦਾ ਕੀ ਲਾਭ ਜੇ) ਜਉ ਘਟਿ ਭਤਿਰ ਹੈ ਮਲਨਾ॥ ਰਹਾਉ॥ (ਮਨ ਵਿੱਚ ਤਾਂ ਵਿਕਾਰਾਂ ਦੀ ਮੈਲ ਹੈ) ਲਉਕੀ ਅਠਸਠਿ ਤੀਰਥ ਨ੍ਹਾਈ॥ (ਤੂੰਬੀ ਅਠਾਟ ਤੀਰਥਾਂ ਦਾ ਇਸ਼ਨਾਨ ਕਰਕੇ ਵੀ) ਕਉਰਾਪਨੁ ਤਊ ਨ ਜਾਈ॥ (ਆਪਣੀ ਕੁੜੱਤਨ ਨਹੀਂ ਛਡਦੀ) ਕਹਿ ਕਬੀਰ ਬੀਚਾਰੀ॥ (ਕਬੀਰ ਸੋਚ ਵਿਚਾਰ ਕਰਕੇ ਅਰਦਾਸ ਕਰਦਾ ਹੈ ਕਿ) ਭਵਸਾਗਰੁ ਤਾਰਿ ਮੁਰਾਰੀ॥ (ਹੇ ਪ੍ਰਭੂ, ਮੈਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਦੇ)

ਭਗਤ ਕਬੀਰ ਜੀ ਇਥੇ ਹੀ ਬੱਸ ਨਹੀਂ ਕਰਦੇ, ਪੂਰਾ ਨਿਰਨਾ ਕਰਦੇ ਲਿਖਦੇ ਹਨ:-

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ

ਬੈਕੁੰਠ ਨ ਜਾਨਾ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥ ਪੂਜਹੁ ਰਾਮੁ ਏਕ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥ ਜਲ ਕੈ ਮਜਨਿ ਜੇ ਗਤਿ ਹੋਵੈ ਨਿਤਿ ਨਿਤਿ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰ ਫਿਰ ਜੋਨੀ ਆਵੈ॥ (ਕਬੀਰ … 484)। ਭਾਵ: ਜੇ ਮਨ ਤਾਂ ਮੈਲਾ ਹੈ ਤਾਂ ਤੀਰਥਾਂ ਤੇ ਇਸ਼ਨਾਨ ਕਰਕੇ ਸਵਰਗ ਨਹੀਂ ਜਾਇਆ ਜਾਣਾ। ਲੋਕ ਵਖਾਵੇ ਨਾਲ ਕੁੱਛ ਨਹੀਂ ਹੋਣਾ ਕਿਉਂਕਿ ਪਰਮਾਤਮਾ ਅਨਜਾਣ ਨਹੀਂ। ਇੱਕ ਪਰਮਾਤਮਾ ਦੀ ਹੀ ਪੂਜਾ ਕਰੋ। ਗੁਰ ਉਪਦੇਸ਼ ਤੇ ਚੱਲਣਾ ਹੀ ਗੁਰੂ ਦੀ ਸੇਵਾ, ਗੁਰੂ ਦੀ ਪੂਜਾ ਤੇ ਅਸਲੀ ਤੀਰਥ ਇਸ਼ਨਾਨ ਹੈ। ਜੇ ਪਾਣੀ ਦੇ ਇਸ਼ਨਾਨ ਨਾਲ ਹੀ ਮੁਕਤੀ ਹੁੰਦੀ ਹੋਵੇ ਤਾਂ ਮੈਂਡਕ ਤਾਂ ਉਥੇ ਰੋਜ਼ ਨਹਾਉਂਦੇ ਹਨ। ਜਿਵੇਂ ਮੈਂਡਕਾਂ ਦਾ ਨਹਾਉਣਾ ਨਿਸਫਲ ਹੈ ਤਿਵੇਂ ਮਨੁੱਖ ਦਾ ਤੀਰਥ ਇਸ਼ਨਾਨ ਵੀ ਨਿਸਫਲ ਹੈ। ਜਿਵੇਂ ਮੈਂਡਕ ਜੂਨਾਂ ਵਿੱਚ ਭਟਕਦਾ ਹੈ ਤਿਵੇਂ ਮਨੁੱਖ ਵੀ ਏਸੇ ਤਰਾਂ ਭਟਕਦਾ ਹੈ। ਸਪੱਸ਼ਟ ਹੈ ਕਿ ਗੁਰ ਉਪਦੇਸ਼ (ਗੁਰਬਾਣੀ, ਗਿਆਨ) ਤੇ ਚੱਲੇ ਬਿਨਾ ਤੀਰਥਾਂ ਤੇ ਕੀਤੇ ਇਸ਼ਨਾਨ, ਦਾਨ, ਪਾਠ, ਪੂਜਾ ਆਦਿਕ ਸਭ ਨਿਸਫਲ ਹਨ। ਸਤਿਗੁਰ ਪੁਰਖੁ ਨ ਮਨਿਓ ਸਬਦਿ ਨ ਲਗੋ ਪਿਆਰੁ॥ ਇਸਨਾਨ ਦਾਨ ਜੇਤਾ ਕਰਹਿ ਦੂਜੈ ਭਾਇ ਖੁਆਰੁ॥ (ਮ: 3…34)। ਭਾਵ:- ਜਿਨ੍ਹਾਂ ਮਨੁੱਖਾਂ ਨੇ ਸਤਿਗੁਰ ਦੇ ਬਚਨਾ ਨੂੰ ਨਹੀਂ ਮੰਨਿਆ, ਗੁਰਸਬਦ ਨਾਲ ਪ੍ਰੇਮ ਨਹੀ ਪਾਇਆ, ਉਹ ਜਿੰਨੇ ਮਰਜ਼ੀ ਤੀਰਥ ਇਸ਼ਨਾਨ ਜਾਂ ਦਾਨ ਪੁੰਨ ਕਰੀ ਜਾਣ, ਉਹ ਮਾਇਆ ਦੇ ਕਾਰਨ ਖੁਆਰ ਹੀ ਹੁੰਦੇ ਹਨ। ਗੁਰੂ ਦੇ ਸਬਦ ਦੁਆਰਾ ਮਨ ਦੀ ਸਾਧਨਾ ਬਿਨਾ ਕੀਤਾ ਹਰ ਕਰਮ ਧਰਮ ਨਿਸਫਲ ਹੈ।

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ ਮ: 1 … 789)। ਭਾਵ: ਤੁੰਮੀ ਨੂੰ ਬਾਹਰੋਂ ਧੋਣ ਨਾਲ ਉਸਦੇ ਅੰਦਰਲੀ ਕੁੜੱਤਨ ਨਹੀਂ ਜਾ ਸਕਦੀ। ਇਸ ਲਈ ਭਲੇ ਮਨੁਖ (ਜਿਨਾ ਦੇ ਮਨ ਪਵਿਤ੍ਰ ਹਨ) ਉਹ ਤੀਰਥ ਇਸ਼ਨਾਨ ਤੋਂ ਬਿਨਾ ਹੀ ਭਲੇ ਹਨ ਤੇ ਚੋਰ (ਮੈਲੇ ਮਨ ਵਾਲੇ) ਤੀਰਥਾਂ ਤੇ ਇਸ਼ਨਾਨ ਕਰਕੇ ਵੀ ਚੋਰ ਹੀ ਰਹਿੰਦੇ ਹਨ।।

ਤੀਰਥਿ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨ॥ ਗੁਰ ਬਿਨੁ ਕਿਨ ਸਮਝਾਈਐ ਮਨੁ ਰਾਜਾ ਸੁਲਤਾਨੁ॥ (ਮ: 1 … 60)। ਭਾਵ: ਜਿੰਨੀ ਦੇਰ ਮਨ ਵਿੱਚ ਹਉਮੈ ਦੀ ਮੈਲੁ ਹੈ ਉਨੀ ਦੇਰ ਤੀਰਥ ਇਸ਼ਨਾਨ ਨੇ ਕੁਝ ਨਹੀਂ ਸਵਾਰਨਾ। ਦੇਹੀ ਦੇ ਰਾਜੇ, ਮਨ, ਨੂੰ ਗੁਰੂ ਦੀ ਸਿਖਿਆ ਬਿਨਾ ਸਮਝਾਇਆ ਨਹੀਂ ਜਾ ਸਕਦਾ। ਹੁਣ ਤਾਂ ਸ਼ੰਕੇ ਦੀ ਕੋਈ ਗੁੰਜਾਇਸ਼ ਨਹੀ ਰਹਿਣੀ ਚਾਹੀਦੀਕਿ ਮਨ ਨੂੰ ਪਵਿੱਤ੍ਰਤਾ ਕੀਤੇ ਬਿਨਾ, ਬਾਕੀ ਸਭ ਕਰਮ ਧਰਮ, ਰੀਤਾਂ ਰਸਮਾਂ, ਤੇ ਕਰਮ ਕਾਂਡ ਨਿਸਫਲ ਹੀ ਹਨ ਤੇ ਮਨ ਦੀ ਪਵਿੱਤ੍ਰਤਾ ਗੁਰ ਸ਼ਬਦ ਬਿਨਾਂ ਨਹੀਂ ਹੋ ਸਕਦੀ। ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ (558)

# ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਵੱਲੋਂ ਸਤੰਬਰ 9, 2012 ਨੂੰ ਸਿੱਖ ਕਾਨਫਰੰਸ ਵਿਚ ਪਾਸ ਕੀਤੇ ਗਏ ਮਤੇ

1. ਸਿੱਖੀ ਜੀਵਨ ਮਾਰਗ ਦੇ ਜੋ ਵੀ ਕੰਮ ਕਾਜ ਹਨ ਜਿਵੇਂ, ਖਾਣ-ਪੀਣ, ਉੱਠਣ-ਬੈਠਣ, ਜੰਮਣ-ਮਰਨ, ਵਿਆਹ-ਸ਼ਾਦੀ ਆਦਿ, ਉਹ ਸਭ "ਗੁਰੂ ਗ੍ਰੰਥ ਸਾਹਿਬ ਜੀ" ਦੇ ਉਪਦੇਸ਼ ਮੁਤਾਬਕ ਕੀਤੇ ਜਾਣੇ ਚਾਹੀਦੇ ਹਨ। "ਗੁਰੂ ਗ੍ਰੰਥ ਸਾਹਿਬ" ਸਾਡੇ ਵਾਸਤੇ ਸਿੱਖਿਆ ਦਾਤਾ ਹਨ। ਹੋਰ ਜੋ ਕੁੱਝ ਵੀ ਇਸ ਤੋਂ ਬਾਹਰ ਹੈ ਉਸ ਨਾਲ ਸਾਡਾ ਕੋਈ ਸਰੋਕਾਰ ਨਹੀਂ। "ਇਕ ਗ੍ਰੰਥ- ਇਕ ਪੰਥ" ਅਤੇ "ਸੱਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ॥( ਮ: ੩), ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ (ਪੰਨਾ 646) ਦੇ ਹੁਕਮ ਅਨੁਸਾਰ ੧੯ ਦੀ ਫਿਲਾਸਫੀ ਨੂੰ ਮੰਨਦੇ ਹੋਏ ਅਸੀਂ ਰਾਗ ਮਾਲਾ, ਬਚਿਤ੍ਰ ਨਾਟਿਕ (ਪ੍ਰਚੱਲਤ ਨਾਮ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"), ਸਰਬ ਲੋਹ ਗ੍ਰੰਥ, ਗੋਬਿੰਦ ਗੀਤਾ, ਸਹੰਸਰ ਨਾਮਾ, ਭਗਤ ਮਾਲ, ਰਤਨ ਮਾਲ ਆਦਿ ਗ੍ਰੰਥਾਂ ਨੂੰ ਨਕਾਰਦੀ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਅਤੇ ਜਨਮ ਸਾਖੀਆਂ ਅਤੇ ਸੂਰਜ ਪ੍ਰਕਾਸ਼ ਗ੍ਰੰਥ ਜੋ ਇਤਿਹਾਸਕ ਸਰੋਤ ਤਾਂ ਹੋ ਸਕਦੇ ਹਨ ਪਰ ਧਾਰਮਿਕ ਗਰੰਥਾਂ ਵਜੋਂ ਸਵੀਕਾਰ ਨਹੀਂ ਕੀਤੇ ਜਾਣੇ ਚਾਹੀਦੇ। ਇਸ ਲਈ ਅੱਜ ਦੀ ਇਹ ਸਭਾ ਗੁਰਦੁਆਰਿਆਂ ਵਿਚ ਕੇਵਲ "ਗੁਰੂ ਗ੍ਰੰਥ ਸਾਹਿਬ ਜੀ" ਦੀ ਬਾਣੀ ਦੇ ਪ੍ਰਚਾਰ ਨੂੰ ਹੀ ਸਵੀਕਾਰਦੀ ਹੈ। ਭਾਈ ਗੁਰਦਾਸ ਜੀ ਦੀਆਂ 40 ਵਾਰਾਂ ਦਾ ਹਵਾਲਾ ਅੱਜ ਦੀ ਇਕੱਤ੍ਰਤਾ ਨੂੰ ਪ੍ਰਵਾਨ ਹੈ ਪਰ 41ਵੀਂ ਵਾਰ ਜੋ ਕਿਸੇ ਹੋਰ ਗੁਰਦਾਸ ਸਿੰਘ ਦੀ ਹੈ ਨੂੰ ਅੱਜ ਦੀ ਸਭਾ ਬਿਲਕੁਲ ਰੱਦ ਕਰਦੀ ਹੈ।

2. ਗੁਰੂ ਨਾਨਕ ਪਾਤਸ਼ਾਹ ਦਾ ਜਨਮ ਪਹਿਲੀ ਵੈਸਾਖ, 14 ਅਪਰੈਲ, ਦਾ ਮਨਾਇਆ ਜਾਣਾ ਚਾਹੀਦਾ ਹੈ। ਇਹ ਫੈਸਲਾ ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨਾਂ ਕਰਮ ਸਿੰਘ, ਡਾ. ਗੰਡਾ ਸਿੰਘ, ਭਾਈ ਕਾਹਨ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ, ਹਰੀ ਰਾਮ ਗੁਪਤਾ, ਮੈਕਸ ਆਰਥਰ, ਮੈਕਾਲਿਫ ਦੀ ਖੋਜ ਤੇ ਅਧਾਰਤ ਹੈ। ਨਾਲੇ ਜਨਮ ਸਾਖੀ ਮੇਹਰਬਾਨ ਵਾਲੀ, ਬੀ-40 ਜਨਮ ਸਾਖੀ ਵਲੈਤ ਵਾਲੀ, ਪੁਰਾਤਨ ਜਨਮ ਸਾਖੀ ਅਤੇ ਪੱਥਰ ਦੇ ਛਾਪੇ ਵਾਲੀ ਜਨਮ ਸਾਖੀ (ਜੋ ਖਾਲਸਾ ਕਾਲਜ ਦੇ ਆਰਕਾਈਵਜ਼ ਵਿਭਾਗ ਵਿਚ ਸਾਂਭੀ ਪਈ ਹੈ) ਆਦਿ ਵਿਚ ਵੀ ਇਹੋ ਜਨਮ ਤਿਥੀ ਦਰਜ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪ੍ਰਗਟ ਕਰਨ ਦਾ ਦਿਨ ਵੈਸਾਖੀ ਚੁਣਨਾ ਵੀ ਆਪਣੇ ਆਪ ਵਿਚ ਇਕ ਸਬੂਤ ਹੈ। "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ (1ਵੈਸਾਖ)" ਭਾਈ ਗੁਰਦਾਸ। ਹੋਰ ਵਿਸਥਾਰ ਲਈ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਦੇ ਸਤੰਬਰ, 2012 ਅਤੇ ਖਾਲਸਾ ਅਖ਼ਬਾਰ ਦੇ ਪੰਨਾ 11 ਤੇ ਛਪੇ ਸ੍ਰ. ਪਾਲ ਸਿੰਘ ਪੁਰੇਵਾਲ ਦੇ ਲੇਖ ਨੂੰ ਪੜ੍ਹ ਕੇ ਤਸੱਲੀ ਕੀਤੀ ਜਾ ਸਕਦੀ ਹੈ।

3. ਕੈਲੰਡਰ ਜਾਗਦੀਆਂ ਕੌਮਾਂ ਦੀ ਪਛਾਣ ਦਾ ਪ੍ਰਤੀਕ ਹੋਇਆ ਕਰਦਾ ਹੈ । ਇਸੇ ਹੀ ਸੰਦਰਭ ਵਿੱਚ ਕੈਲੰਡਰ ਵਿੱਦਿਆ ਦੇ ਮਾਹਿਰ ਸ. ਪਾਲ ਸਿੰਘ 'ਪੁਰੇਵਾਲ' ਵੱਲੋਂ ਉਹਨਾਂ ਦੀ ਸਾਲਾਂ ਬੱਧੀ ਅਣ-ਥੱਕ ਮਿਹਨਤ ਸਦਕਾ 2003 ਵਿੱਚ ਨਾਨਕਸ਼ਾਹੀ ਕੈਲੰਡਰ ਹੋਂਦ ਵਿੱਚ ਆਇਆ। ਜਿਸ ਦਾ ਬਾਅਦ ਵਿੱਚ ਮੱਕੜ-ਧੁੰਮਾ ਕਮੇਟੀ ਨੇ ਸੋਧਾਂ ਦੇ ਨਾਂ ਥੱਲੇ ਇਸ ਕੈਲੰਡਰ ਦਾ ਬਿਕਰਮੀਕਰਨ ਕਰ ਦਿੱਤਾ। ਅੱਜ ਦੀ ਇਹ ਇਕੱਤਰਤਾ ਪਹਿਲਾਂ ਵਾਲੇ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੰਦੀ ਹੈ ਅਤੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਬਨਾਮ ਬਿਕਰਮੀ ਕੈਲੰਡਰ ਨੂੰ ਰੱਦ ਕਰਦੀ ਹੈ।

4. ਸਿੱਖਾਂ ਦੇ ਧਿੰਗੋ-ਜੋਰੀ ਬਣਾਏ ਗਏ ਕੌਮੀ ਗੀਤ, "ਦੇਹਿ ਸ਼ਿਵਾ ਬਰ ਮੋਹਿ ਇਹੈ" ਜੋ ਬਚਿਤ੍ਰ ਨਾਟਿਕ ਪ੍ਰਚੱਲਤ ਨਾਮ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਪੰਨਾ 99 ਤੇ ਦਰਜ ਹੈ, ਨੂੰ ਅੱਜ ਰੱਦ ਕਰਦੀ ਹੈ। ਜਦੋਂ ਪਿਆਰਾ ਸਿੰਘ ਪਦਮ ਹੀਰ ਲਿਖਣ ਵਾਲਿਆਂ ਦਾ ਜ਼ਿਕਰ ਕਰਦੇ ਹਨ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਹੀਰ ਲਿਖਣ ਵਾਲਿਆਂ ਵਿਚ ਸ਼ਾਮਲ ਕਰਦੇ ਹੋਏ ਪ੍ਰਚੱਲਤ ਨਾਮ "ਦਸਮ ਸ੍ਰੀ ਗੁਰੂ ਗਰੰਥ ਸਾਹਿਬ ਜੀ" ਦੇ ਪੰਨਾ 710 ਤੇ ਦਰਜ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਗੀਤ ਦਾ ਵੇਰਵਾ ਦਿੰਦੇ ਹਨ। ਕਿਉਂਕਿ ਅਸੀਂ "ਗੁਰੂ ਗ੍ਰੰਥ ਸਾਹਿਬ ਜੀ" ਤੋਂ ਬਾਹਰ ਕਿਸੇ ਹੋਰ ਰਚਨਾ ਨੂੰ ਸਵੀਕਾਰ ਹੀ ਨਹੀਂ ਕਰਦੇ ਇਸ ਕਰਕੇ ਅੱਗੇ ਲਿਖੇ ਕੁਝ ਸਲੋਕ "ਗੁਰੂ ਗ੍ਰੰਥ ਸਾਹਿਬ ਜੀ" ਵਿਚੋਂ ਲੈਂਣ ਦਾ ਸੁਝਾਓ ਦਿੰਦੇ ਹਾਂ।

5. ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ 1349॥

ਅ. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ {ਪੰਨਾ 142}

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥{ 1102}॥

ਸ. ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ { ਮ:1, ਪੰਨਾ 141}

ਹ. ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ {ਪੰਨਾ 1105}

ਸੋ "ਦੇਹਿ ਸ਼ਿਵਾ ਬਰ ਮੋਹਿ ਇਹੈ" ਬਾਰੇ ਜੇ ਕੋਈ ਹੋਰ ਜ਼ਿਆਦਾ ਜਾਣਕਾਰੀ ਲੈਣੀ ਚਾਹੁੰਦਾ ਹੋਵੇ ਤਾਂ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਦੇ ਸਤੰਬਰ 2012 ਦੇ ਖਾਲਸਾ ਅਖਬਾਰ ਵਿਚ ਪੰਨਾ ਨੰਬਰ 28 ਤੇ ਪੜ੍ਹ ਕੇ ਲੈ ਸਕਦਾ ਹੈ ਜਾਂ ਫਿਰ www.singhsabhacanada.com 'ਤੇ ਕਿਤਾਬਾਂ ਵਾਲੇ ਫੋਲਡਰ ਵਿਚ ਜਾ ਕੇ ਲੈ ਸਕਦਾ ਹੈ।

## -: ਜਾਰੀ ਕਰਤਾ :-

**ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਬਰੈਪਟਨ, ਵਿਨੀਪੈਗ, ਕੈਲਗਿਰੀ, ਕੈਲੋਨਾ, ਵਰਨਨ ਅਤੇ ਵਿਕਟੋਰੀਆ (ਬੀ.ਸੀ)। ਕੈਲੇਫੋਰਨੀਆ, ਸਾਊਥ ਕਾਰੋਲਾਈਨਾ, ਨਿਊਯਾਰਕ, ਰਾਚੈਸਟਰ (ਅਮਰੀਕਾ)। ਸਾਊਥਾਲ (ਇੰਗਲੈਂਡ), ਸਟੁਟਗਾਰਟ (ਜਰਮਨੀ), ਬਾਸਲ (ਸਵਿਟਜ਼ਰਲੈਂਡ), ਸਿਡਨੀ ਤੇ ਮੈਲਬੌਰਨ (ਅਸਟਰੇਲੀਆ)**

# ਤੇਰਾ ਵਿਕਦਾ ਜੈ ਕੂਰੇ ਪਾਣੀ

ਸੁਰਜੀਤ ਬਿੰਦਰਖੀਏ ਦਾ ਇੱਕ ਗੀਤ 'ਤੇਰਾ ਵਿਕਦਾ ਜੈ ਕੁਰੇ ਪਾਣੀ, ਲੋਕਾਂ ਦਾ ਨਾ ਦੁੱਧ ਵਿਕਦਾੜ.' ਜਦੋਂ ਸੁਣਦਾ ਸਾਂ ਤੇ ਸੋਚਦਾ ਸਾਂ ਕਿ ਜੈ ਕੌਰ ਦਾ ਤਾਂ ਪਾਣੀ ਤਾਂ ਪਤਾ ਨਹੀਂ ਵਿਕਦਾ ਹੈ ਜਾਂ ਨਹੀਂ, ਪਰ ਧਰਮ ਦੇ ਨਾਮ ਤੇ ਪੁਜਾਰੀਆਂ ਵਲੋਂ ਸਦੀਆਂ ਤੋਂ ਪਾਣੀ ਵੇਚਣ ਦਾ ਧੰਦਾ ਹਮੇਸ਼ਾਂ ਚਲਦਾ ਰਿਹਾ ਹੈ ਤੇ ਬਾਖੂਬੀ ਚੱਲ ਰਿਹਾ ਹੈ।ਧਰਮ ਦੇ ਨਾਮ ਤੇ ਪਾਣੀ ਨੂੰ ਕਰਾਮਾਤੀ ਦੱਸ ਕੇ ਵੇਚਣ ਦਾ ਧੰਦਾ ਬੇਸ਼ੱਕ ਹਰ ਧਰਮ ਪੁਜਾਰੀ ਕਰਦਾ ਹੈ, ਪਰ ਸਭ ਤੋਂ ਵੱਡਾ ਫਰਾਡ ਅਮਰੀਕਾ ਵਿਚ ਹੋ ਰਿਹਾ ਹੈ, ਜਿਥੇ ਪੀਟਰ ਪੌਪੋਫ ਨਾਂ ਦਾ ਵਿਅਕਤੀ ਕਰਾਮਾਤੀ ਪਾਣੀ (Miracle Water) ਨਾਲ ਲੋਕਾਂ ਦਾ ਇਲਾਜ ਕਰਨ ਦੇ ਨਾਮ ਤੇ ਕਰੋੜਾਂ ਡਾਲਰ ਲੁੱਟ ਰਿਹਾ ਹੈ। 1987 ਵਿਚ ਬੈਂਕਰਪਸੀ (Bankruptcy) ਕਰਨ ਵਾਲੇ ਇਸ ਵਿਅਕਤੀ ਨੇ ਕਰਾਮਾਤੀ ਪਾਣੀ ਵੇਚਣ ਨਾਲ 2003 ਵਿਚ 9.6 ਮਿਲੀਅਨ ਡਾਲਰ ਦਾ ਧੰਦਾ ਕੀਤਾ ਤੇ 2005 ਵਿਚ ਇਹ ਧੰਦਾ 23 ਮਿਲੀਅਨ ਤੱਕ ਪਹੁੰਚ ਚੁੱਕਾ ਸੀ। ਧਰਮ ਦੇ ਨਾਮ ਤੇ ਬਣਾਈ ਆਪਣੀ ਚੈਰੀਟੇਬਲ ਸੰਸਥਾ ਤੋਂ ਉਹ ਹਰ ਸਾਲ 1 ਮਿਲੀਅਨ ਡਾਲਰ ਦਾ ਭੱਤਾ ਲੈਂਦਾ ਹੈ।ਇਸ ਵਿਅਕਤੀ ਨੇ ਕਰਾਮਾਤੀ ਪਾਣੀ ਵੇਚ ਕੇ 2007 ਵਿਚ 4.5 ਮਿਲੀਅਨ ਡਾਲਰ ਦਾ ਕੈਲੇਫੋਰਨੀਆਂ ਵਿਚ ਘਰ ਖ੍ਰੀਦਿਆ ਸੀ। ਇਹ ਕਹਾਣੀ ਦੱਸਣ ਤੋਂ ਭਾਵ ਹੈ ਕਿ ਕਿਵੇਂ ਕੋਈ ਵੀ ਮਦਾਰੀ, ਪਖੰਡੀ ਧਰਮ ਦੇ ਨਾਮ ਤੇ ਕੁਝ ਵੀ ਵੇਚ ਸਕਦਾ ਹੈ। ਤੁਹਾਡੇ ਕੋਲ ਵੇਚਣ ਲਈ ਸ਼ਾਤਰ ਦਿਮਾਗ ਚਾਹੀਦਾ ਹੈ, ਪਾਣੀ ਤਾਂ ਜੀਵਨ ਦੀ ਵਡਮੁੱਲੀ ਲੋੜ ਹੈ, ਵੇਚਣ ਵਾਲੇ ਤਾਂ ਸੁਆਹ ਵੇਚ ਕੇ ਲੱਖਾਂ ਬਣਾਉਂਦੇ ਹਨ। ਵੱਖ-ਵੱਖ ਧਰਮਾਂ ਵਿਚ ਪੁਜਾਰੀਆਂ, ਅਖੌਤੀ ਸਾਧਾਂ-ਸੰਤਾਂ, ਧਰਮ ਗੁਰੂਆਂ ਵਲੋਂ ਪਾਣੀ ਦੇ ਨਾਮ ਤੇ ਕ੍ਰਿਸ਼ਮੇ ਹੋਣ, ਸੁੱਖਾਂ ਪੂਰੀਆਂ ਹੋਣ, ਦੁੱਖ ਦੂਰ ਹੋਣ ਆਦਿ ਦੇ ਅਨੇਕਾਂ ਥੋਥੇ ਦਾਅਵੇ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਗਿਆਨ ਵਿਹੂਣੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਅੱਖਾਂ ਮੀਟ ਕੇ ਮੰਨਦੇ ਹਨ।

ਇਸ ਸ੍ਰਿਸਟੀ ਵਿੱਚ ਹਵਾ ਤੋਂ ਬਾਅਦ ਜੀਵਨ ਲਈ ਜੇ ਕੁਝ ਬਹੁਤ ਜਰੂਰੀ ਹੈ ਤਾਂ ਉਹ ਪਾਣੀ ਹੈ। ਜੇ ਪਾਣੀ ਨਾ ਹੋਵੇ ਤਾਂ ਜੀਵਨ ਸੰਭਵ ਨਹੀਂ, ਇਸੇ ਲਈ ਬਾਣੀ ਵਿਚ ਕਿਹਾ ਗਿਆ ਹੈ: 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭਿ ਕੋਇ॥' (ਪੰਨਾ 472)। ਪਾਣੀ ਬਾਰੇ ਗੁਰਬਾਣੀ ਦਾ ਫੁਰਮਾਨ ਇਹ ਵੀ ਹੈ: 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' (ਪੰਨਾ 8) ਇੱਥੋਂ ਤੱਕ ਕਿ ਇਸ ਸਰੀਰ ਨੂੰ ਪਾਣੀ ਤੋਂ ਬਣਿਆ ਹੋਇਆ ਵੀ ਗੁਰਬਾਣੀ ਨੇ ਮੰਨਿਆ ਹੈ। 'ਪਉਣ ਪਾਣੀ ਅਗਨੀ ਕਾ ਮੇਲੁ। ਚੰਚਲ ਚਪਲ ਬੁਧਿ ਕਾ ਖੇਲੁ॥ (ਪੰਨਾ 152), ਪਉਣ ਪਾਣੀ ਕੀ ਇਹ ਦੇਹ ਸਰੀਰਾ॥ (ਪੰਨਾ 1172) ਇਸ ਧਰਤੀ ਤੇ ਵੀ ਤਿੰਨ ਹਿੱਸੇ ਪਾਣੀ ਹੈ ਤੇ ਸਾਡੇ ਸਰੀਰ ਵਿੱਚ ਵੀ ਪਾਣੀ ਤਕਰੀਬਨ ਇਸੇ ਅਨੁਪਾਤ ਵਿੱਚ ਹੈ। ਇਸ ਲਈ ਪਾਣੀ ਦੀ ਸਾਡੇ ਜੀਵਨ ਵਿਚ ਬੜੀ ਮਹੱਤਤਾ ਹੈ। ਅਗਰ ਇਹ ਸਰੀਰ ਬਾਹਰੋਂ ਗੰਦਾ ਹੋ ਜਾਵੇ ਤਾਂ ਉਹ ਵੀ ਪਾਣੀ ਨਾਲ ਹੀ ਧੋਤਾ ਜਾ ਸਕਦਾ ਹੈ। ਫੁਰਮਾਨ ਹੈ: 'ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥' (ਪੰਨਾ 4)

ਵੱਖ-ਵੱਖ ਧਰਮਾਂ ਵਿਚ ਵੀ ਪਾਣੀ ਦੀ ਬੜੀ ਮਹੱਤਤਾ ਦੱਸੀ ਗਈ ਹੈ। ਪਾਣੀ ਜੀਵਨ ਦਾ ਅਧਾਰ ਹੈ ਤੇ ਪਾਣੀ ਸਰੀਰ ਸਮੇਤ ਅਨੇਕਾਂ ਤਰ੍ਹਾਂ ਦੀ ਗੰਦਗੀ ਧੋਣ ਦਾ ਵੀ ਸਾਧਨ ਹੈ।ਪਾਣੀ ਦੀ ਜੀਵਨ ਵਿਚ ਮਹੱਤਤਾ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ, ਪਰ ਧਰਮ ਪੁਜਾਰੀ ਹਰ ਚੀਜ ਨੂੰ ਧਰਮ ਨਾਲ ਜੋੜ ਕੇ ਕਰਮ ਕਾਂਡ ਬਣਾ ਕੇ ਸ਼ਰਧਾਲੂਆਂ ਨੂੰ ਲੁੱਟਣ ਦਾ ਸਾਧਨ ਲੱਭ ਹੀ ਲੈਂਦਾ ਹੈ। ਸਾਇੰਸ ਅਨੁਸਾਰ ਹਰ ਤਰ੍ਹਾਂ ਦਾ ਪਾਣੀ ਦੋ ਗੈਸਾਂ ਹਾਈਡਰੋਜਨ ਤੇ ਆਕਸੀਜਨ ਤੋਂ ਮਿਲ ਕੇ ਬਣਦਾ ਹੈ। ਪਾਣੀ ($H^2O$) ਵਿਚ ਦੋ ਹਿੱਸੇ ਹਾਈਡਰੋਜਨ ਤੇ ਇੱਕ ਹਿੱਸਾ ਆਕਸੀਜਨ ਹੁੰਦੀ ਹੈ। ਪਰ ਕੋਈ ਵੀ ਪਾਣੀ ਅਜਿਹਾ ਨਹੀਂ ਹੁੰਦਾ, ਜਿਸ ਵਿਚ ਕੋਈ ਅਲੌਕਿਕ ਸ਼ਕਤੀ ਹੋਵੇ, ਜੋ ਕੁਦਰਤ ਦੇ ਨਿਯਮਾਂ ਤੋਂ ਉਲਟ ਕਰਾਮਾਤ ਕਰਨ ਦੇ ਸਮਰੱਥ ਹੋਵੇ। ਪਰ ਹਰ ਧਰਮ ਪੁਜਾਰੀ ਸਦੀਆਂ ਤੋਂ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਨੂੰ ਫੋਕੇ ਪਾਣੀ ਦੇ ਲੋਟਿਆਂ ਨੂੰ ਕਰਾਮਾਤੀ ਕਹਿ ਕੇ ਲੁੱਟਦਾ ਆ ਰਿਹਾ ਹੈ। ਕਦੇ ਇਹ ਪੁਜਾਰੀ ਪਾਣੀ ਕੋਲ ਧਰਮ ਗ੍ਰੰਥਾਂ ਦੇ ਪਾਠ ਪੂਜਾ ਕਰਕੇ, ਮੰਤਰ ਪੜ੍ਹ ਕੇ ਅੰਮ੍ਰਿਤ ਦੱਸਦਾ ਹੈ, ਜਿਸ ਨਾਲ ਮਨੁੱਖ ਅਮਰ ਹੋ ਸਕਦਾ ਹੈ, ਕਦੇ ਕਿਸੇ ਪਾਣੀ ਦੇ ਪੂਲ ਨੂੰ ਕਰਾਮਾਤੀ ਸਰੋਵਰ ਦੱਸ




**ਹਰਚਰਨ ਸਿੰਘ ਪਰਹਾਰ**
(ਐਡੀਟਰ - ਸਿੱਖ ਵਿਰਸਾ)
Email: hp8689@gmail.com
Tel. : 403-681-8689


ਕੇ ਸਰੀਰਕ ਬੀਮਾਰੀਆਂ ਦੂਰ ਕਰਨ ਦਾ ਡਰਾਮਾ ਰਚਦਾ ਹੈ। ਕਦੇ ਕਿਸੇ ਪਾਣੀ ਦੇ ਸਰੋਵਰ ਨੂੰ ਕਰਾਮਾਤੀ ਦੱਸ ਕੇ ਮਨੋਕਾਮਨਾਵਾਂ ਪੂਰੀਆਂ ਹੋਣ ਦਾ ਭਰਮ ਪਾਉਂਦਾ ਹੈ।

ਪਰ ਗੁਰਬਾਣੀ ਦਾ ਪਾਣੀ ਦੇ ਸਰੋਵਰਾਂ ਜਾਂ ਤੀਰਥਾਂ ਬਾਰੇ ਕੀ ਨਜ਼ਰੀਆ ਹੈ, ਇਨ੍ਹਾਂ ਗੁਰ-ਫੁਰਮਾਨਾਂ ਰਾਹੀਂ ਦੇਖਦੇ ਹਾਂ।ਸਰੀਰ ਦੀ ਸਫਾਈ ਲਈ ਨਹਾਉਣਾ ਹਰ ਇੱਕ ਲਈ ਜਰੂਰੀ ਹੈ। ਸਰੀਰ ਦੀ ਸੁਸਤੀ ਤੇ ਗੰਦਗੀ ਦੂਰ ਕਰਨ ਲਈ ਰੋਜ਼ਾਨਾ ਨਹਾਉਣਾ ਲਾਭਕਾਰੀ ਹੋ ਸਕਦਾ ਹੈ। ਪਰ ਧਰਮ ਦੇ ਨਾਮ ਤੇ ਬਣੇ ਸਰੋਵਰਾਂ, ਤੀਰਥਾਂ ਆਦਿ ਤੇ ਨਹਾਉਣ ਨਾਲ ਕੁਝ ਲਾਭ ਹੋ ਸਕਦਾ ਹੈ, ਗੁਰਬਾਣੀ ਫੁਰਮਾਨ ਇਸ ਤਰ੍ਹਾਂ ਹਨ:

1. ਮਲੁ ਹਉਮੈ ਧੋਤੀ ਕਿਵੈ ਨ ਉਤਰੈ ਸਉ ਤੀਰਥ ਨਾਇ (ਪੰਨੰ 39)

2. ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ। (ਪੰਨਾ 61)

3. ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ। (ਪੰਨਾ 87)

4. ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਮਲੁ ਲਾਵਣਿਆ੍ਪੰਨਾ 116)

5. ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ। (ਪੰਨਾ 230)

6. ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ। (ਪੰਨਾ 473)

7. ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ (ਪੰਨਾ 484)

8. ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ। (ਪੰਨਾ 491)

9. ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ। (644)

10. ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ। (730)

11. ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ। (789)

12. ਤੀਰਥ ਨਾਇ ਨ ਉਤਰਸਿ ਮੈਲੁ। (890)

13. ਅੰਤਰਿ ਮੈਲੁ ਤੀਰਥ ਭਰਮੀਜੈ। (905)

14. ਤੀਰਥ ਨਾਇ ਕਹਾ ਸੁਚਿ ਸੈਲੁ। (1149)

15. ਨਾ ਤੂ ਆਵਹਿ ਵਸਿ ਤੀਰਥ ਨਾਈਐ॥ (962)

16. ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡਕ ਨਾਵਹਿ। (484)

ਗੁਰਬਾਣੀ ਵਿਚ ਸਾਨੂੰ ਅਨੇਕਾਂ ਅਜਿਹੇ ਫੁਰਮਾਨ



ਮਿਲਦੇ ਹਨ, ਜਿਨ੍ਹਾਂ ਵਿਚ ਧਰਮ ਅਸਥਾਨਾਂ ਨਾਲ ਬਣੇ ਤੀਰਥਾਂ, ਸਰੋਵਰਾਂ ਤੇ ਨਹਾਉਣ ਨੂੰ ਫੋਕਟ ਕਰਮ ਕਿਹਾ ਗਿਆ ਹੈ। ਪਰ ਗੁਰਬਾਣੀ ਦੇ ਆਸ਼ੇ ਤੋਂ ਉਲਟ ਅਨੇਕਾਂ ਗੁਰਦੁਆਰੇ, ਸਾਧਾਂ ਦੇ ਡਰਿਆਂ ਨਾਲ ਬਣੇ ਸਰੋਵਰਾਂ ਸਾਹਮਣੇ ਮਨੋਕਾਮਨਾਵਾਂ ਪੂਰੀਆਂ ਹੋਣ, ਸਰੀਰਕ ਕਸ਼ਟ ਨਿਵਾਰਨ, ਮੱਸਿਆ, ਸੰਗਰਾਂਦ ਤੇ ਨਹਾਉਣ ਨਾਲ ਪੁੱਤਰਾਂ ਦੀ ਦਾਤ ਪ੍ਰਾਪਤ ਹੋਣ ਦੇ ਦਾਅਵੇ ਕਰਨ ਵਾਲੇ ਬੋਰਡ ਲੱਗੇ ਮਿਲਣਗੇ। ਜਿਸ ਤੋਂ ਪਤਾ ਲਗਦਾ ਹੈ ਕਿ ਸਿੱਖ ਸਮਾਜ ਪੁਜਾਰੀਆਂ ਤੇ ਪਖੰਡੀ ਸਾਧਾਂ ਹੱਥ ਚੜ੍ਹ ਕੇ ਗੁਰਬਾਣੀ ਤੋਂ ਉਲਟ ਦਿਸ਼ਾ ਵੱਲ ਤੁਰਿਆ ਹੋਇਆ ਹੈ।ਸਿਰਫ ਸਾਧਾਂ ਦੇ ਡੇਰਿਆਂ ਤੇ ਹੀ ਨਹੀਂ, ਸਿੱਖਾਂ ਦੀ ਸ਼੍ਰੋਮਣੀ ਸੰਸਥਾ ਐਸ. ਜੀ. ਪੀ. ਸੀ. ਦੇ ਪ੍ਰਬੰਧ ਅਧੀਨ ਅਨੇਕਾਂ ਗੁਰਦੁਆਰਿਆਂ ਵਿੱਚ ਅਜਿਹੇ ਬੋਰਡ ਲੱਗੇ ਆਮ

ਮਿਲਦੇ ਹਨ।ਜਿਸ ਤੋਂ ਸਪੱਸ਼ਟ ਹੈ ਕਿ ਅਖੌਤੀ ਸਾਧ ਹੀ ਆਮ ਸ਼ਰਧਾਲੂ ਦੀ ਅਗਿਆਨਤਾ ਦਾ ਲਾਭ ਉਠਾ ਕੇ ਨਹੀਂ ਲੁੱਟਦੇ, ਸਗੋਂ ਸ਼੍ਰੋਮਣੀ ਕਮੇਟੀ ਵੀ ਇਸ ਲੁੱਟ ਵਿੱਚ ਪੂਰੀ ਭਾਈਵਾਲ ਬਣੀ ਹੋਈ ਹੈ।

ਫਿਰ ਗੁਰਬਾਣੀ ਪਾਣੀ ਦੇ ਅਖੌਤੀ ਸਰੋਵਰਾਂ ਜਾਂ ਤੀਰਥਾਂ ਦੀ ਥਾਂ ਕਿਸ ਨੂੰ ਤੀਰਥ ਮੰਨਦੀ ਹੈ, ਆਉ ਦੇਖੀਏ।

ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ। (468)

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ। (687)

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ। (795)

ਅੰਤਰਗਤਿ ਤਰਿਥਿ ਮਲਿ ਨਾਉ। (4)

ਗੁਰ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ। (17)

ਗੁਰ ਤੀਰਥ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰ। (52)

ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨ ਹਰਿ ਹਰਿ ਨਾਮੁ ਧਿਆਏ। (140)

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ। (262)

ਨਾਨਕ ਗੁਰ ਸਮਾਨਿ ਤੀਰਥ ਨਹੀਂ ਕੋਈ ਸਾਚੇ ਗੁਰ ਗੋਪਾਲਾ। (437)

ਅੰਤਰਿ ਤੀਰਥ ਗਿਆਨ ਹੈ ਸਤਿਗੁਰ ਦੀਆ ਬੁਝਾਇ। (587)

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ। (687)

ਤੀਰਥ ਸ਼ਬਦ ਬੀਚਾਰੁ ਅੰਤਰਿ ਗਿਆਨੁ ਹੈ। (687)

ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ (753)

ਅਠਸਠਿ ਤੀਰਥ ਗੁਰੁ ਦਖਾਏ ਘਟ ਹੀ ਭੀਤਰਿ ਨਾਉਗੇ (773)

ਤੀਰਥ ਹਮਰਾ ਹਰਿ ਕੋ ਨਾਮੁ (1142)

ਗੁਰੁ ਸਮਾਨਿ ਤੀਰਥੁ ਨਹੀ ਕੋਇ। (1328)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬ ਬਾਣੀ ਵਿਚ ਪਾਣੀ ਦੇ ਸਰੋਵਰ ਨੂੰ ਸਰੋਵਰ ਨਹੀਂ ਮੰਨਦੇ, ਨਾ ਹੀ ਪਾਣੀ ਦੇ ਇਨ੍ਹਾਂ ਸਰੋਵਰਾਂ ਵਿਚ ਨਹਾਉਣ ਨੂੰ ਧਰਮ ਦਾ ਕਰਮ ਮੰਨਦੇ ਹਨ। ਗੁਰਬਾਣੀ ਵਾਰ ਵਾਰ ਅੰਦਰ ਦੀ ਗੱਲ ਕਰਦੀ ਹੈ, ਵਿਕਾਰ ਮਨ ਨੂੰ ਹਨ ਤੇ ਮਨੁੱਖ ਸਰੀਰ ਨੂੰ ਧੋ ਕੇ ਵਿਕਾਰ ਜੀਵਨ ਤੋਂ ਮੁਕਤ ਹੋਣ ਦਾ ਭਰਮ ਪਾਲਦਾ ਹੈ। ਅਸਲ ਵਿਚ ਅੱਜ ਦਾ ਅਖੌਤੀ ਧਰਮੀ ਤਾਂ ਸਰੋਵਰਾਂ ਵਿੱਚ ਇਸ਼ਨਾਨ ਕਰਕੇ ਵਿਕਾਰੀ ਜੀਵਨ ਤੋਂ ਮੁਕਤੀ ਦੀ ਕਾਮਨਾ ਕਰਦਾ ਹੀ ਨਹੀਂ, ਉਹ ਤਾਂ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ, ਸਰੀਰਕ ਦੁੱਖਾਂ ਦੀ ਨਵਿਰਤੀ ਇਨ੍ਹਾਂ ਸਰੋਵਰਾਂ ਵਿਚ ਇਸ਼ਨਾਨ ਕਰਕੇ ਕਰਨਾ ਚਾਹੁੰਦਾ ਹੈ। ਸਾਡਾ ਧਰਮ ਪੁਜਾਰੀ ਤੇ ਸਾਧ ਲਾਣਾ ਅਗਿਆਨੀ ਸ਼ਰਧਾਲੂਆਂ ਨੂੰ ਗੁਰਬਾਣੀ ਗਿਆਨ ਦੇ ਕੇ ਸੱਚ ਦੇ ਮਾਰਗ ਪਾਉਣ ਦੀ ਥਾਂ, ਉਨ੍ਹਾਂ ਹੋਰ ਕਰਮਕਾਂਡਾਂ ਵਿੱਚ ਪਾ ਕੇ ਸਦੀਵੀ ਲੁੱਟ ਦਾ ਪ੍ਰਬੰਧ ਕਰ ਰਿਹਾ ਹੈ। ਸਾਨੂੰ ਇਹ ਗੱਲ ਬਿਲਕੁਲ ਸਪੱਸ਼ਟ ਸਮਝ ਲੈਣੀ ਚਾਹੀਦੀ ਹੈ ਕਿ ਕੋਈ ਵੀ ਪਾਣੀ ਸਾਫ ਜਾਂ ਗੰਦਾ ਤੇ ਹੋ ਸਕਦਾ ਹੈ, ਪਰ ਕੋਈ ਵੀ ਪਾਣੀ ਪਵਿਤਰ ਜਾਂ ਕਰਾਮਾਤੀ ਨਹੀਂ ਹੋ ਸਕਦਾ।ਕਿਸੇ ਪਾਣੀ ਵਿੱਚ ਕਿਸੇ ਨੂੰ ਅਮਰ ਕਰ ਦੇਣ, ਕੋਈ ਦੁਨਿਆਵੀ ਸੁੱਖ ਪਹੁੰਚਾਣ, ਸਰੀਰਕ ਕਸ਼ਟ ਦੂਰ ਕਰਨ, ਮਾਨਸਿਕ ਰੋਗ ਦੂਰ ਕਰਨ, ਮਨੋ ਕਾਮਨਾ ਪੂਰੀ ਕਰਨ ਦੀ ਕੋਈ ਤਾਕਤ ਨਹੀਂ ਹੁੰਦੀ।ਜੇ ਕੋਈ ਅਜਿਹਾ ਦਾਅਵਾ ਕਰਦਾ ਹੈ, ਉਹ ਪਾਖੰਡੀ ਹੈ, ਧਰਮ ਵਿਰੋਧੀ ਹੈ, ਮਾਨਸਿਕ ਬੀਮਾਰ ਹੈ, ਧਾਰਮਿਕ ਲੁਟੇਰਾ ਹੈ। ਅਜਿਹੇ ਵਿਅਕਤੀਆਂ ਉਹ ਬਾਵੇਂ ਕਿਸੇ ਵੀ ਭੇਸ ਵਿੱਚ ਹੋਣ ਬਚਣ ਦੀ ਲੋੜ ਹੈ।ਉਨ੍ਹਾਂ ਨੂੰ ਸਮਾਜ ਵਿੱਚ ਨੰਗਾ ਕਰਨ ਦੀ ਲੋੜ ਹੈ, ਉਨ੍ਹਾਂ ਦੀ ਅਜਿਹੀ ਦੁਕਾਨਦਾਰੀ ਬੰਦ ਕਰਾਉਣ ਲਈ ਆਮ ਵਿਅਕਤੀ ਨੂੰ ਗਿਆਨਵਾਨ ਬਣਾਉਣ ਦੀ ਲੋੜ ਹੈ?

# ਗਿਆਨ ਹੀਣੰ ਅਗਿਆਨ ਪੂਜਾ



ਪ੍ਰੋ: ਗੁਰਬਚਨ ਸਿੰਘ
ਥਾਈਲੈਂਡ ਵਾਲੇ

ਸਿਆਣਿਆਂ ਦਾ ਇਹ ਤੱਤ ਕੱਢਿਆ ਹੋਇਆ ਏ ਕਿ ਜਿਸ ਆਦਮੀ ਨੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਉਸ ਦਾ ਬੌਧਿਕ ਵਿਕਾਸ ਰੁਕ ਗਿਆ। ਅਜੇਹਾ ਆਦਮੀ ਆਪਣੀ ਸਾਰੀ ਤਵੱਜੋ ਪੂਜਾ ਤੇ ਹੀ ਲਗਾ ਦੇਂਦਾ ਹੈ। ਸਾਰੀ ਜ਼ਿੰਦਗੀ ਸਮਾਜਿਕ, ਧਾਰਮਿਕ ਗੁਣਾਂ ਤੋਂ ਅਧੂਰੀ ਹੀ ਗਵਾ ਦੇਂਦਾ ਹੈ। ਜੇਕਰ ਪੂਜਾ ਦੇ ਨਾਲ ਜਾਪ ਸ਼ੁਰੂ ਹੋ ਜਾਏ ਤਾਂ ਸਾਰਾ ਜੀਵਨ ਕੋਹਲੂ ਦੇ ਬੈਲ ਵਾਂਗ ਹੀ ਲੰਘਾ ਦੇਂਦਾ ਹੈ। ਕਿਸੇ ਵੇਲ ਨੂੰ ਘਰ ਦੇ ਬਾਹਰ ਗੇਟ ਤੇ ਲਗਾ ਦਿੱਤਾ ਜਾਏ ਤਾਂ ਉਸ ਵੇਲ ਦਾ ਕੱਦ ਉਸ ਗੇਟ ਦੇ ਬਰਾਬਰ ਹੀ ਰਹੇਗਾ, ਉਹ ਵੇਲ ਗੇਟ ਆਲੇ ਦੁਆਲੇ ਹੀ ਰਹੇਗੀ। ਇਕ ਸੰਘਣਾਂ ਜੇਹਾ ਛੌਰਾ ਬਣ ਜਾਏਗਾ। ਜੇਕਰ ਉਸ ਵੇਲ ਨੂੰ ਕਿਸੇ ਲੰਬੇ ਦਰੱਖਤ ਦੇ ਨਾਲ ਲਗਾ ਦਿੱਤਾ ਜਾਏ ਤਾਂ ਉਸ ਵੇਲ ਦਾ ਕੱਦ ਲੰਬੇ ਦਰੱਖਤ ਜਿਨਾਂ ਹੋ ਜਾਏਗਾ। ਵੇਲ ਲੰਬੀ ਹੋ ਜਾਏਗੀ, ਵੇਲ ਦਾ ਵਿਕਾਸ ਹੁੰਦਾ ਰਹੇਗਾ। ਮਨੁੱਖ ਪੂਜਾ ਪੱਥਰ ਦੀਆਂ ਬਣਾਈਆਂ ਹੋਈਆਂ ਮੂਰਤੀਆਂ ਦੀ ਕਰ ਰਿਹਾ ਹੈ, ਤੇ ਉਸ ਦਾ ਨਾਂ ਵਾਰ-ਵਾਰ ਲੈ ਰਿਹਾ ਹੈ। ਅਜੇਹਾ ਇਸ ਲਈ ਹੋ ਗਿਆ ਹੈ ਕਿ ਮਨੁੱਖ ਗਿਆਨ ਲੈਣ ਲਈ ਤਿਆਰ ਨਹੀਂ ਹੈ। ਗਿਆਨ ਦਾ ਨਾ ਹੋਣਾ ਹੀ ਪੂਜਾ ਤੇ ਜਾਪ ਸ਼ੁਰੂ ਕਰ ਲਿਆ ਹੈ। ਮਨੁੱਖ ਦੀ ਹਾਲਤ ਤੇ ਇਹ ਬਣ ਗਈ ਏ ਦਸ ਕਦਮ ਅੱਗੇ ਚਲ ਰਿਹਾ ਹੈ ਤੇ ਫਿਰ ਦਸ ਕਦਮ ਪਿੱਛੇ ਵਲ ਨੂੰ ਆ ਰਿਹਾ ਹੈ। ਮੁੜ -ਮੁੜ ਕੇ ਕੋਹਲੂ ਦੇ ਬੈਲ ਵਾਂਗ ਉਥੇ ਹੀ ਗੇੜੇ ਕੱਢੀ ਜਾ ਰਿਹਾ ਹੈ। ਸਰਬ ਸਿਰੇਸ਼ਟ ਗੁਰਬਾਣੀ ਦਾ ਗਿਆਨ ਹੋਣ ਦੇ ਬਾਵਜੂਦ ਵੀ ਸਿੱਖ ਧਰਮ ਦੇ ਅਨਿਆਈ ਅਗਿਆਨਤਾ ਦੇ ਅੰਧੇਰੇ ਖੂਹ ਵਿਚ ਡਿੱਗਦੇ ਜਾ ਰਹੇ ਹਨ। ਬੇ-ਲੋੜੀਆਂ, ਬੇ-ਢੰਗੀਆਂ ਰਸਮਾਂ ਕਰਨ ਲੱਗ ਪਏ ਹਨ, ਜਿਨਾਂ ਦੀ ਖਲਿਆਰ ਕਿਤੇ ਅਉਂਦੀ ਨਜ਼ਰ ਨਹੀਂ ਲੱਗਦੀ। ਦੇਖਣ ਨੂੰ ਲੱਗਦਾ ਏ ਕਿ ਸ਼ਾਇਦ ਇਹ ਹੀ ਅਸਲੀ ਧਰਮ ਹੋਵੇ।

ਸਿੱਖ ਕੌਮ ਜਿਸ ਕੰਮ ਦੇ ਪਿੱਛੇ ਪੈ ਜਾਂਦੀ ਹੈ। ਉਹਨਾਂ ਚਿਰ ਪਿੱਛੇ ਹੱਟਣ ਦਾ ਨਾਂ ਨਹੀਂ ਲੈਂਦੀ ਜਿਨ੍ਹਾਂ ਚਿਰ ਉਹ ਕੰਮ ਕਰਮ ਕਾਂਡ ਵਿਚ ਤਬਦੀਲ ਨਾ ਹੋ ਜਾਏ ਇਕ ਜੱਥੇਬੰਦੀ ਨੇ ਕੋਈ ਕੰਮ ਕੀਤਾ ਤਾਂ ਦੂਸਰੀ ਜੱਥੇਬੰਦੀ ਵੀ ਸਿਰਧੜ ਦੀ ਬਾਜ਼ੀ ਲਾ ਕੇ ਕੰਮ ਕਰਦੇ ਹਨ। ਭਾਵੇਂ ਉਸ ਵਿਚ ਕੌਮੀ ਲਾਭ ਹੋਵੇ ਜਾਂ ਨਾ ਹੋਵੇ ਇਹ ਕੰਮ ਮੈਂ ਕਰਨਾ ਹੀ ਕਰਨਾ ਹੈ। ਸ਼ਤਾਬਦੀਆਂ ਦਾ ਦੌਰ ਸ਼ੁਰੂ ਹੋਇਆ ਤਾਂ ਸਿੱਖ ਚਿੰਤਕਾਂ ਨੇ ਕੌਮ ਵਿਚ ਨਵੀਂ ਜਾਗਰਤੀ ਭਰਨ ਲਈ ਇਕ ਪਿੰਡ ਤੋਂ ਦੂਜੇ ਪਿੰਡ ਤੀਕ ਜਲੂਸਾਂ ਦਾ ਪ੍ਰਬੰਧ ਕੀਤਾ ਤਾਂਕਿ ਸੁੱਤੀ ਹੋਈ ਕੌਮ ਵਿਚ ਨਵੀਂ ਜਾਗਰਤੀ ਪੈਦਾ ਹੋਵੇ। ਨਵੀਂ ਰੂਹ ਫੁਕਣ ਲਈ ਕੀਰਤਨ ਦਰਬਾਰਾਂ ਦਾ ਪ੍ਰਬੰਧ ਹੋਇਆ, ਸਮੇਂ ਦੇ ਗੇੜ ਨਾਲ ਹੌਲੀ 2 ਇਹ ਦੋਵੇਂ ਕਰਮ ਅੱਜ ਕਈ ਥਾਂਈ ਕਰਮਕਾਂਡ ਦਾ ਰੂਪ ਧਾਰ ਚੁੱਕੇ ਹਨ ਜਦੋਂ ਕਿਸੇ ਕੰਮ ਦੇ ਪਿੱਛੇ ਲਾਭ ਨਾ ਦਿੱਸਦਾ ਹੋਵੇ ਤਾਂ ਅਜੇਹੇ ਕੰਮਾਂ ਨੂੰ ਨਵੇਂ ਸਿਰੇ ਤੋਂ ਵਿਉਂਤ ਬੰਦੀ ਕਰਨ ਵਿਚ ਕੋਈ ਹਰਜ ਨਹੀਂ ਹੋਣਾ ਚਾਹੀਦਾ। ਸਭ ਤੋਂ ਪਹਿਲਾਂ ਜਲੂਸ ਜਾਂ ਨਗਰ ਕੀਰਤਨ ਸਬੰਧੀ ਕੁਝ ਵਿਚਾਰ ਚਰਚਾ ਕਰਨੀ ਜ਼ਰੂਰੀ ਹੈ। ਮਹਾਨਕੋਸ਼ ਵਿਚ ਲਿਖਿਆ ਹੋਇਆ ਏ ਕਿ ਨਗਰ ਦੇ ਵਿਚ ਫਿਰ ਕੇ ਕੀਰਤਨ ਕਰਨ ਨੂੰ ਨਗਰ ਕੀਰਤਨ ਆਖਿਆ ਗਿਆ ਹੈ ਤੇ ਜਲੂਸ ਦਾ ਅਰਥ ਹੈ-ਬੈਠਣਾ, ਰਾਜਸਿੰਘਾਸਨ ਪੁਰ ਬੈਠਣਾ ਕਚਹਿਰੀ ਕਰਨ ਬੈਠਣਾ, ਸਜ ਧਜ ਦੀ ਸਵਾਰੀ ਅਤੇ ਇਕੱਠ। ਸਿੱਖ ਇਤਿਹਾਸ ਵਿਚ ਜਦੋ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਆਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ ਤਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਪਿੰਡ 2 ਵਿਚ ਜਾ ਕੇ ਸੰਗਤਾਂ ਨੂੰ ਸਰਕਾਰ ਦੀ ਮਾੜੀ ਨੀਤੀ ਤੋਂ ਜਾਣੂੰ ਕਰਾਇਆ। ਇਸ ਮਹਾਨ ਘਟਨਾਂ ਦਾ ਨਾਂ ਇਤਿਹਾਸ ਵਿਚ ਚੌਂਕੀਆਂ ਕੱਢਣਾ ਅਉਂਦਾ ਹੈ। ਜਦੋਂ ਤੋਂ ਸ਼ਤਾਬਦੀਆਂ ਦਾ ਦੌਰ ਸ਼ੁਰੂ ਹੋਇਆ ਏ ਤਾਂ ਦੇਖਾ-ਦੇਖੀ ਸਾਰਥਿਕ ਕੰਮ ਛੱਡ ਕੇ ਸਾਰੀ ਕੌਮ ਨਗਰ ਕੀਰਤਨ ਜਾਂ ਜਲੂਸ ਕੱਢਣ ਤੀਕ ਸੀਮਤ ਹੁੰਦੀ ਜਾਪ ਰਹੀ ਏ। ਬਾਹਰਲੇ ਮੁਲਕਾਂ ਅੰਦਰ ਇਸ ਦਾ ਨਾਂ ਪਰੇਡ ਰੱਖਿਆ ਹੈ। ਪੰਜਾਬ ਦਿੱਲੀ ਨਾਲੋਂ ਇਹਨਾਂ ਪਰੇਡਾਂ ਦੇ ਨਤੀਜੇ ਬੇਹਤਰ ਨਿਕਲ ਰਹੇ ਹਨ, ਪਰ ਘਟੀਆ ਰਾਜਨੀਤੀ ਦੇ ਇਹ ਵੀ ਸ਼ਿਕਾਰ ਹੋ ਜਾਂਦੇ ਹਨ। ਸਾਲ ਵਿਚ ਇਕ ਦੋ ਵਾਰ ਨਗਰ ਕੀਰਤਨ ਕੱਢਣੇ ਉਤਸ਼ਾਹ ਜਨਕ ਕੰਮ ਹੈ। ਕੌਮ ਦੇ ਵਿਚ ਸਿੱਖੀ ਪੈਗਾਮ ਦਾ ਸੋਹਣਾ ਹੁਲਾਰਾ ਅ?ਦਾ ਹੈ। ਬਾਹਰਲੇ ਮੁਲਕਾਂ ਵਿਚ ਕਈ ਨਗਰ ਕੀਰਤਨ ਪੂਰੇ ਸਾਲ ਲਈ ਆਪਣੀ ਸ਼ਾਪ ਛੱਡ ਕੇ ਜਾਂਦੇ ਹਨ।

ਪੰਜਾਬ ਦੀ ਧਰਤੀ ਦੇ ਵੱਡਿਆਂ ਸ਼ਹਿਰਾਂ ਵਿਚ ਹਰ ਸਾਲ ਨਵੀਆਂ ਤਬਦੀਲੀਆਂ ਦੇਖਣ ਨੂੰ ਮਿਲਦੀਆਂ ਹਨ। ਪਹਿਲਾਂ ਪਹਿਲ ਜਦੋਂ ਨਗਰ ਕੀਰਤਨ ਨਿਕਲਦੇ ਹੁੰਦੇ ਸੀ ਤਾਂ ਚੌਂਕਾਂ ਦੀ ਸਫਾਈ ਕਰਕੇ ਉੱਥੇ ਬਕਾਇਦਾ ਸਿੱਖੀ ਸਿਧਾਂਤ ਦੀ ਗੱਲ ਕੀਤੀ ਜਾਂਦੀ ਸੀ। ਪਰਚਾਰਕ ਵੀਰ ਧੜੱਲੇ ਨਾਲ ਸਿੱਖੀ ਮਹਾਨਤਾ ਦੀ ਗੱਲ ਕਰਦੇ ਸਨ। ਅੱਜ ਅਜੇਹਾ ਨਹੀਂ ਹੋ ਰਿਹਾ, ਕਈਆਂ ਪਿੰਡਾਂ ਦੇ ਨਗਰ ਕੀਰਤਨਾਂ ਵਿਚ ਅਜੇ ਵੀ ਅਜੇਹਾ ਹੋ ਰਿਹਾ ਹੈ। ਦੀਵਾਨ ਸੱਜਦੇ ਹਨ ਲੋਕਾਂ ਨੂੰ ਸਬੰਧਿਤ

**ਗਿਆਨ ਨਾ ਹੋਣ ਦੀ ਹਾਲਤ ਵਿਚ ਇਕ ਪੁਖਤਾ ਕਰਮਕਾਂਡ ਸਾਡੇ ਵਿਚ ਘਰ ਕਰ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ 2 ਚਾਲੀ ਪੰਜਾਹ ਨੌਜਵਾਨ ਬੱਚੇ ਬੱਚੀਆਂ ਹੱਥਾਂ ਵਿਚ ਝਾੜੂ ਲੈ ਕੇ ਤੇ ਨਾਲ ਦੀ ਨਾਲ ਪਾਣੀ ਵਾਲੇ ਟੈਂਕ ਪਾਣੀ ਲੈ ਕੇ ਚਲਦੇ ਹਨ। ਕਈ ਥਾਵਾਂ ਤੇ ਜ਼ਿਆਦਾ ਵੀ ਬੱਚੇ ਬੱਚੀਆਂ ਹੁੰਦੀਆਂ ਹਨ। ਇਹ ਬੱਚੇ ਲੰਬੀਆਂ 2 ਲਾਇਨਾਂ ਬਣਾ ਕਿ ਅੱਗੇ 2 ਸਫਾਈ ਕਰਦੇ ਜਾਂਦੇ ਹਨ। ਬਾਣੀ ਸੁਣਨ ਵਲ ਕਿਸੇ ਦਾ ਵੀ ਧਿਆਨ ਨਹੀ ਹੁੰਦਾ, ਆਪਸ ਵਿਚ ਗੱਲਾਂ ਤੇ ਹਾਸਾ ਮਖੌਲ ਹੀ ਦੇਖਣ ਸੁਣਨ ਨੂੰ ਮਿਲਦਾ ਹੈ। ਜਿਹੜੇ ਬੱਚੇ ਸਭ ਤੋਂ ਅੱਗੇ ਜਾ ਰਹੇ ਹੁੰਦੇ ਹਨ ਉਹ ਤਾਂ ਸਫਾਈ ਕਰੀ ਜਾਂਦੇ ਹਨ, ਪਰ ਜਿਹੜੇ ਬੱਚੇ ਸਭ ਤੋਂ ਪਿੱਛੇ ਜਾ ਰਹੇ ਹੁੰਦੇ ਹਨ ਉਹ ਭਲਾ ਕੀ ਕਰ ਹਰੇ ਹੁੰਦੇ ਹਨ? ਇਸਦਾ ਕਿਸੇ ਪਾਸ ਵੀ ਢੁਕਵਾਂ ਜੁਆਬ ਨਹੀਂ ਹੈ।**

ਗੁਰਪੁਰਬ ਤੋਂ ਜਾਣੂੰ ਕਰਵਾਇਆ ਜਾਂਦਾ ਹੈ।

ਪਿੰਡ ਹੋਵੇ ਜਾਂ ਸ਼ਹਿਰ ਹੋਵੇ ਕੁਝ ਸਾਲ ਪਹਿਲਾਂ ਤੀਕ ਇਹ ਨਿਯਮ ਅਪਨਾਇਆ ਹੁੰਦਾ ਸੀ ਕਿ ਅੱਜ ਨਗਰ ਕੀਰਤਨ ਨਿਕਲਣਾ ਏ ਇਸ ਲਈ ਸਾਰੇ ਰਸਤੇ ਦੀ ਸਫਾਈ ਕੀਤੀ ਜਾਏ। ਸਾਰੇ ਲੋਕ ਬਹੁਤ ਹੀ ਸ਼ਰਧਾ ਨਾਲ ਆਪਣਿਆਂ 2 ਘਰਾਂ ਦੇ ਅੱਗੋਂ ਦੀ ਸਫਾਈ ਕਰ ਦੇਂਦੇ ਸਨ। ਹੁਣ ਤੇ ਏਵੇਂ ਲੱਗਦਾ ਏ ਜਿਵੇਂ ਕਿ ਪ੍ਰਭਾਤ ਫੇਰੀਆਂ ਤੇ ਨਗਰ ਕੀਰਤਨ ਦਾ ਹੀ ਸਿੱਖਾਂ ਕੋਲੇ ਕਲਚਰ ਰਹਿ ਗਿਆ ਹੋਵੇ।

ਹੁਣ ਨਗਰ ਕੀਰਤਨ ਤਾਂ ਰਹਿ ਹੀ ਨਹੀਂ ਗਿਆ, ਸਭ ਤੋਂ ਉਚੀ ਰੌਲਾ ਪਉਣ ਦਾ ਇਕ ਵਿਖਾਵਾ ਰਹਿ ਗਿਆ ਹੋਵੇ। ਅੱਗੇ 2 ਨਗਰ ਕੀਰਤਨ ਜਾ ਰਿਹਾ ਹੁੰਦਾ ਏ ਪਿੱਛੇ ਉਸ ਦੇ ਪੂਰੀ ਤਰ੍ਹਾਂ ਪੱਤਲਾਂ ਛਿਲੜਾਂ ਤੇ ਹੋਰ ਕਈ ਪ੍ਰਕਾਰ ਦਾ ਕੂੜਾ ਕਰਕਟ ਦੇਖਣ ਨੂੰ ਮਿਲਦਾ ਰਹਿੰਦਾ ਹੈ। ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਪੂਰੀ ਸਫਾਈ ਹੋਣੀ ਚਾਹੀਦੀ ਹੈ, ਅਤੇ ਨਗਰ ਕੀਰਤਨ ਨਿਕਲ ਜਾਣ ਦੇ ਪਿੱਛੋਂ ਵੀ ਪੂਰੀ ਸਫਾਈ ਹੋਣੀ ਚਾਹੀਦੀ ਹੈ। ਜ਼ਿੰਮੇਵਾਰੀ ਪ੍ਰਬੰਧਕਾਂ ਦੀ ਹੈ।

ਗਿਆਨ ਨਾ ਹੋਣ ਦੀ ਹਾਲਤ ਵਿਚ ਇਕ ਪੁਖਤਾ ਕਰਮਕਾਂਡ ਸਾਡੇ ਵਿਚ ਘਰ ਕਰ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ 2 ਚਾਲੀ ਪੰਜਾਹ ਨੌਜਵਾਨ ਬੱਚੇ ਬੱਚੀਆਂ ਹੱਥਾਂ ਵਿਚ ਝਾੜੂ ਲੈ ਕੇ ਤੇ ਨਾਲ ਦੀ ਨਾਲ ਪਾਣੀ ਵਾਲੇ ਟੈਂਕ ਪਾਣੀ ਲੈ ਕੇ ਚਲਦੇ ਹਨ। ਕਈ ਥਾਵਾਂ ਤੇ ਜ਼ਿਆਦਾ ਵੀ ਬੱਚੇ ਬੱਚੀਆਂ ਹੁੰਦੀਆਂ ਹਨ। ਇਹ ਬੱਚੇ ਲੰਬੀਆਂ 2 ਲਾਇਨਾਂ ਬਣਾ ਕਿ ਅੱਗੇ 2 ਸਫਾਈ ਕਰਦੇ ਜਾਂਦੇ ਹਨ। ਬਾਣੀ ਸੁਣਨ ਵਲ ਕਿਸੇ ਦਾ ਵੀ ਧਿਆਨ ਨਹੀਂ ਹੁੰਦਾ, ਆਪਸ ਵਿਚ ਗੱਲਾਂ ਤੇ ਹਾਸਾ ਮਖੌਲ ਹੀ ਦੇਖਣ ਸੁਣਨ ਨੂੰ ਮਿਲਦਾ ਹੈ। ਜਿਹੜੇ ਬੱਚੇ ਸਭ ਤੋਂ ਅੱਗੇ ਜਾ ਰਹੇ ਹੁੰਦੇ ਹਨ ਉਹ ਤਾਂ ਸਫਾਈ ਕਰੀ ਜਾਂਦੇ ਹਨ, ਪਰ ਜਿਹੜੇ ਬੱਚੇ ਸਭ ਤੋਂ ਪਿੱਛੇ ਜਾ ਰਹੇ ਹੁੰਦੇ ਹਨ ਉਹ ਭਲਾ ਕੀ ਕਰ ਹਰੇ ਹੁੰਦੇ ਹਨ? ਇਸਦਾ ਕਿਸੇ ਪਾਸ ਵੀ ਢੁਕਵਾਂ ਜੁਆਬ ਨਹੀਂ ਹੈ।

ਪਹਿਲਾਂ ਪਹਿਲ ਜਦੋਂ ਵੀ ਆਮ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਘਰ ਲੈ ਕੇ ਅਉਂਦਾ ਸੀ ਤਾਂ ਸਾਰੇ ਰਸਤੇ ਦੀ ਸਫਾਈ ਕੀਤੀ ਜਾਂਦੀ ਸੀ। ਏਸੇ ਤਰ੍ਹਾਂ ਨਗਰ ਕੀਰਤਨ ਦਾ ਪ੍ਰਬੰਧ ਕਰਨ ਵਾਲੇ ਇਕ ਦਿਨ ਪਹਿਲਾਂ ਸਫਾਈ ਵਲ ਉਚੇਚਾ ਧਿਆਨ ਦੇਂਦੇ ਸਨ। ਅੱਜ ਸ਼ੇਤਾਨ ਦੀ ਆਂਦਰ ਵਾਂਗ ਸਿੱਖਾਂ ਵਿਚ ਨਿੱਤ ਨਵੇਂ ਕਰਮਕਾਂਡ ਜਨਮ ਲੈ ਰਹੇ ਹਨ, ਤੇ ਇਹ ਵੱਧਦੇ ਹੀ ਜਾ ਰਹੇ ਹਨ। ਇਹ ਨਗਰ ਕੀਰਤਨ ਕੋਈ ਸੁਨੇਹਾਂ ਦੇ ਰਹੇ ਸਨ, ਪਰ ਹੁਣ ਸ਼ੋਰ ਸ਼ਰਾਬੇ ਵਿਚ ਗਵਾਚਦੇ ਜਾ ਰਹੇ ਹਨ। ਲੋਕ ਵਿਖਾਵੇ ਇਹ ਲੋਕ ਨਵੀਂ ਕਿਸਮ ਦੀ ਸੇਵਾ ਕਰ ਰਹੇ ਹਨ। ਇਸ ਵਿਖਾਵੇ ਦੀ ਸੇਵਾ ਵਿਚੋਂ ਅਸਲੀ ਸੇਵਾ ਦਾ ਮਹੱਤਵ ਹੀ ਅਲੋਪ ਹੁੰਦਾ ਜਾ ਰਿਹਾ ਹੈ। ਇਹ ਸੇਵਾ ਤਾਂ ਸਾਨੂੰ ਰਾਤ ਨੂੰ ਕਰਨੀ ਚਾਹੀਦੀ ਸੀ ਜਾਂ ਇਕ ਦਿਨ ਪਹਿਲਾਂ ਕਰਨੀ ਚਾਹੀਦੀ ਸੀ। ਸਾਡਾ ਦੁਖ ਤਾਂ ਇਹ ਹੈ ਕਿ ਸਾਨੂੰ ਦੇਖੇਗਾ ਕੌਣ? ਅਸਾਂ ਤੇ ਸਾਰੀ ਸੇਵਾ ਲੋਕ ਦਿਖਾਵੇ ਲਈ ਹੀ ਤਾਂ ਕਰਨੀ ਹੈ। ਅਸਲ ਗੱਲ ਤਾਂ ਇਹ ਮਹਿਸੂਸ ਹੁੰਦੀ ਏ ਗੁਰੂ ਗ੍ਰੰਥ ਨਾਲੋਂ ਪਾਣੀ ਦੀ ਪੂਜਾ ਜ਼ਿਆਦਾ ਹੁੰਦੀ ਹੈ। ਪਾਣੀ ਨੂੰ ਦੇਵਤਾ ਮੰਨਿਆ ਗਿਆ ਹੈ। ਅਧੂਰਾ ਗਿਆਨ ਹੁੰਦਿਆਂ ਅਜੇਹੀਆਂ ਰਸਮਾਂ ਅਕਸਰ ਜਨਮ ਲੈ ਲੈਂਦੀਆਂ ਹਨ। ਸ਼ਹਿਰਾਂ ਵਿਚ ਗੁਰੂ ਦੇ ਨਾਂ ਤੇ ਕਈ ਪਰਕਾਰ ਦੇ ਕਰਮਕਾਂਡ ਅਉਂਦੇ ਜਾ ਰਹੇ ਹਨ। ਗਿਆਨ ਹੀਣ ਲੋਕਾਂ ਸਬੰਧੀ ਗੁਰੂ ਨਾਨਕ ਜੀ ਦਾ ਨਜ਼ਰੀਆ ਬਹੁਤ ਸਪਸ਼ਟ ਹੈ-"ਮਤਿ ਥੋੜੀ ਸੇਵ ਗਵਾਈਐ"॥ ਇਹ ਧੱਕੇ ਦੀ ਕੀਤੀ ਹੋਈ ਸੇਵਾ ਹੈ। ਅਸਲ ਸੇਵਾ ਤਾਂ ?ਦੋਂ ਸ਼ੁਰੂ ਹੁੰਦੀ ਹੈ, ਜਦੋਂ ਨਗਰ ਕੀਰਤਨ ਲੰਘ ਗਿਆ ਹੋਵੇ ਤਾਂ ਉਸ ਦੇ ਪਿਛੋਂ ਸਾਰੀ ਰਲ ਕੇ ਸਫਾਈ ਕੀਤੀ ਜਾਏ। ਸਿਰਫ ਲੋਕ ਵਿਖਾਵੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ 2 ਲੱਗ ਕੇ ਬਿਨ੍ਹਾਂ ਲੋੜ ਤੋਂ ਪਾਣੀ ਰੋੜੀ ਜਾਣਾ ਕੋਈ ਸਾਰਥਿਕ ਕੰਮ ਨਹੀਂ ਲੱਗਦਾ। ਇੰਜ ਲੱਗਦਾ ਕਿ ਕਈਆਂ ਲੋਕਾਂ ਨੇ ਸੇਵਾ ਨੂੰ ਧੰਧਾ ਬਣਾ ਕਿਆ ਹੈ। ਕਤਾਰਾਂ ਬੰਨ ਕੇ ਜ਼ਿਦੋ ਜ਼ਿਦੀ ਪਾਣੀ ਰੋੜੀ ਜਾਣਾ ਤੇ ਝਾੜੂ ਦੀਆਂ ਅੱਗੋਂ ਚੂੰਝਾਂ ਲਗੱਈ ਜਾਣੀਆਂ ਕਿੰਨੀ ਕੁ ਮਹਾਨ ਸੇਵਾ ਹੈ?

**ਸਿੱਖਾਂ ਦੀ ਸਭ ਤੋਂ ਵੱਡੀ ਸਮੱਸਿਆ ਗੁਰੂ ਗ੍ਰੰਥ ਨੂੰ ਨਾ ਵਿਚਾਰਨਾ ਹੈ। ਇਸ ਲਈ ਇਸ ਦੀਆਂ ਮਨਾਈਆਂ ਹੋਈਆਂ ਸ਼ਤਾਬਦੀਆਂ ਘੱਟੇ ਕੌਡੀਆਂ ਵਿਚ ਰੁਲਣ ਤੋਂ ਵੱਧ ਕੋਈ ਖਾਸ ਪਰਾਪਤੀ ਨਹੀ ਹੈ। ਨਗਰ ਕੀਰਤਨਾਂ ਦਾ ਨਾਂ ਤਬਦੀਲ ਕਰਕੇ ਚੇਤਨਾਂ ਮਾਰਚ ਵੀ ਸ਼ੁਰੂ ਹੋਏ, ਫਿਰ ਸ਼ਬਦ ਪ੍ਰਚਾਰ ਮਾਰਚ ਸ਼ੁਰੂ ਹੋਏ। ਸੜਕਾਂ ਤੇ ਗੇਟ ਲਗਾਏ ਗਏ, ਖੂਬ ਲੰਗਰ ਚੱਲੇ ਅਖਬਾਰਾਂ ਵਿਚ ਤਸਵੀਰਾਂ ਆਈਆਂ ਚਾਰ ਦਿਨ ਵਾਹਵਾ 2 ਹੋਈ। ਪਤਿਤਪੁਣੇ ਤੇ ਨਸ਼ੇ ਦੀ ਦਲਦਲ ਵਿਚ ਸਿੱਖੀ ਦਾ ਬੇੜਾ ਫਸਿਆ ਪਿਆ ਹੈ।**

ਸਿੱਖਾਂ ਦੀ ਸਭ ਤੋਂ ਵੱਡੀ ਸਮੱਸਿਆ ਗੁਰੂ ਗ੍ਰੰਥ ਨੂੰ ਨਾ ਵਿਚਾਰਨਾ ਹੈ। ਇਸ ਲਈ ਇਸ ਦੀਆਂ ਮਨਾਈਆਂ ਹੋਈਆਂ ਸ਼ਤਾਬਦੀਆਂ ਘੱਟੇ ਕੌਡੀਆਂ ਵਿਚ ਰੁਲਣ ਤੋਂ ਵੱਧ ਕੋਈ ਖਾਸ ਪਰਾਪਤੀ ਨਹੀਂ ਹੈ। ਨਗਰ ਕੀਰਤਨਾਂ ਦਾ ਨਾਂ ਤਬਦੀਲ ਕਰਕੇ ਚੇਤਨਾਂ ਮਾਰਚ ਵੀ ਸ਼ੁਰੂ ਹੋਏ, ਫਿਰ ਸ਼ਬਦ ਪ੍ਰਚਾਰ ਮਾਰਚ ਸ਼ੁਰੂ ਹੋਏ। ਸੜਕਾਂ ਤੇ ਗੇਟ ਲਗਾਏ ਗਏ, ਖੂਬ ਲੰਗਰ ਚੱਲੇ ਅਖਬਾਰਾਂ ਵਿਚ ਤਸਵੀਰਾਂ ਆਈਆਂ ਚਾਰ ਦਿਨ ਵਾਹਵਾ 2 ਹੋਈ। ਪਤਿਤਪੁਣੇ ਤੇ ਨਸ਼ੇ ਦੀ ਦਲਦਲ ਵਿਚ ਸਿੱਖੀ ਦਾ ਬੇੜਾ ਫਸਿਆ ਪਿਆ ਹੈ।

ਗਿਆਨ ਤੋਂ ਵਾਂਝੀ ਕੌਮ ਅੰਦਰ ਇਕ ਹੋਰ ਪੂਜਾ ਅਖੰਡਪਾਠਾਂ ਦੀਆਂ ਲੜੀਆਂ ਦੇ ਰੂਪ ਵਿਚ ਆ ਗਈ ਹੈ। ਸ਼ਤਾਬਦੀਆਂ ਕੀ ਆਈਆਂ ਕਈ ਲੋਕਾਂ ਲਈ ਤਾਂ ਵਰ ਬਣ ਕੇ ਆਈਆਂ ਹਨ। ਚਾਰ ਸੌ ਸਾਲਾ ਸ਼ਤਾਬਦੀ ਆਈ ਚਾਰ ਸੌ ਹੀ ਅਖੰਡ ਪਾਠ ਹੀ ਕਰਾਉਣੇ ਹਨ। ਇਸ ਲਈ ਕੋਈ ਪਰਵਾਰ ਵੀ ਇਸ ਫਲ ਤੋਂ ਵਾਂਝਾ ਨਾ ਰਹਿ ਜਾਏ। ਇਹਨਾਂ ਪਾਠਾਂ ਦੀਆਂ ਕਈ 2 ਕਿਸਮਾਂ ਹਨ-ਕੁਝ ਸਿਰ ਫੇਰ ਕੁਝ ਚੁਪ-ਗੜੁੱਪ ਤੇ ਕੁਝ ਮੂੰਹ ਬੰਨ ਕੇ ਪਾਠ ਕੀਤੇ ਜਾਂਦੇ ਹਨ। ਜਲਦੀ ਪਾਠ ਕਰਾਉਣ ਵਾਲਿਆਂ ਦੀ ਐਮਰਜੰਸੀ ਭੇਟਾ ਰੱਖੀ ਹੋਈ ਹੈ। ਆਗਿਆਨਤਾ ਦੇ ਵੱਸ ਪਈ ਹੋਈ ਕੌਮ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪੂਰੀ ਤਰ੍ਹਾਂ ਵਪਾਰੀਕਰਨ ਕੀਤਾ ਹੋਇਆ ਹੈ। ਆਮ ਗੁਰਦੁਆਰਿਆਂ ਵਿਚ ਅਕਸਰ ਪਾਠੀ ਇਕੱਲਾ ਬੈਠ ਕੇ ਹੀ ਪਾਠ ਕਰਦਾ ਦੇਖਿਆ ਜਾ ਸਕਦਾ ਹੈ। ਹਾਂ ਆਪਸ ਵਿਚ ਮਿੱਤਰ ਦੋਸਤ ਤੇ ਰਿਸ਼ਤੇਦਾਰ ਰਲ ਕੇ ਪਾਠ ਕਰਨ ਦੀ ਗੱਲ ਦਾ ਜ਼ਿਕਰ ਜ਼ਰੂਰ ਅਉਂਦਾ ਹੈ, ਪਰ ਚਾਰ 4 ਜਾਂ ਪੰਜ 5 ਪਾਠਾਂ ਦੀਆਂ ਲੜੀਆਂ ਦਾ ਜ਼ਿਕਰ ਕਿਤੇ ਵੀ ਨਹੀਂ ਅਉਂਦਾ। ਗੁਰਦੁਆਰਿਆਂ ਦੀ ਆਮਦਨ ਦਾ ਸਾਧਨ ਬਹੁਤ ਤਕੜਾ ਬਣ ਗਿਆ ਹੈ। ਇਸ ਲਈ ਕਰਮਕਾਂਡ ਦਾ ਇਹ ਤੰਦੂਆ ਜਾਲ ਪੂਰੀ ਤਰ੍ਹਾਂ ਜੱਕੜ ਮਾਰੀ ਬੈਠਾ ਹੋਇਆ ਹੈ। ਇਸ ਕੰਮ ਨੂੰ ਹੋਰ ਉਤਸ਼ਾਹ ਦੇਣ ਲਈ ਸਿਰੋਪਾਉ ਦਾ ਪੂਰਾ 2 ਪ੍ਰਬੰਧ ਕੀਤਾ ਹੁੰਦਾ ਹੈ। ਅਖੰਡਪਾਠਾਂ ਦੀ ਧੂੜ ਗੁਬਾਰ ਵਿਚ ਸਿੱਖੀ ਸਿਧਾਂਤ ਦੀ ਖੇਹ ਖੁਭੜੀ ਉਡਦੀ ਦੇਖੀ ਜਾ ਸਕਦੀ ਹੈ।

ਅਗਿਆਨਤਾ ਦੇ ਵੱਸ ਪਈ ਹੋਈ ਕੌਮ ਚਲ ਰਹੀਆਂ ਲੜੀਆਂ ਦੇ ਵਿਚੋਂ ਸਵਰਗ ਦੇ ਫਲ ਦੀ ਆਸ ਲਗਾਈ ਬੈਠੀ ਦਿਸਦੀ ਨਜ਼ਰ ਆ ਰਹੀ ਹੈ। ਕਰਮਕਾਂਡ ਦੇ ਹਨੇਰਿਆਂ ਵਿਚ ਅੱਕੀਂ-ਪਲਾਈਂ ਹੱਥ ਮਾਰ ਰਹੀ ਗਵਾਚੀ ਹੋਈ ਕੌਮ ਦੇਖੀ ਜਾ ਸਕਦੀ ਏ। ਕੀ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਜੀਵਨ ਜਾਚ ਹੈ ਜਾਂ ਮਕੈਨੀਕਲ ਰੈਪੀਟੇਸ਼ਨ? ਕੀ ਕੌਮ ਆਪ ਸੋਚ ਵਿਚਾਰ ਕਰੇਗੀ?

ਬਹੁਤ ਹੀ ਮੁਸ਼ਕਲਾਤਾਂ ਦਾ ਸਫਰ ਤਹਿ ਕਰਕੇ ਪੰਥ ਪਰਵਾਨਤ ਰਹਿਤ ਮਰਯਾਦਾ ਹੋਂਦ ਵਿਚ ਆਈ ਸੀ, ਪਰ ਅੱਜ ਉਸੇ ਹੀ ਰਹਿਤ ਮਰਯਾਦਾ ਦੀਆਂ ਧੱਜੀਆਂ ਉੱਡਦੀਆਂ ਸਾਫ ਨਜ਼ਰ ਅਉਂਦੀਆਂ ਹਨ। ਗਿਆਨ ਦੀ ਘਾਟ ਕਰਕੇ ਅਗਿਆਨਤਾ ਦੀ ਪੂਜਾ ਅਕਸਰ ਮਿਰਤਕ ਸੰਸਕਾਰਾਂ ਤੇ ਦੇਖੀ ਜਾ ਸਕਦੀ ਹੈ। ਰਹਿਤ ਮਰਯਾਦਾ ਦੇ ਪੰਨਾ ਨੰ.25 ਤੇ ਲਿਖਿਆ ਹੋਇਆ {ਹ} ਅੱਖਰ ਵਿਚਾਰਨ ਵਾਲਾ ਹੈ।

ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਸ਼ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤੱਖਤੇ ਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਕੁਝ ਬਾਹਰਲੇ ਮੁਲਕਾਂ ਅੰਦਰ ਨਵੀਂ ਰੀਤੀ ਨੇ ਜਨਮ ਲੈ ਲਿਆ ਹੈ ਮਿਰਤਕ ਸਰੀਰ ਨੂੰ ਗੁਰਦੁਆਰੇ ਲਿਜਾ ਕੇ ਮੱਥਾ ਟਿਕਾਇਆ ਜਾਏ। ਜਿਉਂਦੇ ਜੀ ਤੇ ਕਦੇ ਗੁਰਦੁਆਰੇ ਵੜਿਆ ਨਹੀਂ

ਮਰੀ ਹੋਈ ਮਿੱਟੀ ਨੂੰ ਜ਼ਰੂਰ ਅਸੀਂ ਚੁੱਕੀ ਫਿਰਦੇ ਹਾਂ। ਕੀ ਇਹ ਅਗਿਆਨਤਾ ਨਹੀਂ ਹੈ? ਅੱਗੇ ਹੋਰ ਲਿਖਿਆ ਹੈ ਵਿਸਥਾਰ ਨਾਲ ਸਾਕਾਂ ਸੰਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਪਾਠ ਦੀ ਸਮਾਪਤੀ ਦਾ ਦਿਨ ਮਿੱਥਿਆ ਜਾਏ। ਪਾਠ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਰੋਜ਼ ਰਾਤ ਨੂੰ ਕੀਰਤਨ ਵੀ ਹੋਵੇ। ਦੁਸਿਹਰੇ ਦੇ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ। ਲੇਕਨ ਅਸਲ ਮਰਯਾਦਾ ਤਾਂ ਸਿੱਖਾਂ ਦੀ ਇਥੋਂ ਸ਼ੁਰੂ ਹੁੰਦੀ ਹੈ। ਅਜੇ ਕੁਝ ਸਮਾਂ ਵੀ ਨਹੀਂ ਲੰਘਿਆ ਹੁੰਦਾ ਬ੍ਰਹਮਣ ਦੀ ਪੂਜਾ ਵਰ੍ਹੀਣੇ ਦੇ ਰੂਪ ਵਿਚ ਪਲਸੇਟੇ ਮਾਰਦੀ ਸਿੱਖਾਂ ਦੇ ਘਰ ਆਣ ਪੈਰ ਪਸਾਰਦੀ ਬਰਸੀਆਂ ਦਾ ਰੂਪ ਧਾਰਨ ਕਰ ਜਾਂਦੀ ਹੈ। ਪਹਿਲੀ ਅਰਦਾਸ ਵਿਚ ਇਹ ਕਹਿਆ ਗਿਆ ਸੀ ਕਿ ਵਾਹਿਗੁਰੂ ਜੀ ਇਸ ਵਿਛੜੀ ਹੋਈ ਆਤਮਾ ਨੂੰ ਅਪਣੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰੋ। ਅਜੇ ਇਹ ਬੋਲ ਠੰਡੇ ਵੀ ਨਹੀਂ ਹੋਏ ਹੁੰਦੇ, ਵਰ੍ਹੀਣੇ ਤੇ ਬਰਸੀਆਂ ਨੂੰ ਫਿਰ ਆਖਦੇ ਹਾਂ ਜੀ ਇਸ ਵਿਛੜੀ ਹੋਈ ਆਤਮਾ ਦੀ ਸ਼ਾਤੀ ਲਈ ਫਿਰ ਸ੍ਰੀ ਅਖੰਡ ਪਾਠ ਦਾ ਆਸਰਾ ਲਿਆ ਜਾਂਦਾ ਹੈ। ਪਿੱਛਲੇ ਸਾਲ ਕੀਤੀ ਹੋਈ ਅਰਦਾਸ ਤੇ ਬਿਲਕੁਲ ਕੋਈ ਵਿਸ਼ਵਾਸ ਨਹੀਂ ਰਿਹਾ। ਬੜੀ ਬੇਹਯਾਈ ਨਾਲ ਗੁਰੂ ਦੇ ਸਾਹਮਣੇ ਖਲੋ ਕੇ ਇਹ ਅਰਦਾਸ ਕਰਦੇ ਹਾਂ ਕਿ ਹੇ ਪਰਮਾਤਮਾ ਇਸ ਵਿੱਛੜੀ ਹੋਈ ਆਤਮਾ ਨੂੰ ਆਪਣੇ ਚਰਨਾ ਵਿਚ ਨਿਵਾਸ ਦੇਵੀਂ ਤੇ ਅਸਾਂਨੂੰ ਭਾਣਾ ਮੰਨਣ ਦਾ ਬੱਲ ਬਖਸ਼ਿਸ਼ ਕਰੀਂ। ਕੀ ਸਿੱਖ ਨੂੰ ਗੁਰੂ ਤੇ ਭਰੋਸਾ ਨਹੀਂ ਰਿਹਾ? ਕੀ ਅਸੀਂ ਅਗਿਆਨਤਾ ਦੀ ਪੂਜਾ ਤੇ ਨਹੀਂ ਕਰ ਰਹੇ? ਕੀ "ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ॥" ਦੀ ਅਵਸਥਾ ਤਾਂ ਸਿੱਖ ਦੀ ਨਹੀਂ ਹੋ ਗਈ? ਕੀ ਇਹ ਗਿਆਨਵਾਨ ਕੌਮਾਂ ਦਾ ਕੰਮ ਹੈ ਜਾਂ ਬ੍ਰਹਮਣ ਦੀ ਪਿੱਛਲੱਗ ਹੋਣ ਦਾ ਵਿਖਾਵਾ ਹੈ?

ਸਿੱਖ ਰਹਿਤ ਮਰਯਾਦਾ ਵਿਚ ਉਚੇਚਾ ਉਲੇਖ ਹੈ ਕਿ ਦੁਸਿਹਰੇ ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ। ਅਗੀਠਾ ਠੰਡਾ ਹੋਣ ਤੇ ਦੇਹ ਦੀ ਸਾਰੀ ਭਸਮ ਜਲ ਪਰਵਾਹ ਕਰ ਦਿੱਤੀ ਜਾਵੇ ਜਾਂ ਜ਼ਮੀਨ ਵਿਚ ਦੱਬ ਕੇ ਬਰਾਬਰ ਕਰ ਦਿੱਤੀ ਜਾਵੇ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਂਵਾਂ ਤੇ ਪਾਣੇ ਮਨਮਤ ਹੈ। ਅਜੇਹੇ ਕੀਮਤੀ ਸਿਧਾਂਤਾਂ ਦੀ ਕੌਣ ਪਰਵਾਹ ਕਰਦਾ ਹੈ। ਪਿੱਛਲੇ ਕੁਝ ਸਮੇਂ ਤੋਂ ਬਰਸੀਆਂ ਮਨਉਣ ਦਾ ਨਵਾਂ ਸਭਿਆਚਾਰ ਚਲਿਆ ਹੈ। ਜਦੋਂ ਗੁਰਦੁਆਰਿਆਂ ਦੇ ਪ੍ਰਬੰਧਕ ਅਜੇਹੇ ਕਰਮਕਾਂਡ ਨੂੰ ਆਮਦਨ ਦਾ ਸਾਧਨ ਸਮਝਣ ਲੱਗ ਪੈਣ ਤਾਂ ਉਸ ਕੌਮ ਦਾ ਰੱਬ ਹੀ ਰਾਖਾ ਹੈ। ਮੈਨੂੰ ਇਕ ਘਰ ਵਿਚ ਸ੍ਰੀ ਅਖੰਡਪਾਠ ਤੇ ਜਾਣ ਦਾ ਮੌਕਾ ਮਿਲਿਆ ਭਾਈ ਜੀ ਪਾਸੋਂ ਅਰਦਾਸ ਕਰਾਈ ਜਾ ਰਹੀ ਸੀ ਕੇ ਬੱਚੇ ਦੇ ਕੇਸਾਂ ਨੂੰ ਕੰਘੀ ਲਗਾਈ ਜਾ ਰਹੀ ਹੈ ਆਗਿਆ ਬਖਸ਼ਿਸ਼ ਕਰੋ। ਸਾਰੀਆਂ ਰਿਸ਼ਤੇਦਾਰੀਆਂ ਵਲੋਂ ਵਿਆਹ ਵਾਂਗ ਲੈਣ ਦੇਣ ਕੀਤਾ ਜਾ ਰਿਹਾ ਸੀ। ਸੋਚ ਰਿਹਿਆ ਸਾਂ ਗਿਆਨ ਤੋਂ ਹੀਣ ਹੋਕੇ ਕੌਮ ਅਗਿਆਨਤਾ ਦੀ ਪੂਜਾ ਵਿਚ ਜੁੜ ਗਈ ਹੈ।

# ਤੀਰਥ ਦਾ ਇਸ਼ਨਾਨ ਮਾਇਆ ਦੀ ਲੁੱਟ

**ਕੁਲਵੰਤ ਸਿੰਘ ਭੰਡਾਲ**
44-79585-85696 (ਯੂ.ਕੇ.)
kulwantsinghbhandal@gmail.com

ਦਾਸ ਖਾਸ ਤੌਰ ਤੇ ਸਿੰਘ ਸਭਾ ਕੈਨੇਡਾ ਦਾ ਧੰਨਵਾਦੀ ਹਾਂ ਕਿਉਂਕਿ ਇਸ ਵੈੱਬ ਸਾਈਟ ਤੇ ਛਪ ਰਹੇ ਲੇਖਾਂ ਨੇ ਮੇਰੀਆਂ ਹੀ ਨਹੀਂ ਸਾਰੇ ਸੰਸਾਰ ਭਰ ਵਿੱਚ ਵਸ ਰਹੇ ਸਿੱਖਾਂ ਦੀਆਂ ਅਸਲ ਧਰਮ ਵੱਲੋਂ ਮੀਟੀਆਂ ਅੱਖਾਂ ਖੋਲ ਦਿੱਤੀਆਂ ਹਨ। ਜਿਥੇ ਆਪੂੰ ਬਣੇ ਸਾਧ ਸੰਤ ਤੇ ਬ੍ਰਹਮਗਿਆਨੀਆਂ ਦੇ ਗੁਪਤ ਰੂਪ ਵਿੱਚ ਡੇਰਿਆਂ ਅੰਦਰ ਵਰਤ ਰਹੇ ਵਰਤਾਰੇ ਨੂੰ ਸਾਡੇ ਸਾਹਮਣੇ ਖੋਲ੍ਹਿਆ ਹੈ ਉਥੇ ਤਬਾਹ ਹੋ ਰਹੀ ਸਿੱਖਾਂ ਦੀ ਦਸ਼ਾ ਨੂੰ ਮੁੜ ਚੜ੍ਹਦੀ ਕਲਾ ਵੱਲ ਨੂੰ ਮੋੜਨ ਦਾ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ ਅਤੇ ਲਗਾਤਾਰ ਇਸ ਪਾਸੇ ਨੂੰ ਤਤਪਰ ਹਨ। ਪੰਜਾਬ ਦੇ ਪਿੰਡਾਂ ਵਿੱਚ ਜਾ-ਜਾ ਕੇ ਜਿਥੇ ਗੁਰਮਤ ਗਿਆਨ ਮਿਸ਼ਨਰੀ ਕਾਲਜ ਦੀ ਟੀਮ ਆਪਣਾ ਬਹੁਤ ਵੱਡਾ ਹਿੱਸਾ ਪਾ ਰਹੀ ਹੈ ਉਥੇ ਇਹ ਸਿੰਘ ਸਭਾ ਅਤੇ ਇਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਬਾਹਰ ਬੈਠੇ ਵੀਰ ਵੀ ਮਦਦ ਕਰ ਰਹੇ ਹਨ। ਆਉ ਸਜਣੋ, ਭਰਾਵੋ ਤੇ ਭੈਣੋਂ ਆਪਾਂ ਵੀ ਆਪਣੇ ਵੱਲੋਂ ਬਣਦਾ ਜੁੜਦਾ ਇਨ੍ਹਾਂ ਸਿੰਘ ਸਭਾ ਦੇ ਸਾਥੀਆਂ ਦਾ ਹੋਰ ਸਾਥ ਦੇਈਏ ਅਤੇ ਗੁਰੂ ਜੀ ਦੇ ਅਸਲੀ ਸਿੱਖ ਹੋਣ ਦੇ ਦਾਹਵੇਦਾਰ ਬਣੀਏ।

ਸੋ ਹੁਣ ਆਪਾਂ ਗੱਲ ਕਰਦੇ ਹਾਂ ਤੀਰਥਾਂ ਤੇ ਇਸ਼ਨਾਨ ਕਰਨ ਦੇ ਨਾਲ-ਨਾਲ ਮਾਇਆ ਦੀ ਹੋ ਰਹੀ ਲੁੱਟ ਦੀ। ਅੱਜ ਤੋਂ ਤਕਰੀਬਨ ਪੈਂਤੀ ਸਾਲ ਪਹਿਲਾਂ ਆਪਣੀ ਹੱਡ ਬੀਤੀ ਦੀ ਗੱਲ ਕਰਦਿਆਂ ਹੋਇਆਂ ਮੈਨੂੰ ਕੋਈ ਵੀ ਸ਼ਰਮਿੰਦਗੀ ਨਹੀਂ ਹੈ। ਮੈਨੂੰ ਪੱਕਾ ਯਾਦ ਹੈ ਕਿ ਸਾਡੇ ਪਿੰਡ ਭੰਡਾਲ ਦੋਨਾਂ ਜ਼ਿਲਾ ਕਪੂਰਥਲਾ ਤੋਂ ਹਰ ਮਹੀਨੇ ਦੀ ਮੱਸਿਆ ਵਾਲੇ ਦਿਨ ਸੁਲਤਾਨ ਪੁਰ ਲੋਧੀ ਨੂੰ ਟਰਾਲੀ ਜ਼ਰੂਰ ਜਾਂਦੀ ਸੀ ਅਤੇ ਅੱਜ ਬੱਸ ਜਾਂਦੀ ਹੈ। ਜਿਸ ਵਿੱਚ ਸਾਰੇ ਪਿੰਡ ਦੇ ਬੱਚੇ, ਜਵਾਨ ਮਾਈ-ਭਾਈ ਤੇ ਬਿਮਾਰ ਪਈਆਂ ਬੁੱਢੀਆਂ ਮਾਈਆਂ ਵੀ ਮੱਸਿਆ ਨਹਾਉਣ ਜਾਣ ਦੇ ਨਾ ਨਾਲ ਤਿਆਰ ਹੋ ਜਾਂਦੀਆਂ ਸਨ ਅਤੇ ਜਾਂਦੀਆਂ ਹਨ। ਜਿਨ੍ਹਾਂ ਵਿੱਚ ਮੈਂ ਵੀ ਕਈ ਸਾਲ ਲਗਾਤਾਰ ਆਖੀ ਜਾਂਦੀ ਬਾਬੇ ਨਾਨਕ ਦੀ ਵੇਂਈ ਵਿੱਚ ਚੁੱਬੀਆਂ ਲਾਈਆਂ ਅਤੇ ਨਾਲ ਹੀ ਸਾਨੂੰ ਦਰਸਾਈ ਗਈ ਬਾਬਾ ਨਾਨਕ ਜੀ ਦੀ ਮੋਦੀ ਖਾਨੇ ਦੀ (ਜੋ ਕਲਪਤ ਹੈ) ਦੁਕਾਨ ਵਿੱਚ ਪਏ ਵੱਟਿਆਂ ਨੂੰ ਮੱਥਾ ਟੇਕਿਆ (ਸੱਚ ਵਿੱਚ ਨਾਨਕ ਜੀ ਮੋਦੀ ਸਨ ਜੋ ਕਿ ਸਿਵਲ ਸਪਲਾਈ ਮਹਿਕਮੇ ਦਾ ਮੁਖੀ ਹੁੰਦਾ ਹੈ) ਅਤੇ ਨਾਲ ਹੀ ਸਾਰਾ ਸਾਰਾ ਦਿਨ ਸੇਵਾ ਕੀਤੀ। ਅੱਜ ਵੀ ਇਸੇ ਤਰ੍ਹਾਂ ਹੀ ਹੋਈ ਜਾ ਰਿਹਾ ਹੈ ਕੋਈ ਕਰਤਾਰ ਪੁਰ ਬਣਾਈ ਹੋਈ ਛੱਪੜੀ ਵਿੱਚ ਨਹ੍ਹਾ ਕੇ ਆਪਣੇ ਆਪ ਨੂੰ ਭਾਗਾਂਵਾਲਾ ਸਮਝ ਰਿਹਾ ਹੈ ਅਤੇ ਕੋਈ ਹਜ਼ੂਰ ਸਾਹਿਬ ਇਸ਼ਨਾਨ ਕਰਨ ਵਾਸਤੇ ਚੱਲਿਆ ਹੋਇਆ ਹੈ। ਕੋਈ ਹੇਮ-ਕੁੰਟ ਪਰਬਤ ਦੀ ਯਾਤਰਾ ਕਰ ਰਿਹਾ ਹੈ ਤੇ ਕੋਈ ਅੰਮ੍ਰਿਤਸਰ ਸਰੋਵਰ ਵਿੱਚ ਹੀ ਤਾਰੀਆਂ ਲਾ ਰਿਹਾ ਹੈ। ਹਰ ਤੀਰਥ ਅਸਥਾਨ ਤੇ ਜਾਣ ਵਾਲੇ ਸ਼ਰਧਾਲੂ ਦੀ ਅਰਦਾਸ ਜਾਂ ਅਖੰਡ ਪਾਠ ਕਰਵਾਉਣ ਵਾਸਤੇ ਹਰ ਅਸਥਾਨ ਦਾ ਪੁਜ਼ਾਰੀ ਪਹਿਲਾਂ ਹੀ ਤਾੜ ਲਾਈ ਬੈਠਾ ਹੈ ਅਤੇ ਅਸੀਂ ਅੰਨ੍ਹੀ ਸ਼ਰਧਾ ਵੱਸ ਇਹ ਸਾਰਾ ਕੁਝ ਕਰਵਾਈ ਜਾ ਰਹੇ ਹਾਂ ਅਤੇ ਮਾਇਆ ਨੂੰ ਬਿਨ੍ਹਾਂ ਕਿਸੇ ਚੰਗੇ ਪਾਸੇ ਲਾਏ ਖਰਾਬ ਕਰੀ ਜਾ ਰਹੇ ਹਾਂ। ਕਿਸੇ ਵੀ ਪਿੰਡ ਜਾਂ ਸ਼ਹਿਰ ਦੇ ਬਾਹਰ ਖੜ੍ਹ ਕੇ ਨਰੀਖਣ ਕਰ ਲਵੋ ਤੁਹਾਨੂੰ ਹਰ ਰੋਜ਼ ਕਈ ਟਰਾਲੀਆਂ, ਟਰੱਕ, ਬੱਸਾਂ, ਕਾਰਾਂ, ਸਕੂਟਰ ਅਤੇ ਸਾਈਕਲਾਂ ਤੇ ਚੜ੍ਹ ਤੀਰਥਾਂ ਦੇ ਇਸ਼ਨਾਨ ਕਰਨ ਵਾਲੇ ਕਈ ਯਾਤਰੂ ਮਿਲ ਜਾਣਗੇ। ਕਿਸੇ ਨੇ ਪੰਜ ਤੇ ਕਿਸੇ ਨੇ ਦਸ ਮੱਸਿਆ ਨਹਾਉਣੀਆਂ ਸੁੱਖੀਆਂ ਹੋਈਆਂ ਹਨ। ਮੰਨਿਆਂ ਪਿੰਡਾਂ ਵਿੱਚ ਅਜੇ ਅਗਿਆਨਤਾ ਹੈ ਪਰ ਸਾਨੂੰ ਬਾਹਰੋਂ ਜਾਣ ਵਾਲਿਆਂ ਨੂੰ ਕੀ ਬਿਬਤਾ ਪਈ ਹੋਈ ਹੈ ਕਿ ਤੰਗ ਹੋ-ਹੋ ਕੇ ਪੈਸਾ ਬਰਬਾਦ ਕਰੀ ਜਾ ਰਹੇ ਹਾਂ। ਅਗੋਂ ਤੀਰਥਾਂ ਉਪਰ ਬੈਠੇ ਗੋਗੜਧਾਰੀ ਪੁਜਾਰੀ ਵੀ ਸਾਡੀਆਂ ਅਰਦਾਸਾਂ ਕਰ ਕਰਵਾ ਕੇ ਜੇਬਾਂ ਖਾਲੀ ਕਰਵਾ ਰਹੇ ਹਨ। ਹਰ ਅਸਥਾਨ ਤੇ ਚਾਹੇ ਉਹ ਕੋਈ ਇਤਿਹਾਸਕ ਹੈ ਜਾਂ ਕਿਸੇ ਦਾ ਨਿੱਜੀ ਡੇਰਾ ਹੈ ਕਈ-ਕਈ ਗੋਲਕਾਂ ਰੱਖ ਦਿੱਤੀਆਂ ਗਈਆਂ ਹਨ ਕਿਤੇ ਸਰੋਵਰ ਦੀ ਸੇਵਾ ਦੇ ਨਾ ਦੀ ਗੋਲਕ, ਕਿਤੇ ਬਿਲਡਿੰਗ ਦੀ ਸੇਵਾ ਵਾਸਤੇ ਗੋਲਕ, ਕਿਤੇ ਲੰਗਰਾਂ ਦੀ ਸੇਵਾ ਵਾਲੀ ਗੋਲਕ ਤਾਂ ਜੋ ਅਸੀਂ ਹਰ ਗੋਲਕ ਵਿੱਚ ਦਾਨ ਪੁੰਨ ਦੇ ਨਾਮ ਹੇਠਾਂ ਮਾਇਆ ਪਾਈ ਜਾਈਏ ਤੇ ਆਪਣੀ ਲੁੱਟ ਕਰਵਾਈ ਜਾਈਏ। ਇਹ ਹੈ ਉਥੋਂ ਦੇ ਪੁਜਾਰੀ ਦੀ ਉਮਰ ਭਰ ਦੀ ਪੱਕੀ ਪੈਨਸ਼ਨ ਦਾ ਪ੍ਰਬੰਧ, ਕਿਉਂ ਕਿ ਸਾਨੂੰ ਹੋਸ਼ ਨਹੀਂ ਹੈ। ਗੁਰੂ ਜੀ ਇਸ ਤਰ੍ਹਾਂ ਦੇ ਚਿੱਟੇ ਕਪੜੇ ਪਾਈ ਤੀਰਥ ਅਸਥਾਨਾਂ ਤੇ ਬੈਠੇ ਪੁਜਾਰੀਆਂ ਬਾਰੇ ਸਾਨੂੰ ਵਾਰ-ਵਾਰ ਦਰਸਾ ਰਹੇ ਹਨ ਕਿ ਹੇ ਭਾਈ ਇਨ੍ਹਾਂ ਤੋਂ ਆਪਣੇ ਆਪ ਦਾ ਬਚਾਅ ਕਰ ਲਇਉ ਇਨ੍ਹਾਂ ਨੇ ਪਹਿਲਾਂ ਹੀ ਕਈਆਂ ਨੂੰ ਲੁੱਟ ਕੇ ਖਾਧਾ ਹੈ:-੧/੭੨੯:**-ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ॥੩॥** ਜਿਸ ਤਰ੍ਹਾਂ ਸਰਦਾਰ ਸੁਖਵਿੰਦਰ ਸਿੰਘ ਸਭਰਾ ਨੇ ਆਪਣੀਆਂ ਕਿਤਾਬਾਂ 'ਸੰਤਾਂ ਦੇ ਕੌਤਕ' ਵਿੱਚ ਬਿਆਨ ਕੀਤਾ ਹੈ ਕਿ ਪੰਜਾਬ ਦੇ '੧੨੭੯੩' ਪਿੰਡਾਂ ਵਿੱਚ ਲੱਗਭਗ '੧੫੦੦੦' ਸਾਧਾਂ ਦੇ ਡੇਰੇ ਬਣੇ ਹੋਏ ਹਨ ਤਾਂ ਇਸ ਵੇਲੇ ਬਹੁਤ ਸਾਰੇ ਡੇਰਿਆਂ ਨਾਲ ਸਰੋਵਰ ਵੀ ਬਣ ਗਏ ਹਨ। ਜਿਨ੍ਹਾਂ ਵਿੱਚ ਇਸ਼ਨਾਨ ਕਰਨ ਨੂੰ ਮਹਾਨਤਾ ਵੀ ਦਿੱਤੀ ਜਾ ਰਹੀ ਹੈ ਸੋ ਜਿਹੜਾ ਕੋਈ ਗਰੀਬ ਆਪਣੀ ਲੁੱਟ ਵੱਡੇ ਕਿਸੇ ਤੀਰਥ ਅਸਥਾਨ ਤੇ ਜਾ ਕੇ ਨਹੀਂ ਕਰਵਾ ਸਕਦਾ ਉਨ੍ਹਾਂ ਵਾਸਤੇ ਇਨ੍ਹਾਂ ਲੋਟੂਆਂ ਨੇ ਪਿੰਡਾਂ ਵਿੱਚ ਹੀ ਲੁੱਟਣ ਦਾ ਪ੍ਰਬੰਧ ਕਰ ਲਿਆ ਹੈ। ਅੱਜ ਅਸੀਂ ਉਨ੍ਹਾਂ ਦੇਸ਼ਾਂ ਵਿੱਚ ਬੈਠੇ ਹਾਂ ਜਿਹੜੇ ਲੋਕ ਸਪੇਸ (ÈpAce) ਦੀ ਖੋਜ ਵੀ ਸਹਿਜੇ ਹੀ ਕਰ ਰਹੇ ਹਨ ਪਰ ਅਫਸੋਸ ਅਤੇ ਹੈਰਾਨਗੀ ਦੀ ਗੱਲ ਹੈ ਕਿ ਅਸੀਂ ਇੰਡੀਆ ਤੋਂ ਆਉਂਦਿਆਂ ਹੋਇਆਂ ਸਾਧਾਂ, ਸੰਤਾਂ, ਬ੍ਰਹਮਗਿਆਨੀਆਂ ਦੇ ਨਾਲ-ਨਾਲ ਸਰੋਵਰਾਂ ਨੂੰ ਵੀ ਚੁੱਕ ਲਿਆਂਦਾ ਹੈ। ਆਪ ਜੀ ਨੂੰ ਇਹ ਸੁਣ ਕੇ ਸ਼ਾਇਦ ਹੈਰਾਨਗੀ ਜ਼ਰੂਰ ਹੋਵੇਗੀ ਕਿ ਕਿਥੇ ਹੈ ਬਾਹਰਲੇ ਦੇਸ਼ ਵਿੱਚ ਸਰੋਵਰ? ਤਾਂ ਕੋਈ ਵੀ ਆਪਣੀ ਤਸੱਲੀ ਕਰ ਸਕਦਾ ਹੈ ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦੇ ਲਾਗੇ ਦੀ ਲੰਘਣ ਵਾਲਾ ਹਾਈਵੇਜ਼ '੯੯' ਦੇ ਨਜ਼ਦੀਕ ਇਕ ਗੁਰਦੁਆਰਾ ਹੈ ਜਿਥੇ ਸਰੋਵਰ ਬਣਿਆ ਹੋਇਆ ਹੈ ਅਤੇ ਸਾਡੇ ਬਹਤੁ ਸਾਰੇ ਭੁੱਲੜ ਵੀਰ ਉਥੇ ਪਹਿਲਾਂ ਇਸ਼ਨਾਨ ਕਰਦੇ ਹਨ ਅਤੇ ਫਿਰ ਗੁਰਦੁਆਰੇ ਮੱਥਾ ਟੇਕਣ ਜਾਂਦੇ ਹਨ। ਉਥੇ ਇਸ਼ਨਾਨ ਕਰਕੇ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਭਰਮ ਵੀ ਪਾਲਦੇ ਹਨ ਕਿਉਂ ਕਿ ਆਖਿਆ ਜਾਂਦਾ ਹੈ ਕਿ ਇਸ ਸਰੋਵਰ ਵਿੱਚ ਸੱਚ ਖੰਡ ਤੋਂ ਜਲ ਲਿਆ ਕੇ ਪਾਇਆ ਹੋਇਆ ਹੈ। ਦਰ-ਅਸਲ ਗੱਲ ਇਹ ਹੈ ਕਿ ਜਦ ਬੱਚਾ ਅਜੇ ਸਾਲ ਦੋ ਸਾਲ ਦਾ ਹੀ ਹੁੰਦਾ ਹੈ ਤਾਂ ਮਾਂ ਉਸ ਨੂੰ ਛਾਤੀ ਨਾਲ ਲਾ ਹਰ ਮੱਸਿਆ, ਸੰਗਰਾਂਦ, ਪੁੰਨਿਆਂ ਨੂੰ ਤੀਰਥਾਂ ਤੇ ਲੈ ਜਾਂਦੀ ਹੈ ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਹੈ ਉਸ ਨੂੰ ਇਹ ਸਾਰਾ ਕੁੱਝ ਹੁੰਦਾ ਇਕ ਧਰਮ ਦਾ ਹਿੱਸਾ ਹੀ ਲੱਗਣ ਲੱਗ ਪੈਂਦਾ ਹੈ ਅਤੇ ਉਸ ਦੀ ਸੋਚ ਦਾ ਅੰਗ ਬਣ ਜਾਂਦਾ ਹੈ ਉਸ ਦਾ ਜੀਵਨ ਇਸ ਅਨੁਸਾਰ ਢਲ ਜਾਂਦਾ ਹੈ ਅਤੇ ਇਸ ਤਰ੍ਹਾਂ ਦੀ ਸੋਚ ਨੂੰ ਹੋਰ ਪਕਿਆਈ ਦੇਣ ਵਾਸਤੇ ਨਹਿਲੇ ਤੇ ਦਹਿਲਾ ਤੀਰਥ ਅਸਥਾਨਾਂ ਤੇ ਬੈਠੇ ਸਾਧ, ਸੰਤ, ਬ੍ਰਹਮਗਿਆਨੀ ਤੇ ਰੋਟੀਆਂ ਦਾ ਪ੍ਰਬੰਧ ਕਰਨ ਵਾਲੇ ਪੁਜਾਰੀ ਮਾਰ ਦਿੰਦੇ ਹਨ। ਫਿਰ ਤਾਂ ਸਾਰੀ ਉਮਰ ਹੀ ਖੂਹ ਦੇ ਬਲਦ ਵਾਗੂੰ ਹਰ ਮੱਸਿਆ, ਹਰ ਸੰਗਰਾਂਦ, ਹਰ ਪੂਰਨਮਾਸ਼ੀ ਤੇ ਤੀਰਥਾਂ ਤੇ ਨਹਾਉਣ ਦੀ ਦੌੜ ਲੱਗੀ ਹੀ ਰਹਿੰਦੀ ਹੈ ਅਤੇ ਆਪਣੀ ਲੁੱਟ ਕਰਵਾਉਂਦਾ ਹੀ ਰਹਿੰਦਾ ਹੈ। ਹਾਂ! ਇੱਕ ਗੱਲ ਪ੍ਰਤੱਖ ਹੈ ਕਿ ਗੁਰੂ ਜੀ ਨੇ ਆਪਣੇ ਜੀਵਨ ਕਾਲ ਸਮੇਂ ਅਗਿਆਨਤਾ ਅਤੇ ਕਰਮ ਕਾਂਡਾਂ ਵਿੱਚ ਫਸੇ ਲੋਕਾਂ ਵਾਸਤੇ ਜਿਥੇ-ਜਿਥੇ ਵੀ ਸੱਚ ਦਾ ਗਿਆਨ ਲੈਣ ਵਾਸਤੇ ਕੇਂਦਰ ਖੋਲ੍ਹੇ ਉਥੇ ਹਰ ਪ੍ਰਾਣੀ ਦੀ ਲੋੜ ਨੂੰ ਮੁੱਖ ਰੱਖਦਿਆਂ ਪਾਣੀ ਦਾ ਵੀ ਪੂਰਾ-ਪੂਰਾ ਪ੍ਰਬੰਧ ਕੀਤਾ ਤਾਂ ਜੋ ਦੂਰੋਂ ਨੇੜਿਉਂ ਆਉਣ ਵਾਲਾ ਹਰ ਮਨੁੱਖ ਆਪਣੀ ਅਤੇ ਘੋੜੇ ਬੈਲ ਦੀ ਲੋੜ ਅਨੁਸਾਰ ਵਰਤੋਂ ਕਰ ਸਕੇ ਅਤੇ ਮਨੁੱਖ ਤਾਜ਼ਾ ਹੋ ਕੇ ਗੁਰੂ ਜੀ ਦੀ ਸਿਖਿਆ ਨੂੰ ਸੁਣ-ਪੜ੍ਹ ਸਕੇ। ਅੱਜ ਨਿਗ੍ਹਾ ਮਾਰਿਆਂ ਹਰ ਤੀਰਥ ਅਸਥਾਨ ਉਪਰ ਬਾਣੀ ਨੂੰ ਸੁਨਣ ਤੇ ਵੀਚਾਰਨ ਦੀ ਥਾਂ ਕੇਵਲ ਉੱਚੀ-ਉੱਚੀ ਪੜ੍ਹਿਆ ਹੀ ਜਾਂਦਾ ਹੈ ਅਤੇ ਅਰਦਾਸਾਂ ਹੀ ਕੀਤੀਆਂ ਜਾਂਦੀਆਂ ਹਨ। ਕੜਾਹ-ਪ੍ਰਸ਼ਾਦ ਦੀਆਂ ਥਾਲੀਆਂ ਅਤੇ ਸਰੋਪੇ ਜ਼ਰੂਰ ਵੇਚੇ ਜਾ ਰਹੇ ਹਨ ਪਰ ਹੋਰ ਕਿਸੇ ਵੀ ਤਰ੍ਹਾਂ ਦੀ ਵਿਦਿਆ ਦਾ ਪ੍ਰਬੰਧ ਨਹੀਂ ਹੈ ਕੇਵਲ ਤਾਂ ਕੇਵਲ ਸਰੋਵਰ ਵਿੱਚ ਚੁੱਭੀਆਂ ਲਾ ਕੇ ਪ੍ਰਸ਼ਾਦ ਦੀ ਥਾਲੀ ਕਰਵਾ ਲੈਣ ਨੂੰ ਹੀ ਸਾਰੀਆਂ ਬਰਕਤਾਂ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਨਾਲ ਹੀ ਆਪਣੀਆਂ ਰੋਟੀਆਂ ਨੂੰ ਪੱਕਦੀਆਂ ਰੱਖਣ ਵਾਸਤੇ ਸਾਧ ਲਾਣੇ ਨੇ ਅਤੇ ਅਨਪੜ੍ਹ ਭਾਈਆਂ ਨੇ ਗੁਰਬਾਣੀ ਵਿੱਚੋਂ ਕੁਝ ਲਾਈਨਾਂ ਨੂੰ ਛਾਂਟ ਕੇ ਅਖਰੀ ਅਰਥ ਕਰ ਕੇ ਇਸ ਤਰ੍ਹਾਂ ਕਰਦੇ ਰਹਿਣ ਵਾਸਤੇ ਸਾਨੂੰ ਉਲਝਾ ਦਿੱਤਾ ਹੈ:- ਜਿਵੇਂ; ੫/੬੨੫:**-ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ** ॥ ਇਨ੍ਹਾਂ ਦੇ ਅਖਰੀ ਅਰਥ ਇਸ ਤਰ੍ਹਾਂ ਕੀਤੇ ਜਾਂਦੇ ਹਨ ਕਿ ਅੰਮ੍ਰਿਤਸਰ ਗੁਰੂ ਰਾਮਦਾਸ ਜੀ ਦੇ ਬਣਾਏ ਹੋਏ ਸਰੋਵਰ

ਵਿੱਚ ਇਸ਼ਨਾਨ ਕਰਨ ਨਾਲ ਸਾਰੇ ਪਾਪ ਮੁੱਕ ਜਾਂਦੇ ਹਨ। ਸਤਿਕਾਰ ਯੋਗ ਪਾਠਕੋ ਮੇਰੇ ਲਿਖੇ ਹੋਏ ਨੂੰ ਭਾਵੇਂ ਸੱਚ ਨਾ ਵੀ ਮੰਨਿਉਂ ਪਰ ਜੇ ਇਸ ਤਰ੍ਹਾਂ ਕਿਸੇ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਸਾਡੇ ਪਾਪਾਂ ਦਾ ਖਾਤਮਾ ਹੁੰਦਾ ਹੋਵੇ ਜਾਣੀਕੇ ਹੇਰਾ ਫੇਰੀ ਵਾਲੀ ਸੋਚ, ਝੂਠ ਫਰੇਬ ਤੇ ਧੋਖੇਵਾਲੀ ਬਿਰਤੀ ਖਤਮ ਹੋ ਜਾਂਦੀ ਹੋਵੇ ਅਤੇ ਇਮਾਨਦਾਰੀ ਤੇ ਪ੍ਰਉਪਕਾਰਾਂ ਵਾਲਾ ਜਜ਼ਬਾ ਬਣਦਾ ਹੋਵੇ ਤਾਂ ਅਜੇ ਕੁਝ-ਕੁ ਸਮੇਂ ਦੀ ਗੱਲ ਹੀ ਹੈ ਸਾਡੀ ਸਰੋਮਣੀ ਕਮੇਟੀ ਦੇ ਪ੍ਰਧਾਨ ਦੀ ਕਾਰ ਹਾਥੀ ਦੇ ਪਾਣੀ ਪੀਣ ਵਾਗੂੰ ਤੇਲ ਡੀਕਾਂ ਲਾ-ਲਾ ਕੇ ਪੀਂਦੀ ਨੂੰ ਅਸੀਂ ਆਮ ਅਖਬਾਰਾਂ ਅਤੇ ਨੈੱਟ ਦੇ ਮਾਧਿਅਮ ਰਾਹੀਂ ਦੇਖ ਪੜ੍ਹ ਚੁੱਕੇ ਹਾਂ। ਉਸ ਉੱਪਰ ਇਥੇ ਹਰ ਰੋਜ਼ ਰਹਿੰਦਿਆਂ ਹੋਇਆਂ ਵੀ ਕੋਈ ਅਸਰ ਕਿਉਂ ਨਹੀਂ ਹੋਇਆ? ਯਕੀਨਨ ਉਹ ਸਰੋਵਰ ਵਿੱਚ ਇਸ਼ਨਾਨ ਵੀ ਕਰਦੇ ਹੀ ਹੋਣਗੇ। ਉਸ ਦਾ ਇਹ ਸੁਭਾਅ (ਸੋਚ) ਜੀਵਨ ਚਾਲ ਤਾਂ ਬਦਲ ਜਾਣੀ ਚਾਹੀਦੀ ਸੀ। ਅਸਲ ਵਿੱਚ ਗੁਰੂ ਜੀ ਦਾ ਉਪਦੇਸ਼ 'ਸਿੱਖਿਆ, ਗਿਆਨ' ਹੀ ਹੈ ਜੋ ਰਾਮਦਾਸ ਸਰੋਵਰ ਵਿੱਚ ਇਸ਼ਨਾਨ ਕਰਨਾ ਹੈ। (ਗਿਆਨਵਾਨਾਂ ਦੀ ਸੰਗਤ ਰੂਪੀ ਸਰੋਵਰ ਵਿੱਚ ਬੈਠ ਕੇ ਸੋਚ ਦਾ ਇਸ਼ਨਾਨ ਕਰਨਾ ਹੈ) ਜਿਸ ਨਾਲ ਸਾਡੀ ਸੋਚ ਬਦਲ ਸਕਦੀ ਹੈ ਅਤੇ ਸੋਚ ਦੇ ਅਧਾਰ ਤੇ ਹੀ ਮਨੁੱਖ ਦਾ ਜੀਵਨ ਹੈ ਜੇ ਮਨੁੱਖ ਗਿਆਨਵਾਨਾਂ ਦੀ ਸੰਗਤ ਵਿੱਚ ਬੈਠ-ਬੈਠ ਕੇ ਆਪਣੇ ਮਨ ਦਾ ਇਸ਼ਨਾਨ ਕਰਦਾ ਰਹੇ ਤਾਂ ਉਸ ਦੀ ਸਾਰੀ ਮਾੜੀ ਸੋਚ, ਹੇਰਾ ਫੇਰੀ ਅਤੇ ਵਿਕਾਰਾਂ ਵਾਲੀ ਬਿਰਤੀ ਖਤਮ ਜ਼ਰੂਰ ਹੋ ਜਾਂਦੀ ਹੈ। ਨਹੀਂ ਤਾਂ ਸਰੋਵਰਾਂ ਵਿੱਚ ਭਾਵੇਂ ਜਿੰਨਾ ਚਿਰ ਮਰਜ਼ੀ ਚੁੱਭੀਆਂ ਲਾਈ ਜਾਈਏ ਇਸ ਤਰ੍ਹਾਂ ਕਰਨ ਨਾਲ ਕਦੇ ਵੀ ਕੁੱਝ ਨਹੀਂ ਬਦਲ ਸਕਦਾ। ਗੁਰੂ ਅਰਜਨ ਸਾਹਿਬ ਜੀ ਸਾਡੀ ਇਸ ਅਗਿਆਨਤਾ ਭਰੀ ਸੋਚ ਨੂੰ ਸਾਡੇ ਸਾਹਮਣੇ ਇਸ ਤਰ੍ਹਾਂ ਬਿਆਨ ਕਰਦੇ ਹਨ ਜਿਵੇ:-

੫/੩੯੧:-**ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥ ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥** ਗੁਰੂ ਜੀ ਇਕ ਉਧਾਰਨ ਸਾਡੇ ਸਾਹਮਣੇ ਰੱਖਦੇ ਹਨ ਕਿ ਜਿਵੇਂ ਕੋਈ ਮੂਰਖ ਮਨੁੱਖ ਖੁੱਡ ਵਿੱਚ ਡੂੰਘੇ ਵੜੇ ਸੱਪ ਨੂੰ ਮਾਰਨ ਵਾਸਤੇ ਬਾਹਰੋਂ ਖੁੱਡ ਨੂੰ ਕੁੱਟਦਾ ਹੋਇਆ ਹੀ ਸੱਪ ਨੂੰ ਮਰਿਆ ਸਮਝ ਰਿਹਾ ਹੋਵੇ ਪਰ ਅਸਲ ਜਾਗਰਤਾ ਵਾਲਾ ਮਨੁੱਖ ਐਸਾ ਕਰਨ ਵਾਲੇ ਨੂੰ ਆਖ ਦੇਵੇਗਾ ਕਿ ਭਲਿਆ ਲੋਕਾ ਨਿਰਾ ਬਾਹਰੋਂ ਖੁੱਡ ਨੂੰ ਕੁੱਟਨ ਨਾਲ ਕਦੇ ਵੀ ਅੰਦਰ ਬੈਠਾ ਸੱਪ ਨਹੀਂ ਮਰ ਸਕਦਾ ਇਸੇ ਹੀ ਤਰ੍ਹਾਂ ਅਸੀਂ ਵੀ ਬਾਹਰੋਂ ਤੀਰਥਾਂ ਉਪਰ ਵਾਰ-ਵਾਰ ਇਸ਼ਨਾਨ ਕਰ ਲੈਣ ਨਾਲ ਹੀ ਮਨ ਸੱਪ (ਭਾਵ ਮਾੜੀ ਤੇ ਸੋੜੀ ਸੋਚ) ਨੂੰ ਮਾਰ ਕੇ ਆਪਣੇ ਆਪ ਨੂੰ ਧਰਮੀ ਸਮਝੀ ਬੈਠੇ ਹਾਂ। ਪਰ ਸਾਡਾ ਜੀਵਨ ਕਦੇ ਵੀ ਨਹੀਂ ਬਦਲਿਆ, ਸੋਚ ਦੀ ਇਕਸਾਰਤਾ ਹਾਸਲ ਨਹੀਂ ਹੋਈ। ਕਿਉਂਕਿ ਅਸੀਂ ਗੁਰੂ ਜੀ ਦੀ ਸਿੱਖਿਆ ਹਾਸਲ ਨਹੀਂ ਕੀਤੀ, ਗਿਆਨ ਨੂੰ ਜੀਵਨ ਦਾ ਅਧਾਰ ਨਹੀਂ ਬਣਾਇਆ। ਗੁਰੂ ਜੀ ਆਖਦੇ ਹਨ:-

੫/੨੬੫:-**ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥** ਮਨੁੱਖ ਅਗਿਆਨਤਾ ਦੇ ਅਧੀਨ ਲਗਾਤਾਰ ਵਾਰ-ਵਾਰ ਤੀਰਥਾਂ ਤੇ ਜਾ ਸਰੀਰ ਨੂੰ ਧੋ ਰਹੇ ਹਨ ਅਤੇ ਆਪਣੇ ਆਪ ਨੂੰ ਪਵਿੱਤਰ ਹੋਏ ਵੀ ਸਮਝੀ ਬੈਠੇ ਹਨ। ਗੁਰੂ ਜੀ ਆਖਦੇ ਹਨ ਕਿ ਇਸ ਤਰ੍ਹਾਂ ਸਰੀਰ ਨੂੰ ਵਾਰ-ਵਾਰ ਧੋਣ ਨਾਲ ਮਨ ਦੀ ਮੈਲ (ਮਾੜੀ ਸੋਚ) ਕਦੇ ਵੀ ਖਤਮ ਨਹੀਂ ਹੁੰਦੀ, ਮਨੁੱਖ ਕਈ ਤਰੀਕਿਆਂ ਨਾਲ ਆਪਣੇ ਸਰੀਰ ਨੂੰ ਸ਼ੁੱਧ ਕਰਨ ਦੀ ਸਾਧਨਾ ਕਰ ਰਹੇ ਹਨ ਪਰ ਮਨ ਦੀ ਲਾਲਚ ਬਿਰਤੀ, ਹੋਰਨਾਂ ਨੂੰ ਲੁੱਟਨ ਵਾਲੀ ਸੋਚ ਕਦੇ ਵੀ ਨਹੀਂ ਖਤਮ ਹੁੰਦੀ। ਇਸ ਸਰੀਰ ਨੂੰ ਭਾਵੇਂ ਜਿੰਨੀ ਵਾਰੀ ਮਰਜ਼ੀ ਸਾਫ਼ ਕਰ ਲਈਏ ਇਹ ਸਰੀਰ ਤਾਂ ਕੱਚੀ ਕੰਧ ਦੀ ਨਿਆਈਂ ਹੈ ਇਹ ਕਦੇ ਵੀ ਸ਼ੁੱਧ ਨਹੀਂ ਹੋ ਸਕਦਾ। ਗੁਰੂ ਜੀ ਕਿਸੇ ਵੀ ਤਰ੍ਹਾਂ ਸਾਨੂੰ ਤੀਰਥਾਂ ਤੇ ਇਸ਼ਨਾਨ ਕਰਨ ਵਾਸਤੇ ਨਹੀਂ ਆਖਦੇ। :-**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥** ਗੁਰੂ ਨਾਨਕ ਜੀ ਨੇ ਸਪਸ਼ਟ ਤੌਰ ਤੇ ਤੇ ਸਾਨੂੰ ਸਮਝਾ ਦਿੱਤਾ ਹੈ ਕਿ ਮਨ ਦੀ ਮੈਲ 'ਮਾੜੀ ਸੋਚ' ਗੁਰ ਸਿੱਖਿਆ ਰਾਹੀਂ ਉਸ ਕੁਦਰਤ ਦੇ ਨਿਯਮਾਂ ਦਾ ਗਿਆਨ ਹਾਸਲ ਕੀਤਿਆਂ ਹੀ ਸਾਫ਼ ਹੋ ਸਕਦੀ ਹੈ। ਕਬੀਰ ਜੀ ਵੀ ਆਪਣੀ ਬਾਣੀ ਵਿੱਚ ਕੁਝ ਇਸ ਤਰ੍ਹਾਂ ਦਾ ਹੀ ਉਪਦੇਸ਼ ਸਾਨੂੰ ਬਖਸ਼ ਰਹੇ ਹਨ।

**ਕਬੀਰ/੪੮੪ ਆਸਾ ॥**

**ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥**

**ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥**

**ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥**

**ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥ ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥**

**ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥ ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥**

**ਅਰਥ:**-ਕਬੀਰ ਜੀ ਆਖਦੇ ਹਨ ਕਿ ਮਾੜੀ ਸੋਚ (ਮਲੀਨ ਬੁੱਧੀ) ਤੀਰਥਾਂ ਤੇ ਇਸ਼ਨਾਨ ਕਰਨ ਨਾਲ ਸ਼ੁੱਧ ਤੇ ਪਵਿੱਤਰ ਨਹੀਂ ਹੋ ਸਕਦੀ। ਇਸ ਤਰਾਂ ਕਰੀ ਜਾਣ ਨਾਲ ਕੋਈ ਸਵਰਗ ਨਹੀਂ ਮਿਲ ਜਾਂਦਾ।(ਭਾਵ ਅੰਦਰੂਨੀ ਸ਼ਾਤੀ, ਟਿਕਾਉ ਤਾਂ ਗੁਰ ਗਿਆਨ, ਅਟੱਲ ਕੁਦਰਤ ਦੇ ਗੁਣਾਂ ਨੂੰ ਹਾਸਲ ਕਰਨ ਨਾਲ ਹੀ ਬਣ ਸਕਦਾ ਹੈ)। ਕਬੀਰ ਜੀ ਆਖਦੇ ਹਨ ਕਿ ਤੀਰਥਾਂ ਤੇ ਨਹਾਉਣ ਨਾਲ ਜੇ ਲੋਕੀ ਵਾਹ ਵਾਹ (ਭਲਾ ਭਲਾ) ਵੀ ਆਖਣ ਲੱਗ ਪੈਣ ਤਾਂ ਪ੍ਰਭੂ ਜੀ (ਰੱਬ ਜੀ) ਕੋਈ ਅਣਜਾਣ ਨਹੀਂ ਹਨ। ਕਿਉਂਕਿ ਉਹ ਪ੍ਰਭੂ ਸਭਨਾ ਦੇ ਅੰਦਰ ਦੀ ਜਾਨਣ ਵਾਲੇ ਹਨ। ਭਾਵ ਹੈ ਕਿ ਨਿਰੋਲ ਸੱਚ ਦਾ ਗਿਆਨ ਤੀਰਥਾਂ ਤੇ ਨਹਾਉਣ ਨਾਲ ਕਦੇ ਵੀ ਪ੍ਰਾਪਤ ਨਹੀਂ ਹੋ ਸਕਦਾ।੧।

ਕਬੀਰ ਜੀ ਆਖਦੇ ਹਨ ਕਿ ਇਹ ਬਾਹਰ ਦੇ ਕਰਮ ਕਾਂਡਾਂ ਨੂੰ ਛੱਡ ਕੇ ਕੇਵਲ ਪ੍ਰਭੂ ਜੀ ਦੇ ਗੁਣਾਂ ਨੂੰ ਗੁਰ ਗਿਆਨ ਰਾਹੀਂ ਹਾਸਲ ਕਰਨਾ ਚਾਹੀਦਾ ਹੈ। (ਭਾਵ ਸੱਚ ਦੇ ਮਾਰਗ ਦੇ ਪਾਂਧੀ ਬਨਣਾ ਚਾਹੀਦਾ ਹੈ)। ਅਸਲ ਵਿੱਚ ਤਾਂ ਗੁਰੂ ਦੀ ਸਿੱਖਿਆ ਰਾਹੀਂ ਪ੍ਰਭੂ ਜੀ ਦੇ ਗੁਣਾਂ ਨੂੰ, ਸੱਚ ਦੇ ਮਾਰਗ ਨੂੰ, ਸਿਧਾਂਤ ਨੂੰ ਗ੍ਰਹਿਣ ਕਰਨਾ ਹੀ ਸੱਚਾ ਇਸ਼ਨਾਨ ਕਰਨਾ ਹੈ।(ਗੁਰ ਸਿਖਿਆ, ਗਿਆਨ, ਵਿਧੀ, ਸਿਧਾਂਤ ਦੁਆਰਾ ਹੀ ਮਾੜੀ ਸੋਚ ਬਦਲ ਸਕਦੀ ਹੈ)। ਰਹਾਉ।

ਭਗਤ ਜੀ ਇੱਕ ਉਧਾਰਨ ਵਰਤਦੇ ਹੋਏ ਸਾਨੂੰ ਸਮਝਾ ਰਹੇ ਹਨ ਕਿ ਹੇ ਤੀਰਥਾਂ ਤੇ ਇਸ਼ਨਾਨ ਕਰਨ ਵਾਲਿਆ! ਜੇ ਕੇਵਲ ਨਹਾਉਣ ਨਾਲ ਹੀ ਆਤਮਾ ਦੀ ਸ਼ੁੱਧੀ ਹੋ ਕੇ ਮੁਕਤੀ ਹੁੰਦੀ ਹੈ ਤਾਂ ਡੱਡੂ ਤਾਂ ਸਦਾ ਹੀ ਪਾਣੀ ਵਿੱਚ ਹੀ ਰਹਿੰਦੇ ਹਨ ਅਜ ਤੱਕ ਉਨਾਂ ਸਾਰਿਆਂ ਨੂੰ ਮੁਕਤ ਹੋ ਜਾਣਾ ਚਾਹੀਦਾ ਸੀ। (ਭਾਵ ਹੈ ਕਿ ਆਤਮਿਕ ਉਚਾਈ, ਉਚੀ ਸੁੱਚੀ ਸੋਚ ਤਾਂ ਗੁਰ ਗਿਆਨ ਰਾਹੀਂ ਪ੍ਰਭੂ ਜੀ ਵਾਲੇ ਗੁਣਾਂ ਨੂੰ ਹਾਸਲ ਕਰਨ ਨਾਲ ਹੀ ਹੋ ਸਕਦੀ ਹੈ ਹੋਰ ਕਿਸੇ ਤਰ੍ਹਾਂ ਨਹੀਂ)। ਕਬੀਰ ਜੀ ਆਖਦੇ ਹਨ ਕਿ ਜਿਸ ਤਰਾਂ ਡੱਡੂ ਪਾਣੀ ਵਿੱਚ ਹੀ ਸਦਾ ਰਹਿ ਕੇ ਖੁਸ਼ ਹੈ ਇਸੇ ਤਰਾਂ ਅਗਿਆਨਤਾ ਅਧੀਨ ਤੀਰਥ ਇਸ਼ਨਾਨੀ ਵੀ ਆਪਣੀ ਸੋਚ ਦੀ ਸੀਮਾਂ ਅੰਦਰ ਹੀ ਕਰਮਕਾਂਡ ਕਰੀ ਜਾ ਰਿਹਾ ਹੈ। ਸੋਚ ਕਦੇ ਵੀ ਅੰਦਰੂਨੀ ਇਕਸਾਰਤਾ, ਗਿਆਨਵਾਨ, ਖੁਸ਼ੀ ਖੇੜਾ ਨਹੀਂ ਮਾਣਦੀ । (ਇਕਸਾਰਤਾ ਹਾਸਲ ਨਾ ਹੋਣੀ ਹੀ ਜੂਨਾਂ ਵਿੱਚ ਗੇੜੇ ਲਾਉਣਾ ਹੈ)।੨।

ਹਿੰਦੂਆਂ ਦੀ ਮਾਨਤਾ ਹੈ ਕਿ ਜੇ ਬਾਨਾਰਸ ਵਿੱਚ ਕੋਈ ਮਰੇ ਤਾਂ ਸਵਰਗਾਂ ਨੂੰ ਜਾਂਦਾ ਹੈ ਅਤੇ ਜੇ ਹਾੜੰਬੈ ਮਰੈ ਤਾਂ ਨਰਕਾਂ ਦਾ ਭਾਗੀ ਬਣਦਾ ਹੈ। ਕਬੀਰ ਜੀ ਆਖਦੇ ਹਨ ਕਿ ਅੰਦਰੂਨੀ ਮਾੜੀ ਸੋਚ, ਕਰਮਕਾਂਡ ਕਰਨ ਵਾਲਾ ਅਗਿਆਨਤਾ ਭਰੇ ਜੀਵਨ ਵਾਲਾ ਭਲਾ ਬਾਨਾਰਸ ਕਿਉਂ ਨਾ ਮਰੇ ਉਹ ਨਰਕਾਂ ਤੋਂ ਨਹੀਂ ਬਚ ਸਕਦਾ। (ਭਾਵ ਮਰਨ ਨਾਲ ਨਰਕ ਸਵਰਗ ਦਾ ਕੋਈ ਵਾਸਤਾ ਨਹੀਂ ਹੈ)। ਕਬੀਰ ਜੀ ਆਖਦੇ ਹਨ ਕਿ ਜਿਹੜੇ ਪ੍ਰਭੂ ਜੀ ਦੇ ਸੇਵਕ ਹਨ (ਗੁਣਵਾਨ ਅਤੇ ਪ੍ਰਉਪਕਾਰੀ ਹਨ) ਉਹ ਭਾਵੇਂ ਹਾੜੰਬੈ ਜੋ ਹਿੰਦੂਆਂ ਵੱਲੋਂ ਸਰਾਪੀ ਹੋਈ ਜਗ੍ਹਾ ਮੰਨੀ ਹੋਈ ਹੈ ਭਾਵੇਂ ਉਥੇ ਮਰ ਜਾਣ ਉਨਾਂ ਦੇ ਉਪਦੇਸ਼, ਸਿੱਖਿਆ ਰਾਹੀਂ ਹੋਰ ਵੀ ਬਹਤੁ ਸਾਰੇ ਆਪਣਾ ਜੀਵਨ ਉੱਚਾ ਸੁੱਚਾ ਬਣਾ ਸੰਸਾਰ ਸਾਗਰ ਵਿੱਚ ਸਫਲਤਾ ਨਾਲ ਜੀਵਨ ਗੁਜ਼ਾਰ ਜਾਂਦੇ ਹਨ।੩।

ਕਬੀਰ ਜੀ ਆਖਦੇ ਹਨ ਕਿ ਉਹ ਅਕਾਰ ਤੋਂ ਰਹਿਤ ਪ੍ਰਭੂ ਜਿਸ ਨੂੰ ਮਿਲਣ ਵਾਸਤੇ ਲੋਕਾਈ ਤੀਰਥਾਂ ਵੱਲ ਨੂੰ ਤੋੜ ਰਹੀ ਹੈ ਅਤੇ ਬਨਾਰਸ ਵਿੱਚ ਹੀ ਸਮਝੀ ਬੈਠੀ ਹੈ, ਉਹ ਪ੍ਰਭੂ ਤਾਂ ਸਭਨੀ ਥਾਈਂ ਹਰ ਵਿੱਚ ਹੀ ਵਰਤ ਰਿਹਾ ਹੈ। ਕਿਸੇ ਖਾਸ ਥਾਂ ਜਾਂ ਕਿਸੇ ਖਾਸ ਕਰਮ ਕਰਨ ਨਾਲ ਨਹੀਂ ਮਿਲਦਾ। ਕਬੀਰ ਜੀ ਆਖਦੇ ਹਨ ਕਿ ਉਸ ਪ੍ਰਭੂ ਜੀ ਦੇ ਗੁਣਾਂ ਨੂੰ, ਗਿਆਨ ਨੂੰ, ਸਿਧਾਂਤ ਨੂੰ ਹੀ ਜੀਵਨ ਦਾ ਹਿੱਸਾ ਬਨਾਉਣਾ ਚਾਹੀਦਾ ਹੈ ਪਰ ਲੋਕਾਈ ਤਾਂ ਉਸ ਪ੍ਰਭੂ ਜੀ ਦੇ ਗੁਣਾਂ ਨੂੰ ਛੱਡ ਕੇ ਪਾਗਲਾਂ ਦੀ ਤਰਾਂ ਤੀਰਥਾਂ ਤੇ ਇਸ਼ਨਾਨ ਕਰਨ ਵੱਲ ਹੀ ਦੌੜੀ ਹੋਈ ਹੈ।੪।

੧/੨:-**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥** ਗੁਰੂ ਨਾਨਕ ਜੀ ਆਖਦੇ ਹਨ ਕਿ ਤੀਰਥਾਂ ਉਪਰ ਨਹਾਉਣ ਦਾ ਤਾਂ ਹੀ ਲਾਭ ਹੈ ਜੇ ਇਸ ਤਰ੍ਹਾਂ ਕਰਨ ਨਾਲ ਰੱਬ ਜੀ ਦੀ ਪ੍ਰਾਪਤੀ ਹੋ ਜਾਣੀ ਹੈ। ਇਸ ਤਰ੍ਹਾਂ ਕਰਨ ਨਾਲ ਕਦੇ ਵੀ ਕੋਈ ਪ੍ਰਾਪਤੀ ਨਹੀਂ ਹੈ ਐਵੇਂ ਟਾਈਮ ਅਤੇ ਮਾਇਆ ਦੀ ਬਰਬਾਦੀ ਹੀ ਹੈ। ਬਾਹਰੋਂ ਸਰੀਰ ਦਾ ਇਸ਼ਨਾਨ ਤਾਂ ਇਸ ਤਰ੍ਹਾਂ ਹੈ ਜੋ ਅਗੇ ਫੁਰਮਾਉਂਦੇ ਹਨ:-

**ਕਬੀਰ/੩੩੬:- ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥ ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥** ਭਗਤਾਂ ਦੇ ਸਿਰਮੋਲ ਭਗਤ ਕਬੀਰ ਜੀ ਆਖਦੇ ਹਨ ਕਿ ਇਕ ਨਹੀਂ ਭਾਵੇਂ ਅਨੇਕਾਂ ਹੀ ਤੀਰਥਾਂ ਦਾ ਇਸ਼ਨਾਨ ਕਰੀ ਜਾਈਏ ਅਤੇ ਅਨੇਕਾਂ ਹੀ ਥਾਵਾਂ ਤੇ ਮੱਥੇ ਟੇਕੀ ਜਾਈਏ ਇਹ ਸਾਰਾ ਕੁਝ ਕਰਨਾ ਪਾਗਲਪੁਣਾ ਹੀ ਹੈ ਇਸ ਤਰ੍ਹਾਂ ਕਰਨ ਨਾਲ ਵਿਕਾਰੀ ਸੋਚ, ਹੇਰਾ-ਫੇਰੀ ਵਾਲੀ ਬਿਰਤੀ, ਹੰਕਾਰ ਤੇ ਕ੍ਰੋਧ ਤੋਂ ਮਨੁੱਖ ਦਾ ਕਦੇ ਵੀ ਛੁਟਕਾਰਾ ਨਹੀਂ ਹੋ ਸਕਦਾ। ਹਾਂ! ਜੇ ਗੁਰ ਸਿੱਖਿਆ ਰਾਹੀਂ ਉਸ ਅਟੱਲ ਪ੍ਰਭੂ ਜੀ ਨੂੰ ਸੇਵਿਆ ਜਾਵੇ (ਭਾਵ ਉਸ ਦੇ ਗੁਣਾਂ ਨੂੰ ਹਾਸਲ ਕੀਤਾ ਜਾਵੇ) ਤਾਂ ਮਨੁੱਖ ਦਾ ਜੀਵਨ ਦੌਰਾਨ ਹੀ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਹੋ ਸਕਦਾ ਹੈ।

ਸੋ ਅਸਲ ਵਿੱਚ ਸਾਨੂੰ ਗੁਰੂ ਦੀ ਦੇ ਉਪਦੇਸ਼ ਨੂੰ ਗ੍ਰਹਿਣ ਕਰਦਿਆਂ ਹੋਇਆਂ ਉਸ ਅਟੱਲ ਪ੍ਰਭੂ ਜੀ ਦੇ ਨਿਯਮਾਂ ਅਨੁਸਾਰ ਜੀਵਨ ਗੁਜ਼ਾਰਨਾ ਚਾਹੀਦਾ ਹੈ ਇਹੋ ਹੀ ਅਸਲ ਵਿੱਚ ਤੀਰਥਾਂ ਦਾ ਇਸ਼ਨਾਨ ਹੈ ਜਿਸ ਨਾਲ ਸਾਡੀ ਸੋਚ ਗਿਆਨਵਾਨ ਹੋ ਸਕਦੀ ਹੈ ਅਤੇ ਅਸੀਂ ਨਿਰਵੈਰ ਹੋ ਕਿ ਆਮ ਸਮਾਜ ਦੀ ਭਲਾਈ ਦਾ ਹਰ ਕਾਰਜ ਵਧੀਆ ਤਰੀਕੇ ਨਾਲ ਕਰ ਸਕਦੇ ਹਾਂ ਅਤੇ ਨਾਲ ਹੀ ਆਪਣੀ ਅਤੇ ਆਪਣੀ ਕੌਮ ਦੀ ਚੜ੍ਹਦੀ ਕਲਾ ਵਾਲੇ ਕੰਮਾਂ ਵਾਸਤੇ ਤਿਆਰ-ਬਰ-ਤਿਆਰ ਹੋ ਸਕਦੇ ਹਾਂ। ਆਉ ਵੀਰੋ, ਭੈਣੋਂ ,ਬਜ਼ੁਰਗੋ ਆਪਾਂ ਸਾਰੇ ਰਲ ਮਿਲ ਕੇ ਸਿੰਘ ਸਭਾ ਦੇ ਮੈਂਬਰ ਬਣੀਏ ਅਤੇ ਇਨ੍ਹਾਂ ਤੀਰਥ ਅਸਥਾਨਾਂ ਉਪਰ ਹੋ ਰਹੀ ਆਪਣੀ ਲੁੱਟ ਤੋਂ ਬਚਣ ਵਾਸਤੇ ਆਪ ਜਾਗਰਤ ਹੋਈਏ ਅਤੇ ਹੋਰਨਾਂ ਨੂੰ ਜਾਗਰਤ ਕਰੀਏ। ਜਦ ਅਸੀਂ ਕਿਸੇ ਵੀ ਇਤਿਹਾਸਕ ਅਸਥਾਨ ਤੇ ਜਾਂਦੇ ਹਾਂ ਤਾਂ ਸਾਨੂੰ ਉਥੇ ਜਾਣ ਦਾ ਪਤਾ ਹੋਣਾ ਚਾਹੀਦਾ ਹੈ ਨਾਂ ਕਿ ਅੱਖਾਂ ਮੀਟੀ ਉਥੋਂ ਦੇ ਪੁਜਾਰੀ ਦੇ ਕਹਿਣ ਤੇ ਆਪਣੀ ਲੁੱਟ ਕਰਵਾਉਣੀ ਚਾਹੀਦੀ ਹੈ।

# ਤੀਰਥ ਇਸ਼ਨਾਨ

## ਅਤੇ ਅਜੋਕਾ ਸਿੱਖ






ਮਨਦੀਪ ਸਿੰਘ 'ਵਰਨਨ'
(ਬੀ.ਸੀ.) ਕੈਨੇਡਾ
mandeep6266@gmail.com
Mob. 250-540-6266


ਭਾਰਤ ਦੇਸ਼ ਅੰਦਰ ਸਦੀਆਂ ਤੋਂ ਤੀਰਥਾਂ ਤੇ ਜਾ ਕੇ ਅਤੇ ਇਸ਼ਨਾਨ ਕਰ ਕੇ ਪਾਪ ਧੋਣ ਦਾ ਕਰਮ-ਕਾਂਡ ਧਰਮ ਦੇ ਨਾਂ ਤੇ ਪ੍ਰਚੱਲਤ ਹੈ। ਪੁਜਾਰੀ ਵਰਗ ਨੇ ਇਸ ਪਾਖੰਡ ਵਿੱਚ ਪਾ ਕੇ ਆਮ ਜਨਤਾ ਦਾ ਖੂਬ ਸ਼ੋਸ਼ਣ ਕੀਤਾ। ਗੁਰੂ ਨਾਨਕ ਸਹਿਬ ਨੇ ਜਿੱਥੇ ਹੋਰ ਕਰਮ ਕਾਂਡਾਂ ਨੂੰ ਚੁਨੌਤੀ ਦਿੱਤੀ ਉਥੇ ਇਸ ਮਹਾਂ ਪਾਖੰਡ ਦੇ ਵੀ ਬਖੀਏ ਉਧੇੜ ਦਿੱਤੇ।

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ (ਗੁਰੂ ਨਾਨਕ ਸਾਹਿਬ ਜੀ)

ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥ ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥ (ਗੁਰੂ ਅਮਰਦਾਸ ਸਾਹਿਬ ਜੀ )

ਉਪਰੋਕਤ ਪੰਕਤੀਆਂ ਗੁਰੂ ਅਮਰਦਾਸ ਸਾਹਿਬ ਦਾ ਉਪਦੇਸ਼ ਹੈ, ਇਕੱਲੇ ਸਿੱਖਾਂ ਲਈ ਹੀ ਨਹੀਂ ਹਰ ਮਨੁੱਖ ਲਈ ਹੈ ਤਾਂ ਕਿ ਉਹ ਭਲੀ, ਜੀਵਨ-ਮੁਕਤ, ਵਹਿਮਾਂ -ਭਰਮਾਂ ਤੋਂ ਰਹਿਤ ਜ਼ਿੰਦਗੀ ਦਾ ਆਨੰਦ ਮਾਣ ਸਕੇ । ਇਕੱਲੇ ਇਹ ਉਪਦੇਸ਼ ਹੀ ਨਹੀਂ ਅਨੇਕਾਂ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਪਾਪ ਉਤਾਰਨ ਲਈ ਤੀਰਥ ਨਹਾਉਣ ਦਾ ਖੰਡਨ ਕੀਤਾ ਗਿਆ ਹੈ। ਪਰ ਮੁਸ਼ਕਿਲ ਨਾਲ ਕੁਝ ਕੁ ਫੀਸਦੀ ਸਿੱਖ ਅਖਵਾਉਣ ਵਾਲੇ ਇਸ ਉਪਦੇਸ਼ ਨੂੰ ਸਮਝ ਸਕੇ ਹਨ। ਕਈ ਸਮਝਣ ਦੇ ਬਾਵਜੂਦ ਵੀ ਲਾਟਰੀ ਨਿਕਲਣ ਵਾਂਗ ਛੇਤੀ-ਛੇਤੀ ਪਾਪ ਧੋਣ ਦੀ ਇੱਛਾ ਅਨੁਸਾਰ ਜਾਂ ਕਿਸੇ ਹੋਰ ਕੰਮ ਦੀ ਪੂਰਤੀ ਲਈ ਸਰੋਵਰਾਂ ਵਿੱਚ ਚੁੱਭੀਆਂ ਲਾ ਰਹੇ ਹਨ। ਗੁਰਦੁਵਾਰਿਆਂ ਦੇ ਪ੍ਰਬੰਧ ਤੇ ਕਾਬਜ਼ ਹਾਕਮ ਟੋਲਾ ਪੁਜਾਰੀ ਜਮਾਤ ਪੂਰੇ ਜ਼ੋਰ- ਸ਼ੋਰ ਨਾਲ ਇਸ ਗੁਰਮਤਿ ਵਿਰੋਧੀ ਵਰਤਾਰੇ ਦੇ ਪ੍ਰਚਾਰਕ ਹਨ।

ਸਾਡੇ ਕੇਂਦਰੀ ਅਸਥਾਨ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਸਭ ਤੋਂ ਵੱਧ ਇਹ ਵਹਿਮ ਵਾੜ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇੱਕ ਵਪਾਰਿਕ ਕੇਂਦਰ ਵਾਂਗ ਇਸ ਅਸਥਾਨ ਦੀ ਵਰਤੋਂ ਹੋ ਰਹੀ ਹੈ।

ਗੁਰਬਾਣੀ ਦੇ ਵਾਕ ਹਨ :-

ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥ ਜੀਉ ਪ੍ਰਾਨ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥ ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥ (ਗੁਰੂ ਅਰਜਨ ਸਾਹਿਬ)

ਇਹਨਾਂ ਪੰਕਤੀਆਂ ਵਿੱਚ ਗੁਰੂ ਸਾਹਿਬ ਗੁਰੂ (ਸਾਧ ਗਿਆਨ) ਦੀ ਸੰਗਤ ਨੂੰ ਹੀ ਤੀਰਥ ਕਹਿ ਰਹੇ ਹਨ। ਸਾਡੇ ਕੇਂਦਰੀ ਅਸਥਾਨ ਤੇ ਇਸ ਗੁਰਵਾਕ ਦੇ ਬਿਲਕੁਲ ਉਲਟ ਹੋ ਰਿਹਾ ਹੈ। ਗੁਰੂ ਦੀ ਸੰਗਤਿ ਕਰਨ ਦੀ ਬਜਾਏ ਅਨੇਕਾਂ ਤੋਤਾ -ਰਟਨ ਅਖੰਡ ਪਾਠ ਕਰ ਕੇ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਮਖੌਲ ਉਡਾਇਆਂ ਜਾ ਰਿਹਾ ਹੈ। ਉਸਦੇ ਉਲਟ ਜੋ ਸਰੋਵਰ ਪਾਣੀ ਦੀ ਲੋੜ ਲਈ ਬਣਾਏ ਗਏ ਸਨ ਉਨ੍ਹਾਂ ਵਿੱਚ ਪਾਪ ਉਤਾਰਨ ਹਿੱਤ, ਕੰਮ ਸੰਵਾਰਨ ਹਿੱਤ, ਇੱਛਾ ਪੂਰਨ ਹਿੱਤ ਇਸ਼ਨਾਨ ਕੀਤੇ ਤੇ ਕਰਵਾਏ ਜਾ ਰਹੇ ਹਨ। ਹੋਰ ਤੇ ਹੋਰ ਹਾਸੋਹੀਣੀ ਹਾਲਤ ਇਥੋਂ ਤੱਕ ਹੈ ਕਿ ਉਸੇ ਸਰੋਵਰ ਦੇ ਇੱਕ ਕੋਨੇ ਵਿੱਚ ਬੇਰੀ (ਅਖੌਤੀ ਦੁਖ ਭੰਜਨੀ) ਥੱਲੇ ਖਾਸ ਇਸ਼ਨਾਨ ਹੋ ਰਿਹਾ ਹੈ । ਇੱਕੋ ਪਾਣੀ ਵਿੱਚ ਇੱਕ ਪਾਸਾ ਖਾਸ ਜ਼ਿਆਦਾ ਪਵਿੱਤਰ ਹੈ, ਕਰਮ-ਕਾਂਡਾਂ ਦੀ ਹੱਦ ਹੋ ਚੁੱਕੀ ਹੈ। ਗੁਰਦੁਵਾਰਾ ਛੇਹਰਟਾ ਜੋ ਕਿ ਗੁਰੂ ਸਾਹਿਬ ਨੇ ਉਸ ਇਲਾਕੇ ਵਿੱਚ ਪਾਣੀ ਦੀ ਕਿੱਲਤ ਪੂਰੀ ਕਰਨ ਲਈ ਛੇ-ਹਰਟ ਲਗਵਾਏ ਸਨ । ਹੁਣ ਇਹ ਸਰੋਵਰ ਦਾ ਰੂਪ ਧਾਰ ਕੇ ਤੇ ਖਾਜ-ਚੰਬਲ ਲਈ ਇਸ਼ਾਨਨ ਕਰਨ ਵਾਲਾ ਖਾਸ ਗੁਰਦਵਾਰਾ ਬਣ ਗਿਆ ਹੈ ਤੇ ਪੁਜਾਰੀ ਤੇ ਹਾਕਮ ਰਲ ਕੇ ਆਪਣਾ ਢਿੱਡ ਭਰ ਰਹੇ ਹਨ ਤੇ ਦੇਸ਼ ਵਿੱਚ ਅਨੇਕਾਂ ਹੀ ਕੋਹੜੀ ਫਿਰਦੇ ਹਨ ਪਰ ਉਹ ਛੇਹਰਟੇ ਦੇ ਪਾਣੀ ਨਾਲ ਤੰਦਰੁਸਤ ਨਹੀਂ ਹੋ ਰਹੇ। ਲਗਭਗ ਹਰ ਗੁਰਦੁਵਾਰਾ ਕਿਸੇ ਨਾ ਕਿਸੇ ਤਰੀਕੇ ਬਿਪਰੀ ਵਿਚਾਰਧਾਰਾ ਦੇ ਤੀਰਥ ਦੀ ਸ਼ਕਲ ਅਖਤਿਆਰ ਕਰ ਚੁੱਕਾ ਹੈ। ਗੁਰੂ ਸ਼ਬਦ ਦਾ ਤੀਰਥ, ਮੱਸਿਆ ਅਤੇ ਪੁੰਨਿਆ ਦੇ ਕੁੰਭ ਇਸ਼ਨਾਨਾਂ ਵਿੱਚ ਗੁਆਚ ਗਿਆ ਹੈ ਜਾਂ ਸਿਰਫ ਇਕੋਤਰੀਆਂ ਦੀ ਭੇਟ ਚੜ੍ਹ ਚੁੱਕਾ ਹੈ। ਤਰਨ-ਤਾਰਨ ਦਾ ਕੇਂਦਰ ਜੋ ਕਿਸੇ ਵੇਲੇ ਸਿੱਖੀ ਦਾ ਜ਼ਬਰਦਸਤ ਪ੍ਰਚਾਰ ਕੇਂਦਰ ਸੀ ਤੇ ਜਿੱਥੇ ਗੁਰੂ ਅਰਜਨ ਸਾਹਿਬ ਜੀ ਨੇ ਸਭ ਤੋਂ ਪਹਿਲਾ ਕੋੜ੍ਹੀ ਘਰ ਬਣਵਾਇਆਂ ਸੀ। ਤਰਨ-ਤਾਰਨ ਦਾ ਸਰੋਵਰ ਵੀ ਅੱਜ ਪੁਜਾਰੀ ਜੀ ਨੇ ਬਿਮਾਰੀ ਹਟਾਉਣ ਦਾ ਤੀਰਥ ਬਣਾ ਲਿਆ ਹੈ। ਗੁਰੂ ਜੀ ਨੇ ਤਾਂ ਇਲਾਜ ਹਿੱਤ ਕੋੜ੍ਹੀ ਘਰ ਬਣਾਏ ਪਰ ਸ਼ਾਤਰ ਪ੍ਰਬੰਧਕ ਬਨਾਮ ਹਾਕਮ ਸ਼੍ਰੇਣੀ ਤੇ ਭੁੱਖੀ ਪ੍ਰਚਾਰਕ ਸ਼੍ਰੇਣੀ ਨੇ ਗੁਰੂ ਸਾਹਿਬ ਦੇ ਉਲਟ ਜਾ ਸਰੋਵਰ ਹੀ ਚਮਤਕਾਰੀ ਦਵਾਖਾਨੇ ਬਣਾ ਛੱਡੇ। ਇਸ ਇਲਾਕੇ ਵਿੱਚ ਉਨ੍ਹਾਂ ਕਿਸੇ ਗੁਰਪੁਰਬ ਦਾ ਪਤਾ ਨਹੀਂ ਲੱਗਦਾ ਜਿਨ੍ਹਾਂ ਤਰਨ-ਤਾਰਨ ਮੱਸਿਆ ਦਾ ਮੇਲਾ ਲੱਗਦਾ ਹੈ ਤੇ ਦੂਰੋਂ-ਦੂਰੋਂ ਗੁਰੂ ਕੇ ਸਿੱਖ ਪਾਣੀ ਵਿੱਚ ਤਾਰੀ ਲਾ ਕੇ ਆਪਣੇ ਪਾਪ ਉਤਾਰਦੇ ਹਨ ਤੇ ਬਿਮਾਰੀਆਂ ਠੀਕ ਕਰਨ ਦਾ ਭਰਮ ਪਾਲਦੇ ਹਨ। ਆਪਣੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਦੀ ਘੋਰ ਨਿਰਾਦਰੀ ਹੀ ਨਹੀਂ ਬਲਕਿ ਗੁਰੂ ਕੀ ਬਾਣੀ ਨੂੰ ਗਲਤ ਸਾਬਿਤ ਕਰਨ ਦੇ ਬਿਪਰੀ ਜਾਲ ਵਿੱਚ ਫਸਦੇ ਚਲੇ ਜਾ ਰਹੇ ਹਾਂ। 1996-97 ਵਿੱਚ ਗੁਰਦੁਵਾਰਾ ਮੰਜੀ ਸਾਹਿਬ, ਆਲਮਗੀਰ (ਲੁਧਿਆਣਾ) ਵਿੱਚ ਇੱਕ ਡਰਾਮਾ ਕੀਤਾ ਗਿਆ ਕਿ ਕਿਸੇ ਸੇਵਾਦਾਰ ਨੂੰ ਸੁਪਨੇ ਵਿੱਚ ਸਰੋਵਰ ਦੇ ਵਿੱਚ ਗੁਰੂ ਸਾਹਿਬ ਦੇ ਲੱਗੇ ਤੀਰ ਅਸਥਾਨ ਦੇ ਦਰਸ਼ਨ ਹੋਏ ਹਨ। ਬੱਸ ਫਿਰ ਕੀ ਸੀ, ਧੜਾਧੜ ਪੁਟਾਈ ਕਰਵਾ ਕੇ ਸਰੋਵਰ ਦੇ ਅੱਧ -ਵਿਚਕਾਰ ਇੱਕ ਖੂਹੀ ਪੁੱਟਕੇ ਤੇ ਸਪੈਸ਼ਲ ਰਸਤਾ ਬਣਾ ਦਿੱਤਾ ਗਿਆ ਤੇ ਅੱਜ ਕੱਲ ਉਸ ਖੂਹੀ ਦੇ ਦਰਸ਼ਨ ਵੀ ਕਰਾਏ ਜਾਂਦੇ ਹਨ ਤੇ ਨਾਲ ਹੀ ਸਿੱਖ ਸੂਰਮੇ ਮੱਥਾ ਟੇਕਦੇ ਹਨ ਤੇ ਗੋਲਕ ਵੀ ਭਰ ਰਹੇ ਹਨ। ਗੁਰੂ ਸ਼ਬਦ ਦਾ ਤੀਰਥ ਸਾਰੇ ਗੁਰਦੁਵਾਰੇ ਵਿੱਚ ਕਿਧਰੇ ਨਜ਼ਰ ਨਹੀਂ ਆ ਰਿਹਾ।

ਗੁਰੂ ਨਾਨਕ ਦੇ ਇਨਕਲਾਬੀ ਬਚਨ ਹਨ :-

ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥

ਤੀਰਥ ਨਾਵਣੁ ਜਾਓ ਤੀਰਥ ਨਾਮ ਹੈ।

ਉਸੇ ਗੁਰੂ ਨਾਨਕ ਦੇ ਨੌਵੇਂ ਰੂਪ ਗੁਰੂ ਤੇਗ ਬਹਾਦਰ ਸਾਹਿਬ ਤੋਂ ਬਿਪਰ ਨੇ ਪੁੱਤਰ ਪ੍ਰਾਪਤੀ ਲਈ ਤੀਰਥ ਇਸ਼ਨਾਨ ਕਰਵਾ ਦਿੱਤਾ ਤੇ ਉਹ ਵੀ ਬਿਪਰ ਦੀ ਹੀ ਪਵਿੱਤਰ ਤ੍ਰਿਬੇਣੀ ਉੱਤੇ:-

ਅਬ ਕਬਿ ਜਨਮ ਕਥਨੰ।। ਮੁਰ ਪਿਤ ਪੂਰਬ ਕਿਯਸਿ ਪਯਾਨਾ।।ਭਾਂਤਿ ਭਾਂਤਿ ਕੇ ਤੀਰਥਿ ਨਾਨਾ।। ਜਬ ਹੀ ਜਾਤਿ ਤ੍ਰਿਬੇਣੀ ਭਏ।। ਪੁੰਨ ਦਾਨ ਦਿਨ ਕਰਤ ਬਿਤਏ।। ਤਹੀਂ ਪ੍ਰਕਾਸ਼ ਹਮਾਰਾ ਭਯੋ।। ਪਟਨਾ ਸ਼ਹਿਰ ਬਿਖੈ ਭਵ ਲਯੋ।। (ਪੰਨਾ 59, ਦਸਮ ਗ੍ਰੰਥ)

ਪੰਜਾਬ ਦਾ ਸਿੱਖ ਹਰ ਵਰ੍ਹੇ ਅਖੌਤੀ ਦਸਮ ਗ੍ਰੰਥ ਉਰਫ ਬਚਿੱਤਰ ਨਾਟਕ ਦੀ ਕਾਢ 'ਹੇਮਕੁੰਟ' (ਹਿੰਦੂ ਤੀਰਥ ਲੋਕਪਾਲ) ਅਤੇ ਬਾਬੇ ਹਰੀ ਨਾਰਾਇਣ ਦੇ ਪੈਦਾ ਕੀਤੇ ਮਨੀਕਰਨ ਤੇ ਵੀ ਪਾਪ ਉਤਾਰਨ ਲਈ ਚੁੱਭੀਆਂ ਲਾਉਣ ਪਹੁੰਚ ਜਾਂਦਾ ਹੈ।

ਮਨੀਕਰਨ ਵਿੱਚ ਨਿਕਲਦੇ ਗਰਮ ਪਾਣੀ ਨੂੰ ਹੀ ਅਸੀਂ ਕਰਾਮਾਤ ਮੰਨ ਲਿਆ ਤੇ ਬਾਬੇ ਨਾਨਕ ਦਾ ਪੈਦਾ ਕੀਤਾ ਤੀਰਥ ਸਮਝ ਕੇ ਪਹੁੰਚ ਜਾਂਦੇ ਹਾਂ ਪਾਪ ਧੋਣ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਅਨੇਕਾਂ ਗਰਮ ਚਸ਼ਮੇ ਹਨ ਤੇ ਮਨੀਕਰਨ ਦੇ ਮੁਕਾਬਲੇ ਕਿਤੇ ਵੱਡੇ ਪਰ ਇਹ ਚਸ਼ਮੇ ਸਾਡੇ ਪੁਜਾਰੀ ਜੀ ਤੋਂ ਬਚ ਗਏ ਵਰਨਾ ਇਹ ਸਾਰੇ ਦੇ ਸਾਰੇ ਵੀ ਬਾਬੇ ਨਾਨਕ ਦੀ ਕਰਾਮਾਤ ਬਣਾ ਦੇਣੇ ਸਨ। ਇਹ ਗਰਮ ਚਸ਼ਮੇ ਇੱਕ ਕੁਦਰਤੀ ਜਲਵਾਯੂ ਦਾ ਕ੍ਰਿਸ਼ਮਾ ਹੈ ਪਰ ਅਸੀਂ ਸਿੱਖ ਅਖਵਾਉਣ ਵਾਲੇ ਜਿਨ੍ਹਾਂ ਕੋਲ ਬਾਬੇ ਨਾਨਕ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਹੈ, ਬਾਰੇ ਵੀ ਬੌਰੇ ਹੋਣ ਦੀ ਹਾਲਤ ਵਿੱਚ ਅੱਪੜ ਗਏ ਹਾਂ।

ਬਿਪਰ ਦਾ ਗੜਵਈ, ਸਾਧ ਲਾਣਾ ਵੀ ਘੱਟ ਨਹੀਂ ਰਿਹਾ। ਉਹਨਾਂ ਦੇ ਡੇਰੇ ਵੀ ਤੀਰਥਾਂ ਦੀ ਦੌੜ ਵਿੱਚ ਘੱਟ ਨਹੀਂ। 'ਭੁੱਚੋ ਮੰਡੀ' ਵਿੱਚ ਹਰਨਾਮ ਸਿਉਂ ਦੇ ਮਸ਼ਹੂਰ ਡੇਰੇ ਵਿੱਚ ਤਾਂ ਸਰੋਵਰ ਦੇ ਪਾਣੀ ਦੀ ਬਾਕਾਇਦਾ ਮਸ਼ਹੂਰੀ ਕੀਤੀ ਜਾਂਦੀ ਹੈ ਤੇ ਲਿਖ ਕੇ ਲਾਇਆ ਗਿਆ ਹੈ ਕਿ ਉਹ ਸਰੋਵਰ ਵਿੱਚ 65 ਤੀਰਥਾਂ ਦਾ ਪਾਣੀ ਲਿਆ ਕੇ ਪਾਇਆ ਗਿਆ ਹੈ। ਇਸੇ ਡੇਰੇ ਵਿੱਚ ਜ਼ਾਤ ਦੇ ਆਧਾਰ ਤੇ ਘੋਰ ਵਿਤਕਰਾ ਵੀ ਕੀਤਾ ਜਾਂਦਾ ਹੈ। ਲਗਭਗ ਸਾਰੇ ਹੀ ਸਾਧ ਡੇਰੇ ਸਰੋਵਰ ਬਣਾਈ ਬੈਠੇ ਹਨ ਤੇ ਲੋਕਾਂ ਦੀਆਂ ਚੁੱਭੀਆਂ ਲਵਾ ਰਹੇ ਹਨ ਪਰ ਦੁਨੀਆਂ ਦਾ ਪਾਪ ਉੱਥੇ ਦਾ ਉੱਥੇ ਹੀ ਖੜ੍ਹਾ ਹੈ ਬਲਕਿ ਸਾਧ ਆਪਣੇ ਹੀ ਡੇਰਿਆਂ ਵਿੱਚ ਮੁੰਡੇ ਅਤੇ ਕੁੜੀਆਂ ਨਾਲ ਬਲਾਤਕਾਰ ਕਰਦੇ ਹਨ ਤੇ ਬਾਅਦ ਵਿੱਚ ਸ਼ਾਇਦ ਉਸੇ ਸਰੋਵਰ ਵਿੱਚ ਨਹਾ ਕੇ ਪਵਿੱਤਰ ਹੁੰਦੇ ਹੋਣਗੇ।

ਗੁਰਬਾਣੀ ਦੇ ਕੁਝ ਫੁਰਮਾਨ ਹਨ :-

ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ (ਮ:3)

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥ (ਕਬੀਰ ਜੀ)

ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥

ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥ (ਮ:3)

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ ॥ (ਮ: 1)

ਉੱਪਰ ਲਿਖੇ ਗੁਰਬਾਣੀ ਦੇ ਫੁਰਮਾਨ ਤੀਰਥ ਨਹਾਉਣ ਦਾ ਭਰਪੂਰ ਖੰਡਨ ਕਰ ਰਹੇ ਹਨ ਪਰ ਜੇਕਰ ਅਸੀਂ ਅੱਜ ਵੀ ਸਰੋਵਰਾਂ ਤੇ ਪਾਪ ਧੋਣ ਦੀ ਤੇ ਇੱਛਾ ਪੂਰੀ ਕਰਨ ਦੀ ਆਸ ਨਾਲ ਇਸ਼ਨਾਨ ਕਰ ਰਹੇ ਹਾਂ ਤਾਂ ਜ਼ਰੂਰ ਸੋਚਣ ਦੀ ਲੋੜ ਹੈ ਕਿ ਅਸੀਂ ਸੱਚਮੁਚ ਵਿੱਚ ਸਿੱਖ ਹਾਂ ਜਾਂ ਸਿਰਫ ਸ਼ਕਲ ਕਰ ਕੇ।

# ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਰੱਬ ਦਾ ਆਪਸੀ ਭੇੜ?

ਗੁਰੂ ਗ੍ਰੰਥ ਸਾਹਿਬ ਵਿਚ ਰੱਬ ਦੇ ਗੁਣਾਂ ਦਾ ਵਰਨਣ:-

1. ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ 34 ਵਾਰੀਂ॥

2. ੴ ਸਤਿ ਨਾਮ ਕਰਤਾ ਪੁਰਖੁ ਗੁਰ ਪ੍ਰਸਾਦਿ॥ 8 ਵਾਰੀਂ॥

3. ੴ ਸਤਿ ਨਾਮ ਗੁਰ ਪ੍ਰਸਾਦਿ॥ 2 ਵਾਰੀਂ॥

4. ੴ ਸਤਿ ਗੁਰ ਪ੍ਰਸਾਦਿ॥ 523 ਵਾਰੀਂ॥

ਕੁੱਲ ਮਿਲਾ ਕੇ ਪ੍ਰਮਾਤਮਾ ਵਾਸਤੇ ਏਕਾ 567 ਵਾਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ। ਉਂਵ ਲਿਖਤੀ ਰੂਪ ਵਿਚ ਹੋਰ ਕਈ ਸੈਂਕੜੇ ਵਾਰੀ ਇਸ ਤਰ੍ਹਾਂ ਆਇਆ ਹੈ ਕਿ: ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥1॥ਰਹਾਉ॥ ਪਰ ਫਿਰ ਵੀ ਸਿੱਖ ਗੁਰੂ ਦੀ ਗੱਲ ਨੂੰ ਬਿਲਕੁੱਲ ਭੁੱਲ ਚੁਕਿਆ ਹੈ ਕਿ ਸਾਹਿਬ ਮੇਰਾ ਸਿਰਫ ਇਕੋ ਹੈ, ਜਿਹੜਾ ਕਣ ਕਣ ਵਿਚ ਸਮਾਇਆ ਹੋਇਆ ਹੈ, ਕਿਸੇ ਨਾਲ ਵੈਰ ਨਹੀਂ ਕਰਦਾ, ਸਭ ਨੂੰ ਪਿਆਰ ਕਰਦਾ ਹੈ, ਖੁਦ ਉਸ ਦੇ ਗਲ ਕੋਈ ਮਾਲਾ, ਸੰਖ, ਗਦਾ, ਚੱਕਰ ਜਾਂ ਸਿਰ ਤੇ ਕੋਈ ਮੁਕਟ ਨਹੀਂ ਪਹਨਿਆ ਹੋਇਆ? ਪਰ ਅੱਜ ਦੀ ਸਿੱਖੀ ਤੇ ਦਸਮ ਗ੍ਰੰਥ ਦੀ ਸਿੱਖਿਆ ਦਾ ਅਸਰ ਹੋਣ ਕਰ ਕੇ ਸਿੱਖਾਂ ਨੇ ਹੀ ਗੁਰੂ ਸਹਿਬਾਨਾਂ ਦੇ ਗਲੀਂ ਮਾਲਾ ਪਾ ਦਿੱਤੀ ਹੈ। ਇਹ ਹੈ ਸੰਤ ਕਵੀ ਭਾਈ ਵੀਰ ਸਿੰਘ ਦਾ ਕਮਾਲ ਜਿਸ ਨੇ ਸੋਭਾ ਸਿੰਘ ਨੂੰ ਇਸ ਕੰਮ ਵਾਸਤੇ ਤਿਆਰ ਕੀਤਾ।

ਰਾਗੁ ਸੂਹੀ ਮਹਲਾ 5 ਛੰਤ

ੴ ਸਤਿ ਗੁਰ ਪ੍ਰਸਾਦਿ ॥ ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥1॥ {ਪੰਨਾ 784}। ਉਹ ਰੱਬ ਪਰਮਾਤਮਾ ਦੁਨੀਆਂ ਨੂੰ ਚਲਾਉਣ ਵਾਲੀ ਸ਼ਕਤੀ ਮਿੱਠ ਬੋਲੜੀ ਹੈ, ਕੌੜਾ ਬੋਲ ਬੋਲਣ ਜਾਣਦੀ ਹੀ ਨਹੀਂ, ਉਹ ਤੁਹਾਡੇ ਔਗਣ ਵੀ ਚਤਾਰਦੀ ਨਹੀਂ। ਉਹ ਸਾਰਿਆਂ ਵਿਚ ਵੱਸਦਾ ਹੈ ਤੇ ਬਿਲਕੁਲ ਨੇੜੇ ਹੈ। ਗੁਰੂ ਨਾਨਕ ਪਾਤਸ਼ਾਹ ਜੀ ਹਮੇਸ਼ਾਂ ਹੀ ਉਸਦੀ ਸ਼ਰਣ ਵਿਚ ਰਹਿਣ ਲਈ ਸਾਨੂੰ ਪ੍ਰੇਰਣਾ ਦਿੰਦੇ ਹਨ ਜਿਹੜਾ ਅੰਮ੍ਰਿਤ ਵਰਗਾ ਹੈ।

ਦਸਮ ਗ੍ਰੰਥ ਵਿਚ ਰੱਬ ਦੇ ਗੁਣਾਂ ਦਾ ਵਰਨਣ:——

ਦਸਮ ਗ੍ਰੰਥ ਪੰਨਾ 1॥ ਮੁਖ ਭਾਗ 1:- ਇਹ ਸਿਰਲੇਖ ਲਿਖਣ ਦੀ ਜਰੂਰਤ ਤਾਂ ਸੀ ਜੇ ਕਿਤੇ ਦਸਮ ਗ੍ਰੰਥ ਵਿਚ ਮੁਖ ਭਾਗ 2 ਵੀ ਆਇਆ ਹੁੰਦਾ।

ਦਸਮ ਗ੍ਰੰਥ ਪੰਨਾ 1॥ ਜਾਪੁ ਸਾਹਿਬ :- ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਬਾਣੀ ਦੇ ਨਾਮ ਨਾਲ 'ਸਾਹਿਬ' ਨਹੀਂ ਲਾਇਆ ਗਿਆ ਸਗੋਂ ਸਮੁੱਚੀ ਬਾਣੀ ਨੂੰ ਹੀ "ਪੋਥੀ ਪਰਮੇਸਰ ਕਾ ਥਾਨੁ" ਲਿਖਿਆ ਗਿਆ ਹੈ।

ਦਸਮ ਗ੍ਰੰਥ ਪੰਨਾ 1॥ ੴ ਸਤਿਗੁਰ ਪ੍ਰਸਾਦਿ ॥ ਗੁਰੂ ਗ੍ਰੰਥ ਸਾਹਿਬ ਦੀ ਲਿਖਣ ਵਿਧੀ ਮੁਤਾਬਕ ਸਤਿਗੁਰ ਜੁੜਿਆ ਨਹੀਂ ਸਗੋਂ ਅਲੱਗ ਅਲੱਗ ਹੋਣਾ ਚਾਹੀਦਾ ਹੈ। ਜਿਵੇਂ: ਸਤਿ ਗੁਰ।

ਦਸਮ ਗ੍ਰੰਥ ਪੰਨਾ 1॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥ ਗੁਰੂ ਗ੍ਰੰਥ ਸਾਹਿਬ ਵਿਚ 'ਫਤਿਹ' ਇਸ ਤਰ੍ਹਾਂ ਹੈ

ਦਸਮ ਗ੍ਰੰਥ ਪੰਨਾ 1॥ ਜਾਪੁ ॥

ਸ੍ਰੀ ਮੁਖਵਾਕ ਪਾਤਿਸਾਹੀ ੧੦॥ ਜੇ ਇਹ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਤਾਂ ਉਹ ਆਪਣੇ ਆਪ ਨੂੰ ਪਾਤਸ਼ਾਹੀ ਦਸਵੀਂ ਲਿਖ ਹੀ ਨਹੀਂ ਸਕਦੇ ਕਿਉਂਕਿ ਗੁਰਬਣੀ ਦਾ ਸਿਧਾਂਤ ਤਾਂ ਇਹ ਹੈ: ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥{ਗੁ. ਗ੍ਰੰ. ਪੰਨਾ 15}




ਗੁਰਚਰਨ ਸਿੰਘ ਜਿਉਣ ਵਾਲਾ
(ਬਰੈਂਪਟਨ) ਕੈਨੇਡਾ
brar_jiwanwala@hotmail.com
647-969-3132, 810-223-3648


ਛਪੈ ਛੰਦ॥ ਤ੍ਵਪ੍ਰਸਾਦਿ॥

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿਜੈ ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥ ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ॥੧॥ ਜਾਪੁ ਦਾ ਪਹਿਲਾ ਬੰਦ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਮੁਤਾਬਕ ਲੱਗਦਾ ਹੈ। ਕੁਝ ਹੋਰ ਬੰਦ ਜਿਹੜੇ ਦ. ਗ. ਪੰਨਾ 39 ਤੇ ਹਨ। ਜਿਵੇਂ :

ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ ॥ ਨ ਨਾਮੰ ਨ ਠਾਮੰ ਮਹਾ ਜੋਤਿ ਜਾਗੰ ॥

ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿਤਯੰ ॥ ਮਹਾ ਜੋਗ ਜੋਗੰ ਸੁ ਪਰਮੰ ਪਵਿਤ੍ਰਯੰ॥੫॥

ਅਜੇਯੰ ਅਭੇਯੰ ਅਨਾਮੰ ਅਠਾਮੰ ॥ ਮਹਾ ਜੋਗ ਜੋਗੰ ਮਹਾ ਕਾਮ ਕਾਮੰ ॥


**ਅਗਲੇ ਸਲੋਕ ਵਿਚ ਰੱਬ ਦੀਆਂ ਝਾਂਜਰਾਂ ਵਿਚੋਂ ਨਿਰਮਲ ਨਾਦ ਦਾ ਝਲਕਾਰਾ ਪੈਂਦਾ ਹੈ। ਤੇਰਾ ਮੁੱਖ ਬੱਦਲਾਂ ਦੀ ਬਿਜਲੀ ਦੀ ਅੱਗ ਵਾਂਗ ਲਿਸ਼ਕਦਾ ਹੈ। ਤੇਰੀ ਭਬਕ ਸ਼ਰਾਬ ਪੀ ਕੇ ਮਸਤ ਹੋਏ ਹਾਥੀ ਵਰਗੀ ਹੈ ਜਿਵੇਂ ਜੰਗਲ ਵਿਚ ਸ਼ੇਰ ਦਾ ਬੱਚਾ ਦਹਾੜ ਰਿਹਾ ਹੋਵੇ। ਇਹ ਸਾਰਾ ਕੁਝ ਤਾਂ ਹੀ ਮੁਮਕਿਨ ਹੈ ਜੇ ਰੱਬ ਸਰੀਰਕ ਰੂਪ ਵਿਚ ਹੋਵੇਗਾ। ਜੇ ਓਹ ਸਰੀਰਕ ਰੂਪ ਵਿਚ ਹੋਵੇਗਾ ਤਾਂ ਇਕ ਦਿਨ ਉਸ ਨੂੰ ਮੌਤ ਜ਼ਰੂਰ ਆਵੇਗੀ। ਜੇ ਉਸ ਦਾ ਕੋਈ ਸਰੀਰ ਹੈ ਤਾਂ ਗੁਰਬਾਣੀ ਵਾਲਾ ਸਰਬ ਵਿਆਪਕਤਾ ਦਾ ਸਿਧਾਂਤ ਹੀ ਖਤਮ ਹੋ ਜਾਂਦਾ ਹੈ ਕਿਉਂਕਿ ਸਰੀਰ ਹਰ ਥਾਂ ਨਹੀਂ ਹੋ ਸਕਦਾ। ਇਸ ਕਰ ਕੇ ਇਹ ਸਿਧਾਂਤ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਰਵਾਨ ਨਹੀਂ।**


ਅਲੇਖੰ ਅਭੇਖੰ ਅਨੀਲੰ ਅਨਾਦੰ ॥ ਪਰੇਯੰ ਪਵਿਤ੍ਰੰ ਸਦਾ ਨ੍ਰਿਬਿਖਾਦੰ ॥੬॥ ਦ.ਗ੍ਰੰ.ਪੰਨਾ 39॥

ਗਿਣਤੀ ਦੇ ਕੁਝ ਕੁ ਬੰਦ ਹੋਰ ਵੀ ਹੋ ਸਕਦੇ ਹਨ ਜਿਹੜੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨਾਲ ਮੇਲ ਖਾਂਦੇ ਹੋਣ। ਪਰ ਕਿਸੇ ਵੀ ਗ੍ਰੰਥ ਦਾ ਮੁਲਅੰਕਣ ਦੋ ਚਾਰ ਜਾਂ ਦਸ ਪੰਨਿਆਂ ਦੇ ਅਧਾਰ ਤੇ ਨਹੀਂ ਹੋ ਸਕਦਾ ਸਗੋਂ ਸਮੁੱਚੇ ਗ੍ਰੰਥ ਨੂੰ ਹੀ ਸਾਹਮਣੇ ਰੱਖ ਕੇ ਵਿਚਾਰਨਾ ਹੁੰਦਾ ਹੈ। ਉਪਰਲੇ ਕੁਝ ਸਲੋਕ ਜਾਂ ਪੰਗਤੀਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਲੇ ਸੁਖਮਨੀ ਵਿਚ ਆਏ ਸਲੋਕ, "ਸਲੋਕੁ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭੁ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥1॥{ਪੰਨਾ 283}" ਦੀ ਵਿਚਾਰਧਾਰਾ ਨਾਲ ਮੇਲ ਖਾਂਦੇ ਹਨ ਪਰ ਹੋਰ ਅਨੇਕਾਂ ਹੀ ਐਸੇ ਸਲੋਕ ਹਨ ਜੋ ਗੁਰੂ ਗ੍ਰੰਥ ਸਾਹਿਬ ਦੇ ਵਿਪਰੀਤ ਹਨ। ਜਿਵੇਂ:-ਚਤੁਰ ਬਾਂਹ ਚਾਰੰ ॥ ਨਿਜੂਟੰ ਸੁਧਾਰੰ ॥ ਗਦਾ ਪਾਸ ਸੋਹੰ ॥ ਜਮੰ ਮਾਨ ਮੋਹੰ ॥੩੨॥ ਸੁਭੰ ਜੀਭ ਜੁਆਲੰ ॥ ਸੁ ਦਾੜ੍ਹਾ ਕਰਾਲੰ ॥ ਬਜੀ ਬੰਬ ਸੰਖੰ ॥ ਉਠੇ ਨਾਦ ਬੰਖੰ ॥੩੩॥ ਦ. ਗ੍ਰੰ.ਪੰਨਾ 41॥ ਪਰਮਾਤਮਾ ਦੇ ਚਾਰ ਬਾਹਾਂ ਹਨ, ਜੂੜਾ ਹੈ, ਮੋਢੇ ਤੇ ਗਦਾ ਹੈ (ਭੀਮਸੈਨ ਜਾਂ ਹਨੂਮਾਨ ਕੋਲ ਹੋਵੇ) ਜੋ ਜਮ ਦੇ ਮਨ ਨੂੰ ਮੋਹ ਰਹੀ ਹੈ। ਗੁਰਬਾਣੀ ਜਮਾ ਦੀ ਹੋਂਦ ਨੂੰ ਵੀ ਨਕਾਰਦੀ ਹੈ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਗਲਾ ਸਲੋਕ ਗਦਾ, ਚੱਕਰ ਅਤੇ ਸੰਖ ਆਦਿ ਨੂੰ ਵੀ ਨਕਾਰ ਰਿਹਾ ਹੈ।

ਨ ਸੰਖੰ, ਨ ਚਕ੍ਰੰ, ਨ ਗਦਾ, ਨ ਸਿਆਮੰ ॥ ਅਸਚਰਜ ਰੂਪੰ, ਰਹੰਤ ਜਨਮੰ ॥ ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ॥ ਬਸੰਤਿ ਸਾਧ ਰਿਦਯੰ ਅਚੁਤ, ਬੁਝੰਤਿ ਨਾਨਕ ਬਡਭਾਗੀਅਹ॥(ਗੁ.ਗ੍ਰੰ.ਪੰਨਾ 1359)

ਇਥੇ ਹੀ ਬੱਸ ਨਹੀਂ। ਅਗਲੇ ਸਲੋਕ ਵਿਚ ਰੱਬ ਦੀਆਂ ਝਾਂਜਰਾਂ ਵਿਚੋਂ ਨਿਰਮਲ ਨਾਦ ਦਾ ਝਲਕਾਰਾ ਪੈਂਦਾ ਹੈ। ਤੇਰਾ ਮੁੱਖ ਬੱਦਲਾਂ ਦੀ ਬਿਜਲੀ ਦੀ ਅੱਗ ਵਾਂਗ ਲਿਸ਼ਕਦਾ ਹੈ। ਤੇਰੀ ਭਬਕ ਸ਼ਰਾਬ ਪੀ ਕੇ ਮਸਤ ਹੋਏ ਹਾਥੀ ਵਰਗੀ ਹੈ ਜਿਵੇਂ ਜੰਗਲ ਵਿਚ ਸ਼ੇਰ ਦਾ ਬੱਚਾ ਦਹਾੜ ਰਿਹਾ ਹੋਵੇ। ਇਹ ਸਾਰਾ ਕੁਝ ਤਾਂ ਹੀ ਮੁਮਕਿਨ ਹੈ ਜੇ ਰੱਬ ਸਰੀਰਕ ਰੂਪ ਵਿਚ ਹੋਵੇਗਾ। ਜੇ ਓਹ ਸਰੀਰਕ ਰੂਪ ਵਿਚ ਹੋਵੇਗਾ ਤਾਂ ਇਕ ਦਿਨ ਉਸ ਨੂੰ ਮੌਤ ਜ਼ਰੂਰ ਆਵੇਗੀ। ਜੇ ਉਸ ਦਾ ਕੋਈ ਸਰੀਰ ਹੈ ਤਾਂ ਗੁਰਬਾਣੀ ਵਾਲਾ ਸਰਬ ਵਿਆਪਕਤਾ ਦਾ ਸਿਧਾਂਤ ਹੀ ਖਤਮ ਹੋ ਜਾਂਦਾ ਹੈ ਕਿਉਂਕਿ ਸਰੀਰ ਹਰ ਥਾਂ ਨਹੀਂ ਹੋ ਸਕਦਾ। ਇਸ ਕਰ ਕੇ ਇਹ ਸਿਧਾਂਤ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਰਵਾਨ ਨਹੀਂ। ਬਚਿੱਤ੍ਰ ਨਾਟਿਕ ਦੇ ਪਹਿਲੇ 60 ਕੁ ਬੰਦਾਂ ਵਿਚ ਮਹਾਕਾਲ ਦੇ ਭਿਆਨਕ ਰੂਪ ਦਾ ਵਰਨਣ ਕਰਦਾ ਹੋਇਆ ਲਿਖਾਰੀ ਬੱਸ ਇਹੀ ਲਿਖੀ ਜਾ ਰਿਹਾ ਹੈ ਕਿ ਉਸ ਦੀਆਂ ਜਾੜ੍ਹਾਂ ਭਿਆਨਕ ਹਨ, ਮੂੰਹ ਵਿਚੋਂ ਜਵਾਲਾ ਨਿਕਲਦੀ ਹੈ, ਚੌਹਾਂ ਲੋਕਾਂ ਵਚਿ ਚੱਕਰ ਪਾ ਕੇ ਘੁੰਮ ਰਿਹਾ ਹੈ, ਮਦ ਮਤ ਕ੍ਰਿਪਾਣ ਕਰਾਲ ਧਾਰੰ॥55॥ ਦ.ਗ.ਪੰਨਾ 42॥ ਤੂੰ ਸ਼ਰਾਬ ਨਾਲ ਮਸਤ ਹੋ ਕੇ ਹੱਥ ਵਿਚ

ਭਿਆਨਕ ਤਲਵਾਰ ਧਾਰਨ ਕੀਤੀ ਹੋਈ ਹੈ। ਇਹ ਹੈ ਦਸਮ ਗ੍ਰੰਥ ਦੇ ਅਸਲੀ ਰੱਬ ਮਹਾਂਕਾਲ ਦਾ ਅਸਲੀ ਰੂਪ।

ਨਵ ਨੇਵਰ ਨਾਦ ਸੁਰੰ ਨ੍ਰਿਮਲੰ ॥ ਮੁਖ ਬਿਜੁਲ ਜ੍ਵਾਲ ਘਣੰ ਪ੍ਰਜੁਲੰ ॥

ਮਦਰਾ ਕਰ ਮੱਤ ਮਹਾ ਭਭਕੰ ॥ ਬਨ ਮੈ ਮਨੋ ਬਾਘ ਬਚਾ ਬਬਕੰ ॥੫੩॥ ਦ. ਗ੍ਰੰ. ਪੰਨਾ 42॥

ੴ ਸਤਿ ਗੁਰ ਪ੍ਰਸਾਦਿ ॥ ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ, ਮਾਥੈ ਛਤ੍ਰੁ ਧਰੈ ॥1॥ ਰਹਾਉ ॥ ਗੁਰਬਾਣੀ ਦਾ ਰੱਬ ਤਾਂ ਗਰੀਬਾਂ ਦੇ ਸਿਰ ਤੇ ਛੱਤਰ ਝੁਲਾਉਂਦਾ ਹੈ ਨਾ ਕੇ ਆਪਣੇ ਸਿਰ ਤੇ।

ਇਹ ਛਲ ਸੋ ਮਿਸਰਹਿ ਛਲਾ ਪਾਹਨ ਦਏ ਬਹਾਇ॥ ਮਹਾਕਾਲ ਕੋ ਸਿੱਖਯ ਕਰ ਮਦਰਾ ਭਾਂਗ ਪਵਾਇ॥ 125॥ ਚ੍ਰਿਤਰ 266, ਪੰਨਾ 1210॥ ਅਖਰੀਲਾ ਬੰਦ॥ ਦਸਮ ਗ੍ਰੰਥ ਦੇ ਰੱਬ ਮਹਾਂਕਾਲ ਦਾ ਸਿੱਖ ਸੇਵਕ ਬਣਾਉਣ ਲਈ ਪੰਡਿਤ ਨੂੰ ਸ਼ਰਾਬ ਪਿਆਈ ਗਈ ਤੇ ਉਸਦੇ ਪੱਥਰ ਰੂਪੀ ਭਗਵਾਨ ਪਾਣੀ ਵਿਚ ਰੋੜ੍ਹ ਦਿੱਤੇ ਗਏ ਕਿਉਂਕਿ ਮਹਾਕਾਲ ਨੂੰ ਮੰਨਣ ਵਾਲੇ ਵੀ ਪੱਥਰ ਪੂਜਕ ਨਹੀਂ। ਉਹ ਹਰ ਕਿਸਮ ਦੇ ਨਸ਼ੇ ਵਰਤਾਉਂਦੇ ਹਨ। ਕਾਮੀ ਤੇ ਵਿਭਚਾਰੀ ਲੋਕ ਹੁੰਦੇ ਹਨ। ਪਰ ਇਸਦੇ ਉਲਟ ਗੁਰਬਾਣੀ ਪੜ੍ਹ ਕੇ ਖੰਡੇ ਬਾਟੇ ਦੀ ਪਾਹੁਲ ਤਿਆਰ ਕੀਤੀ ਜਾਂਦੀ ਹੈ ਅਤੇ ਪਾਹੁਲ ਲੈਣ ਤੋਂ ਬਾਅਦ ਪੰਜ ਪਿਆਰੇ ਸ਼ਰਾਬ ਜਾਂ ਹੋਰ ਕਿਸੇ ਵੀ ਕਿਸਮ ਦੇ ਨਸ਼ੇ ਵਰਤਣ ਦੀ ਮਨਾਹੀ ਕਰਦੇ ਹਨ। ਪਤੀ ਅਤੇ ਪਤਨੀਵਰਤਾ ਧਰਮ ਵਿਚ ਰਹਿਣ ਦੀ ਹਦਾਇਤ ਕਰਦੇ ਹਨ ਜਦੋਂ ਕਿ ਦਸਮ ਗ੍ਰੰਥ ਹਰ ਔਰਤ ਨੂੰ ਭੋਗਣ ਦੀ ਖੁੱਲ੍ਹ ਦਿੰਦਾ ਹੈ ਤੇ ਹਰ ਔਰਤ ਨੂੰ ਭੋਗਣ ਤੋਂ ਪਹਿਲਾਂ ਅਫੀਮ ਭੰਗ ਆਦਿ ਪੀ ਕੇ ਨਸ਼ੇ ਵਿਚ ਇਤਨੇ ਧੁੱਤ ਹੋ ਜਾਓ ਕਿ ਵੀਰਜ ਗਿਰੇ ਹੀ ਨਾ। ਕੁਆਰੀ ਨੂੰ ਤਾਂ ਸਾਰੀ ਸਾਰੀ ਰਾਤ ਵਜਾਉਣ ਦੀ ਗੱਲ ਦਸਮ ਗ੍ਰੰਥ ਵਿਚ ਆਮ ਹੀ ਕੀਤੀ ਗਈ ਹੈ। ਇਸਦੇ ਉਲਟ ਗੁਰਬਾਣੀ ਦਾ ਫੁਰਮਾਣ ਹੈ ਕਿ ਸੱਚ ਨਾਲ ਜੁੜ ਜਾਓ ਫਿਰ ਮਹਾਂਕਾਲ ਤੁਹਾਡਾ ਕੁਝ ਵੀ ਨਹੀਂ ਵਿਗਾੜ ਸਕਦਾ।

ਰਾਮਕਲੀ ਮਹਲਾ 5 ॥ ਜਪਿ ਗੋਬਿੰਦੁ ਗੋਪਾਲ ਲਾਲੁ ॥ ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ ॥1॥ ਰਹਾਉ ॥ ਕੋਟਿ ਜਨਮ ਭ੍ਰਮਿ ਭ੍ਰਮਿ ਭ੍ਰਮਿ ਆਇਓ ॥ ਬਡੈ ਭਾਗਿ ਸਾਧ ਸੰਗੁ ਪਾਇਓ ॥1॥ ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥2॥11॥ {ਪੰਨਾ 885-886}

ਨਤੀਜਾ : ਇਸ ਤਰ੍ਹਾਂ ਦਸਮ ਗ੍ਰੰਥ ਵਿਚੋਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਦਸਮ ਗ੍ਰੰਥ ਦੇ 580 ਪੰਨੇ ਤਾਂ ਚ੍ਰਿਤਰਾਂ ਨਾਲ ਭਰੇ ਪਏ ਹਨ ਜਿਨ੍ਹਾ ਵਿਚ ਕੋਕਸ਼ਾਤਰ ਵਾਲੀ ਅਸ਼ਲੀਲਤਾ ਨੂੰ ਵੀ ਮਾਤ ਪਾਇਆ ਗਿਆ ਹੈ। ਹਕਾਇਤਾਂ ਦੇ ਨਾਮ ਥੱਲੇ ਕੁੱਝ ਕੁ ਚ੍ਰਿਤਰਾਂ ਨੂੰ ਮੁੜ ਦੁਹਰਾਇਆ ਗਿਆ ਹੈ। ਹੀਰ ਰਾਂਝਾ, ਸੱਸੀ ਪੁਨੂੰ, ਮਿਰਜ਼ਾ ਸਾਹਿਬਾਂ, ਲੇਲਾਂ ਮਜਨੂੰ, ਕਲਿਹਣੀ ਜੱਟੀ, ਲੇਲੇ ਨੂੰ ਕੁੱਤਾ ਦੱਸ ਕੇ ਕਿਸੇ ਮਨੁੱਖ ਨੂੰ ਠੱਗਣਾ, ਰਾਗ ਮਾਲਾ ਆਦਿ ਕਈ ਸੈਂਕੜੇ ਕਹਾਣੀਆਂ ਜਿਹੜੀਆਂ ਸਾਡੇ ਸਮਾਜ ਵਿਚ ਆਮ ਕਰ ਕੇ ਕਿਸੇ ਨਾ ਕਿਸੇ ਖੇਤਰ ਵਿਚ ਪ੍ਰਚੱਲਤ ਹਨ ਉਹ ਤੁਹਾਨੂੰ ਦਸਮ ਗ੍ਰੰਥ ਦੇ ਚ੍ਰਿਤਰਾਂ ਵਿਚ ਮਿਲ ਜਾਣਗੀਆਂ। ਕਈ ਸੈਂਕੜੇ ਪੰਨੇ ਦੇਵੀ ਤੇ ਦੈਤਾਂ ਦੇ ਯੁੱਧ ਨਾਲ ਭਰੇ ਪਏ ਹਨ ਜੋ ਮਾਰਕੰਡੇ ਪੁਰਾਣ ਵਿਚੋਂ ਆਏ ਹਨ। ਇਨ੍ਹਾਂ ਲੇਖਾਂ ਰਾਹੀਂ ਤਾਂ ਅਸੀਂ ਤੁਹਾਨੂੰ, ਜਿਵੇਂ ਫਿਲਮ ਦਾ ਟਰੇਲਰ ਵਖਾਇਆ ਜਾਂਦਾ ਹੈ, ਕੁਝ ਝਲਕੀਆਂ ਹੀ ਦਿਖਾ ਰਹੇ ਹਾਂ। ਦਸਮ ਗ੍ਰੰਥ ਦੇ ਪੁਜਾਰੀਆਂ ਨੂੰ ਤੁਸੀਂ ਇਹ ਕਹਿੰਦੇ ਸੁਣ ਸਕਦੇ ਹੋ ਕਿ ਗੁਰੂ ਜੀ ਇਹ ਲੁੱਚਪੁਣਾ ਲਿਖ ਕੇ ਆਪਣਿਆਂ ਸਿੱਖਾਂ ਨੂੰ ਇਨ੍ਹਾਂ ਚੰਚਲ ਔਰਤਾਂ ਦੇ ਮਾੜੇ ਆਚਰਣ ਤੋਂ ਸੁਚੇਤ ਕਰਨਾ ਚਾਹੁੰਦੇ ਹਨ। ਪਹਿਲਾਂ ਤੁਸੀਂ ਆਪਣਿਆਂ ਬੱਚਿਆਂ ਨੂੰ ਬਲਿਊ ਮੂਵੀ ਦਿਖਾਓ ਤੇ ਫਿਰ ਕਹੋ ਕਿ ਬੱਚਿਓ ਇਹ ਨਾ ਕਰਨਾ। ਇਹ ਕੋਈ ਸਿਆਣਪ ਵਾਲੀ ਗੱਲ ਨਹੀਂ। ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਣਾ ਜਾਂ ਨਾ ਮੰਨਣਾ ਤੁਹਾਡੀ ਆਪਣੀ ਮਰਜ਼ੀ ਹੈ।

# ਗਿਆਨ ਸ੍ਰੇਸ਼ਟ ਉੱਤਮ ਇਸ਼ਨਾਨ

**ਚਰਨਜੀਤ ਸਿੰਘ ਬਰੈਂਪਟਨ**

ਇਹ ਪੰਕਤੀ ਸੁਖਮਨੀ ਬਾਣੀ ਦੀ ਅਖੀਰਲੀ ਅਸ਼ਟਪਦੀ ਦੀ ਪੰਜਵੇ ਬੰਦ ਦੀ ਹੈ। ਪੂਰਾ ਬੰਦ ਇਸ ਪ੍ਰਕਾਰ ਹੈ।

ਖੇਮ ਸਾਂਤਿ ਰਿਧਿ ਨਵ ਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥

ਗੁਰੂ ਸਾਹਿਬ ਕਹਿ ਰਹੇ ਹਨ ਕਿ ਸਭ ਤੋਂ ਪਹਿਲਾਂ ਮਨ ਦੀ ਸ਼ਾਂਤੀ ਭਾਵ ਮੰਨ ਦੀ ਭਟਕਨਾ ਜਦੋਂ ਦੂਰ ਹੋ ਜਾਏ ਤਾਂ ਸਮਝ ਲਵੋ ਕਿ ਮੰਨ ਦੀ ਆਰਾਧਨਾ ਸਫਲ ਹੋਈ। ਮਨ ਜਦੋਂ ਵਹਿਮਾਂ ਭਰਮਾਂ ਵਿਚੋਂ ਨਿਕਲ ਜਾਏ ਤਾਂ ਸਮਝ ਲਵੋ ਕਿ ਅਸਲ ਖਜ਼ਾਨਾ ਮਿਲ ਗਿਆ।

ਦੂਜੇ ਨੰਬਰ ਤੇ ਕਹਿ ਰਹੇ ਹਨ ਕਿ ਗਿਆਨ ਭਰਪੂਰ ਬੁੱਧੀ ਹੋ ਜਾਏ ਤਾਂ ਹੀ ਉਦੋਂ ਕੁਝ ਸੁਧਾਇਆ ਜਾ ਸਕਦਾ ਹੈ ਜੋ ਕੁਝ ਵੀ ਸਾਧਣ ਲਈ ਤੁਰੇ ਹੋ।

ਤੀਜਾ ਕਹਿ ਰਹੇ ਹਨ ਕਿ ਵਿਦਿਆ ਬੰਦੇ ਦੀ ਕਾਬਲੀਅਤ ਵਧਾਉਂਦੀ ਹੈ। ਜੋਗੁ ਦੇ ਗੱਗੇ ਨੂੰ ਔਂਕੜ ਹੈ। ਇਸ ਦਾ ਅਰਥ ਕਾਬਲੀਅਤ ਬਣਦਾ ਹੈ ਵੇਖੋ:

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥(1429)

ਚੌਥਾ ਕਹਿੰਦੇ ਹਨ ਕਿ ਸ੍ਰੇਸ਼ਟ ਗਿਆਨ ਹੀ ਉੱਤਮ ਇਸ਼ਨਾਨ ਹੈ।

ਇਹ ਚਾਰ ਪਦਾਰਥ ਹਨ ਜਿਨ੍ਹਾਂ ਦੇ ਨਾਲ ਮਨ ਦਾ ਕਮਲ ਖਿੜਦਾ ਹੈ। ਸੋਚ ਵੱਡੀ ਹੁੰਦੀ ਜਾਂਦੀ ਹੈ ਅਤੇ ਜਿਉਂ -ਜਿਉਂ ਸੋਚ ਵੱਡੀ ਹੁੰਦੀ ਹੈ, ਮਨ ਸਭ ਵਿਚੋਂ ਇਕ ਨੂੰ ਵੇਖਣ ਵਿਚ ਸਫਲ ਹੁੰਦਾ ਹੈ।

ਗੁਰਬਾਣੀ ਵਿਚੋਂ ਕੁਝ ਹੋਰ ਉਦਾਹਰਣਾ ਜਿਨ੍ਹਾਂ ਤੋਂ ਸਹਿਜੇ ਹੀ ਪਤਾ ਚਲਦਾ ਹੈ ਕਿ ਉਹ ਕਿਹੜਾ ਇਸਨਾਨ ਹੈ ਜਿਹੜਾ ਗੁਰਮਤਿ ਪਰਵਾਨ ਕਰਦੀ ਹੈ

ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥(16)

ਚੰਗਿਆਈਆਂ ਦੇ ਪਾਣੀ ਵਿਚ ਨਹਾਉਣਾ ਅਤੇ ਉਚਾ ਸੁੱਚਾ ਆਚਰਣ ਦੇ ਨਾਲ ਹੀ ਮੁਖ ਉਜਲਾ ਹੁੰਦਾ ਹੈ ਭਾਵ ਜਗ ਵਿਚ ਨਾਮ ਹੁੰਦਾ ਹੈ।

ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥(47)

ਭਲੇ ਪੁਰਸ਼ਾਂ ਦੀ ਸੰਗਤ ਹੀ ਅਠਾਹਠ ਤੀਰਥਾਂ ਦਾ ਇਸਨਾਨ ਹੈ। ਇਹ ਇਸਨਾਨ ਕੀਤਿਆਂ ਮਨ ਤਨ ਹਰਾ ਹੁੰਦਾ ਹੈ।

ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥(539)

ਅੰਦਰੋਂ ਹਉਮੇ ਦੀ ਮੈਲ ਉਤਰ ਜਾਣਾ ਹੀ ਹਰੀ ਦੇ ਸਰੋਵਰ ਵਿਚ ਇਸ਼ਨਾਨ ਕਰਨਾ ਹੈ।

ਗੁਰਮੁਖਿ ਮਜਨੁ ਚਜੁ ਅਚਾਰੁ ॥(932)

ਸੁਚੱਜਾ ਢੰਗ ਅਤੇ ਚੰਗਾ ਆਚਰਣ ਹੀ ਗੁਰਮੁਖਾਂ ਦਾ ਤੀਰਥ ਇਸ਼ਨਾਨ ਹੁੰਦਾ ਹੈ।

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥(1328)

ਗਿਆਨ ਦੇ ਅੰਮ੍ਰਿਤ ਜਲ ਵਿਚ ਮਨ ਨੂੰ ਨਹਾਉਣਾ ਭਾਵ ਮਨ ਨੂੰ ਗਿਆਨ ਅਧੀਨ ਕਰਨਾ ਹੀ ਅਠਾਹਠ ਤੀਰਥਾਂ ਦਾ ਇਸਨਾਨ ਹੈ।

ਹੁਣ ਵੇਖਦੇ ਹਾਂ ਕਿ ਗੁਰਮਤਿ ਵਿਚ ਤੀਰਥ ਕਿਸ ਨੂੰ ਕਿਹਾ ਗਿਆ ਹੈ।

ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥(4)

ਇਕ ਖਿੜੇ ਹੋਏ ਮਨ ਤੋਂ ਵੱਡੀ ਕੋਈ ਦੌਲਤ ਨਹੀਂ ਹੈ। ਇਸ ਤੋਂ ਵੱਡਾ ਕੋਈ ਤੀਰਥ ਨਹੀਂ ਹੈ।

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥(468)(ਆਸਾ ਕੀ ਵਾਰ)

ਸੱਚ ਜਾਣਨ ਲਈ ਆਪਣੇ ਅੰਦਰਲੇ ਤੀਰਥ ਤੇ ਹੀ ਲੱਭਣਾ ਪਵੇਗਾ.

ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥(909)

ਮਨ ਦੇ ਇਸਨਾਨ ਲਈ ਕਿਸੇ ਬਾਹਰਲੇ ਸਰੋਵਰ ਦੀ ਭਾਲ ਵਿਅਰਥ ਹੈ.

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ (1245)

ਸੱਚ ਦਾ ਵਰਤ, ਸੰਤੋਖ ਤੀਰਥ, ਗਿਆਨ ਅਤੇ ਧਿਆਨ (concentrate) ਵਿਚ ਇਸਨਾਨ ਕਰੋ।

# ਦਸਮ ਗ੍ਰੰਥ ਦੀ ਬਾਣੀ ਦਾ ਨਮੂਨਾ

## ਕੀ ਇਹੀ ਸੀ ਉਹ 'ਬਾਣੀ' ਜੋ ਗੁਰੂ ਗੋਬਿੰਦ ਸਿੰਘ ਜੀ ਨੇ ਰਚੀ?

## ਇਸ ''ਅਸ਼ਲੀਲ" ਰਚਨਾ ਨੂੰ 'ਗੁਰੂ ਦੀ ਬਾਣੀ' ਕਹਿ ਕੇ ਕਿਉਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਪਮਾਨ ਕਰਦੇ ਹੋ!

ਦਮਦਮੀ ਟਕਸਾਲ, ਕੁਝ ਨਿਹੰਗ ਜਥੇਬੰਦੀਆਂ, ਅਕਾਲ ਤਖਤ ਦੇ ਤੇ ਹੋਰ ਪੁਜਾਰੀਆਂ ਤੇ ਗ੍ਰੰਥੀਆਂ ਨੇ ੧੧ ਤੋਂ ੧੩ ਨਵੰਬਰ ੨੦੦੬ ਦੇ ਦਿਨ ਅਖੌਤੀ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖਤ ਦੱਸ ਕੇ ਪਿੰਡ ਦਿਆਲਪੁਰਾ (ਬਠਿੰਡਾ) 'ਚ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਪ੍ਰਕਾਸ਼ ਕਰਕੇ ਅਖੰਡ ਪਾਠ ਕਰਨ ਦਾ ਘੋਰ ਅਪਮਾਨ ਜਨਕ ਕੰਮ ਕੀਤਾ ਹੈ। ਇਹ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਘੋਰ ਬੇਅਦਬੀ ਹੈ ਇਹ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਵਲੋਂ ਰਾਮ ਅਵਤਾਰ, ਕ੍ਰਿਸ਼ਨ ਅਵਤਾਰ, ਚੌਬੀਸ ਅਵਤਾਰ ਨੂੰ ਗੁਰਬਾਣੀ ਕਹਿ ਕੇ ਗੁਰੂ ਸਾਹਿਬ ਨੂੰ ਰਾਮ ਤੇ ਕ੍ਰਿਸ਼ਨ ਦਾ ਪੁਜਾਰੀ ਬਣਾਉਣ ਦੀ ਸਾਜਿਸ਼ ਦਾ ਹਿਸਾ ਹੈ। ਕੋਕਸ਼ਾਸ਼ਤਰ ਤੋਂ ਵੀ ਅਸ਼ਲੀਲ ਲਿਖਤ ਨੂੰ ਗੁਰੂ ਸਾਹਿਬ ਦੀ ਬਾਣੀ (ਗੁਰਬਾਣੀ) ਆਖਣਾ; ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਸਤੋਂ ਵੀ ਵ'ਡੀ ਬੇਅਦਬੀ ਹੋਰ ਕੀ ਹੋ ਸਕਦੀ ਹੈ। ਇਹ ਸ਼ਰਮਨਾਕ, ਘਟੀਆ ਹਰਕਤ ਕੋਈ ਸੱਚਾ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ। ਸਾਨੂੰ ਖਿਮਾਂ ਕੀਤਾ ਜਾਏ, ਅਸੀਂ ਹੇਠਾਂ ਉਸ ਅਸ਼ਲੀਲ ਕਵਿਤਾ ਦੇ ਕੁੱਝ ਨਮੂਨੇ ਪੇਸ਼ ਕਰ ਰਹੇ ਹਾਂ ਜੋ ਮਾਂ ਪੁੱਤ, ਭੈਣ ਭਰਾ, ਬਾਪ ਬੇਟੀ ਮਿਲ ਕੇ ਨਹੀਂ ਸੁਣ ਸਕਦੇ, ਨਾ ਪੜ੍ਹ ਸਕਦੇ ਹਨ। ਪਰ ਕਿਉਂਕਿ ਗੁਰਮਤਿ ਤੋਂ ਭਟਕੇ ਹੋਏ ਲੋਕ, ਇਸ ਗ੍ਰੰਥ ਨੂੰ ਗੁਰੂ ਦੀ ਬਾਣੀ ਕਹਿ ਰਹੇ ਹਨ, ਇਸ ਲਈ ਅਸੀਂ ਇਸ ਦੀ ਵੰਨਗੀ ਆਪ ਨੂੰ ਵਿਖਾ ਰਹੇ ਹਾਂ। ਤੁਸੀਂ ਪੜ੍ਹ ਕੇ ਦੱਸੋ, ਕੀ ਗੁਰੂ ਦਾ ਅਪਮਾਨ ਕਰਨ ਦਾ ਤੇ ਸਿੱਖੀ ਨੂੰ ਪੱਥਰ ਯੁਗ ਦਾ ਧਰਮ ਸਾਬਤ ਕਰਨ ਦਾ ਇਸ ਤੋਂ ਮਾੜਾ ਢੰਗ ਵੀ ਕੋਈ ਹੋ ਸਕਦਾ ਹੈ?

**ਕੀ ਇਸ ਅਸ਼ਲੀਲਤਾ ਨੂੰ ਗੁਰਬਾਣੀ ਕਹਿਣ ਵਾਲੇ ਸਿੱਖ ਹਨ?**
**ਕੀ ਇਸ ਨੂੰ ਗੁਰੂ ਦੀ ਬਾਣੀ ਕਹਿਣਾ, ਗੁਰੂ ਦੀ ਬੇਅਦਬੀ ਨਹੀ ਹੈ?**
**ਕੀ ਇਸ 'ਗ੍ਰੰਥ' ਅੱਗੇ ਸਿੱਖਾਂ ਨੂੰ ਮੱਥਾ ਟੇਕਣ ਲਈ ਕਿਹਾ ਜਾ ਸਕਦਾ ਹੈ?**
**ਕੀ ਇਸ 'ਗ੍ਰੰਥ' ਦੀ ਹੇਠ ਵਰਣਤ ਸਿਖਿਆ ਅੱਜ ਦੇ ਸਿੱਖ ਦਾ ਮਾਰਗ-ਦਰਸ਼ਨ ਕਰੇਗੀ?**
**ਕੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਸਤੋਂ ਵੱਧ ਅਪਮਾਨ ਕਰਨ ਦਾ ਕੋਈ ਹੋਰ ਢੰਗ ਨਹੀ ਸੀ ਬਚਿਆ?**
**ਕੀ ਇਸ ਅਸ਼ਲੀਲਤਾ ਨੂੰ ਗੁਰੂ ਗਰੰਥ ਸਾਹਿਬ ਦੇ ਤੁਲ ਪ੍ਰਕਾਸ਼ ਕਰਨਾ ਗੁਰੂ ਗਰੰਥ ਸਾਹਿਬ ਦੀ ਘੋਰ ਬੇਅਦਬੀ ਨਹੀਂ ਹੈ?**
**ਕੀ ਇਸ ਅਸ਼ਲੀਲਤਾ ਨੂੰ ਗੁਰੂ ਗਰੰਥ ਸਾਹਿਬ ਦੇ ਤੁਲ ਪ੍ਰਕਾਸ਼ ਕਰਨਾ ਸਿੱਖ ਰਹਿਤ ਮਰਿਯਾਦਾ ਦੀ ਸਿੱਧੀ ਉਲੰਘਣਾ ਨਹੀਂ ਹੈ?**

ਤ੍ਰਿਆ ਚਰਿਤ੍ਰ (ਦਸਮ ਗ੍ਰੰਥ ਦਾ ਵੱਡਾ ਹਿਸਾ) ਤਾਂ ਇਹੋ ਜੇਹੀ ਕਾਮ-ਕ੍ਰੀੜਾ ਨਾਲ ਭਰਿਆ ਪਿਆ ਹੈ ਜਿਨ੍ਹਾਂ ਵਿਚ ਦੂਜੇ ਦੀ ਪਤਨੀ ਭੋਗਣਾ, ਭੈਣ-ਧੀ ਨਾਲ ਭੋਗ ਕਰਨਾ, ਖੂਬ ਨਸ਼ੇ ਕਰਨਾ ਤੇ ਕਤਲ ਕਰਨਾ ਤੇ ਹੋਰ ਮਹਾਂ ਪਾਪ ਤੇ ਜੁਰਮ ਕਰਨੇ ਸਿਖਾਇਆ ਗਿਆ ਹੈ। ਇਹ ਮਾਮੂਲੀ ਜਿਹੀਆਂ ਵੰਨਗੀਆਂ ਹਨ।

## ਪੜ੍ਹੋ ਦਸਮ ਗੁਰੂ ਦੇ ਨਾਂ ਮੜ੍ਹੀ ਜਾ ਰਹੀ ਅਸ਼ਲੀਲ 'ਬਾਣੀ' ਦਾ ਨਮੂਨਾ!

ਤੇਜ ਅਸਤੁਰਾ ਏਕ ਮੰਗਾਯੋ॥ ਨਿਜ ਕਰ ਗਹਿਕੈ ਰਾਵ ਚਲਾਯੋ॥
ਤਾਂ ਕੀ ਮੂੰਡਿ ਝਾਂਟਿ ਸਭ ਡਾਰੀ॥ ਦੈਕੈ ਹਸੀ ਚੰਚਲਾ ਤਾਰੀ॥ ਚ੍ਰਿਤਰ ੧੯੦॥" ਦਸਮ ਗ੍ਰੰਥ ਪੰਨਾ ੧੦੮੨॥

(ਅਰਥ: ਉਸ ਨੇ ਇਕ ਤੇਜ ਉਸਤਰਾ ਮੰਗਵਾਇਆ। ਰਾਵ ਨੇ ਉਸ ਨੂੰ ਆਪਣੇ ਹੱਥੀਂ ਫੜ ਕੇ ਆਪ ਚਲਾਇਆ। ਉਸ ਦੀਆਂ ਸਾਰੀਆਂ ਝੂਆਂ ਮੁੰਨ ਦਿੱਤੀਆਂ। ਇਹ ਵੇਖ ਕੇ ਉਹ ਚੰਚਲ ਨਾਰੀ ਬੜੀ ਹੱਸੀ ਤੇ ਖੁਸ਼ ਹੋਈ।)

ਤੁਮ ਮਦਿਰਾ ਪੀਵਿਹੁ ਘਨੋ, ਹਮੈ ਪਿਆਵਹੁ ਭੰਗ। ਚਾਰ ਪਹਿਰ ਕੋ ਮਾਨਿਯੋ, ਭੋਗ ਤਿਹਾਰੇ ਸੰਗ। ਦਸਮ ਗ੍ਰੰਥ ਪੰਨਾ ੮੩੨॥

(ਅਰਥ: ਤੂੰ ਚੰਗਾ ਦਾਰੂ ਪੀ ਤੇ ਮੈਨੂੰ ਭੰਗ ਪਿਆ। ਮੈਂ ੧੨ ਘੰਟੇ ਤੇਰੇ ਨਾਲ ਭੋਗ ਕਰਾਂਗਾ।)

ਇਕ ਦਿਨ ਭਾਂਗ ਮਿਤ੍ਰ ਤੇ ਲਈ। ਪੋਸਤ ਸਹਿਤ ਅਫੀਮ ਚੜ੍ਹਈ।
ਬਹੁ ਰਤ ਕਰੀ, ਨਾ ਬੀਰਜ ਗਿਰਾਈ। ਆਠ ਪਹਿਰ ਲਗ ਕੁਆਰ ਬਜਾਈ॥ ਦਸਮ ਗ੍ਰੰਥ ਪੰਨਾ ੧੨੮੦॥

(ਅਰਥ: ਇਕ ਦਿਨ ਕਿਸੇ ਦੋਸਤ ਤੋਂ ਭੰਗ ਲਈ, ਪੋਸਤ ਤੇ ਅਫੀਮ ਵੀ ਖਾਧੀ। ਬਹੁਤ ਭੋਗ ਕੀਤਾ, ਵੀਰਜ ਨਾ ਸੁਟਿਆ। ਇੰਜ ੨੪ ਘੰਟੇ ਕੁਆਰੀ ਨਾਲ ਭੋਗ ਕੀਤਾ।)

ਭਗ ਮੈ ਲਿੰਗ ਦੀਓ ਰਾਜਾ ਜਬ। ਰੁਚਿ ਉਪਜੀ ਤਰੁਨੀ ਕੇ ਤਬ।
ਲਪਟਿ ਲਪਟਿ ਆਸਨ ਤਰ ਗਈ। ਚੁੰਬਨ ਕਰਤ ਭੁਪ ਕੇ ਭਈ। ਦਸਮ ਗ੍ਰੰਥ ਪੰਨਾ ੧੩੫੮॥

(ਅਰਥ: ਜਦ ਰਾਜੇ ਨੇ ਆਪਣਾ ਲਿੰਗ ਉਸ ਦੇ ਗੁਪਤ ਅੰਗ ਵਿਚ ਵਾੜਿਆ ਤਾਂ ਉਸ ਨੂ ਬੜਾ ਅਨੰਦ ਆਇਆ। ਉਹ ਉਸ ਨਾਲ ਘੁਟ ਘੁਟ ਕੇ ਜੱਫੀਆਂ ਪਾਉਣ ਲੱਗ ਪਾਈ ਤੇ ਵਾਰ ਵਾਰ ਚੁੰਮੀਆਂ ਲੈਣ ਲੱਗ ਪਈ।)

ਪ੍ਰਥਮ ਜਾਰ ਜਬ ਧੱਕਾ ਲਗਾਯੋ। ਤਬ ਰਾਨੀ ਲੈ ਢੋਲ ਬਜਾਯੋ।
ਜਬ ਤਿਹ ਲਿੰਗ ਸੁ ਭਗ ਤੇ ਕਾਢਾ। ਤ੍ਰਿਯਾ ਢੋਲ ਢਮਾਕਾ ਗਾਢਾ। ਦਸਮ ਗ੍ਰੰਥ ਪੰਨਾ੧੩੪੨॥

(ਅਰਥ: ਜਦ ਪ੍ਰੇਮੀ ਨੇ ਘੱਸੇ ਮਾਰੇ ਤਾਂ ਰਾਣੀ ਨੇ ਢੋਲ ਵਜਾਇਆ। ਜਦ ਉਸ ਨੇ ਆਪਣਾ ਲਿੰਗ ਉਸ ਦੇ ਗੁਪਤ ਅੰਗ ਚੋਂ ਕੱਢਿਆ ਤਾਂ ਉਸ ਨੇ ਖੂਬ ਡੋਲ ਢਮੱਕਾ ਵਜਾਇਆ।)

ਨ੍ਰਿਪ ਕੋ ਪਕਰਿ ਭੁਜਨ ਲਿਓ। ਗੁਦਾ ਭੋਗ ਤਾ ਸਿਉ ਬਹੁ ਕਿਯੋ॥ ਦਸਮ ਗ੍ਰੰਥ ਪੰਨਾ ੧੦੧੦॥ (ਅਰਥ: ਉਸ ਨੇ ਪੱਟਾਂ ਤੋਂ ਫੜ ਕੇ ਉਸ ਨਾਲ ਪਿਛਲੇ ਪਾਸਿਉਂ ਬਹੁਤ ਚਿਰ ਭੋਗ ਕੀਤਾ, ਯਾਨੀ ਮੁੰਡੇ ਬਾਜੀ ਕੀਤੀ।) ਲਪਟਿ ਪਲਟਿ ਤਾਸੋ ਕੁਆਰਿ ਰਤਿ ਮਾਨੀ ਰੁਚਿ ਮਾਨਿ। ਭ੍ਰਾਤ ਭਗਨਿ ਕੇ ਭੇਦ ਕੋ ਸਕਤ ਨਾ ਭਣੋ ਪਛਾਨ। ਦਸਮ ਗ੍ਰੰਥ ਪੰਨਾ ੧੧੧੯॥

(ਅਰਥ: ਉਸ ਨਾਲ ਜੱਫੀਆਂ ਪਾ ਪਾ ਕੇ ਭੋਗ ਕਰ ਕੇ ਬਹੁਤ ਮਜ਼ਾ ਲਿਆ। ਭਰਾ ਨੇ ਭੈਣ-ਭਰਾ ਦਾ ਰਿਸ਼ਤਾ ਵੀ ਨਾ ਪਛਾਣਿਆ।) ਭੋਗ ਜਾਰ ਅਬਲਾ ਕਿਯੋ। ਭਾਂਤਿ ਭਾਤਿ ਤਾ ਕੋ ਸੁਖ ਦਿਯੋ।
ਉਛਲ ਉਛਲ ਰਤਿ ਅਧਿਕ ਕਮਾਈ। ਮੂਰਖ ਭਾਰ ਬਾਤ ਨਹਿ ਪਾਈ॥ ਦਸਮ ਗ੍ਰੰਥ ਪੰਨਾ ੧੦੬੪॥

(ਅਰਥ: ਮਹਿਬੂਬ ਨੇ ਉਸ ਕੁੜੀ ਨਾਲ ਭੋਗ ਕੀਤਾ ਤੇ ਤਰ੍ਹਾਂ ਤਰ੍ਹਾਂ ਦਾ ਮਜ਼ਾ ਦਿੱਤਾ। ਉਹ ਵੀ ਉਛਲ ਉਛਲ ਕੇ ਮਜ਼ਾ ਦਿੰਦੀ ਰਹੀ। ਉਸ ਦੇ ਮੂਰਖ ਭਾਟ ਪਤੀ ਨੂੰ ਪਤਾ ਵੀ ਨਾ ਲੱਗ ਸਕਿਆ।)

ਆਸਨ ਔਰ ਅਲਿੰਗਨ ਚੁੰਬਨ ਭਾਂਤਿ ਅਨੇਕ ਲੀਏ ਸੁਖਦਾਈ।
ਯੋ ਤਿਹ ਤੋਰਿ ਕੁਚਾਨ ਮਰੋਰਿ ਸੁ ਭੋਰ ਲਗੁ ਝਕਝੋਰਿ ਬਜਾਈ॥ ਦਸਮ ਗ੍ਰੰਥ ਪੰਨਾ ੧੦੪੯॥

(ਅਰਥ: ਕਈ ਤਰ੍ਹਾਂ ਦੇ ਆਸਨ ਕੀਤੇ, ਜੱਫੀਆਂ ਤੇ ਚੁੰਮੀਆਂ ਨਾਲ ਤਰ੍ਹਾਂ ਤਰ੍ਹਾਂ ਦਾ ਸੁਖ ਦਿੱਤਾ। ਉਸ ਦੀਆ ਛਾਤੀਆਂ ਮਰੋੜੀਆਂ ਤੇ ਸਵੇਰ ਹੋਣ ਤਕ ਉਸ ਨਾਲ ਭੋਗ ਕਰਦਾ ਰਿਹਾ।)

ਯੌ ਸੁਨਿ ਬਚਨ ਤੇਜ ਮਨ ਭਯੋ॥ ਕਰ ਮਹਿ ਕਾਢਿ ਛੁਰਾ ਕਹ ਲਯੋ॥ ਕਟਯੋ ਲਿੰਗ ਬਸਤ੍ਰ ਤੇ ਨਿਕਾਰਾ॥ ਰਾਜ ਤਰਨਿ ਦੇ ਮੁਖ ਪਰ ਮਾਰਾ॥੯॥ ਦਸਮ ਗ੍ਰੰਥ ਪੰਨਾ ੧੨੧੫॥

(ਅਰਥ: ਇਹ ਗਲ ਸੁਣ ਕੇ ਉਸ ਦਾ ਮਨ ਕਰੋਧ ਦੀ ਅੱਗ ਨਾਲ ਤੱਤਾ ਹੋ ਗਿਆ। ਉਸ ਨੇ ਹੱਥ ਵਿਚ ਛੁਰਾ ਫੜ ਲਿਆ। ਫਿਰ ਉਸ ਨੇ ਇਕ ਕੱਟਿਆ ਹੋਇਆ ਲਿੰਗ ਕਪੜੇ ਵਿਚੋਂ ਬਾਹਰ ਕੱਢਿਆ ਤੇ ਉਸਨੇ ਇਸਤਰੀ ਦੇ ਮੂੰਹ ਤੇ ਮਰਿਆ।)

ਜਿਹੜੇ ਲੋਕ, ਧਰਮ ਦਾ ਚੋਲਾ ਪਾ ਕੇ ਇਸ 'ਗ੍ਰੰਥ' ਨੂੰ ਗੁਰੂ ਦੀ 'ਬਾਣੀ' ਕਹਿ ਕੇ ਗੁਰੂ ਦਾ ਘੋਰ ਅਪਮਾਨ ਕਰ ਰਹੇ ਹਨ ਤੇ ਸਿੱਖ ਧਰਮ ਨੂੰ ਪੱਥਰ ਯੁਗ ਦਾ ਧਰਮ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕੀ ਉਹ ਸਿੱਖੀ ਦੇ ਦੋਖੀ ਨਹੀ? ਜੇ ਹਨ ਤਾਂ ਸੋਚੋ, ਉਨ੍ਹਾਂ ਨਾਲ ਕਿਵੇਂ ਨਿਪਟਣਾ ਚਾਹੀਦਾ ਹੈ?

**ਨਵੇਂ ਛਪੇ ਦਸਮ ਗ੍ਰੰਥ ਦਾ ਮੁਖ ਪੰਨਾ:**

ੴ ਸਤਿਗੁਰ ਪ੍ਰਸਾਦਿ॥
ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ

ਗੁਰਬਾਣੀ ਦਾ ਲਾਸਾਨੀ ਸੋਧਕ-
ਗਿਯਾਨੀ ਮਹਿੰਦਰ ਸਿੰਘ 'ਰਤਨ'
ਪ੍ਰਕਾਸ਼ਕ ਭਾ. ਚਤਰ ਸਿੰਘ ਜੀਵਨ ਸਿੰਘ,
ਅੰਮ੍ਰਿਤਸਰ।

## ਜਾਗੋ ਸਿੱਖੋ ਜਾਗੋ! ਹੋਸ਼ ਵਿਚ ਆਓ! ਗੁਰੂ ਦੇ ਘੋਰ ਅਪਮਾਨ ਨੂੰ ਰੋਕੋ!

**ਜਾਰੀ ਕਰਤਾ: ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ**
**(ਬਰੈਂਪਟਨ, ਵਿਨੀਪੈਗ, ਕੈਲਗਰੀ, ਵੈਨਕੂਵਰ, ਕੈਲੋਨਾ, ਐਡਮਿੰਟਨ, ਮਾਂਟਰੀਅਲ)**

# ਮੈ ਹਾਂ ਅੱਜ ਦਾ ਅਕਾਲੀ?

ਚਿਹਰਾ ਰੱਬ ਵਾਲਾ, ਕੰਮ ਠੱਗ ਵਾਲਾ।
ਭੀੜ ਪਈ ਤੇ ਬਾਹਾਂ ਕਰਾਂ ਖੜ੍ਹੀਆਂ, ਗੱਲਾਂ ਗੱਲਾਂ ਦੇ ਵਿੱਚ ਗੱਜ ਵੱਜ ਬਾਹਲਾ।
ਮੈਨੂੰ ਸੁਕਿਆਂ ਪਤਾ ਨਹੀ ਕਿੰਨੀ ਦੇਰ ਹੋਈ, ਫਿਰ ਵੀ ਆਖਦਾ ਰਹਾਂ ਮੈ ਹਰਿਆਲੀ ਹਾਂ,
ਸ਼ਰਮ ਕੋਈ ਨਹੀਂ ਫਿਰ ਵੀ ਆਖਦਾਂ ਹਾਂ ਮੈ ਅਕਾਲੀ ਹਾਂ, ਮੈ ਅਕਾਲੀ ਹਾਂ।
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅੱਜ ਕੱਲ, ਮੇਰੀ ਦੇਹ ਦਾ ਬਣੇ ਸ਼ਿੰਗਾਰ ਪੰਜੇ।
ਭੁੱਕੀ, ਅਫੀਮ, ਸ਼ਰਾਬ, ਸਮੈਕ, ਗਾਂਜਾ ਅੱਜ ਕੱਲ ਦੇ ਮੇਰੇ ਵਪਾਰ ਪੰਜੇ।
ਰਿਸ਼ਵਤਖੋਰ, ਸਮੱਗਲਰ, ਠੱਗ, ਚੋਰ, ਕਾਤਲ, ਬਣ ਗਏ ਨੇ ਜੁੰਡੀ ਦੇ ਯਾਰ ਪੰਜੇ।
ਸਿੱਖ ਲਿਆ ਹਰਾਮ ਅੱਜ ਖਾਣਾ ਕਿਹੜੀ ਗੱਲ ਨੂੰ ਕਰਨ ਮੇਰੇ ਕਾਰ ਪੰਜੇ।
ਮੇਰਾ ਸਿੱਖੀ ਦੇ ਨਾਲ ਨਹੀ ਕੋਈ ਮੋਹ ਬਹੁਤਾ ਵੋਟਾਂ ਲੈਣ ਲਈ ਰੱਖੇ ਕਕਾਰ ਪੰਜੇ।
ਬਾਜਾਂ ਵਾਲਿਆ ਉਂਝ ਤਾਂ ਮੈ ਸਿੱਖ ਤੇਰਾ ਬੋਤਲ ਸ਼ਾਮ ਨੂੰ ਕਰਦਾ ਖਾਲੀ ਹਾਂ ।
ਸ਼ਰਮ ਕੋਈ ਨਹੀਂ ਫਿਰ ਵ—–
ਖੁਦ ਹੁੰਦੇ ਸੀ ਅਕਾਲੀ ਸ਼ਹੀਦ ਪਹਿਲੇ ਅੱਜ ਮੈ ਮੁੱਲ ਸ਼ਹੀਦਾਂ ਦਾ ਵੱਟਦਾ ਹਾਂ।
ਪਹਿਲੇ ਮਾਰਦੇ ਸੀ ਲੱਤ ਨਵਾਬੀਆਂ ਨੂੰ ਅੱਜ ਮੈ ਪੈਰ ਵਜ਼ੀਰੀਆਂ ਲਈ ਚੱਟਦਾ ਹਾਂ।
ਪਹਿਲੇ ਲੋਕਾਂ ਦੀ ਇੱਜ਼ਤ ਦੇ ਸੀ ਰਾਖੇ ਅੱਜ ਮੈ ਲੋਕਾਂ ਦੀ ਇੱਜ਼ਤ ਉਤਾਰਦਾਂ ਹਾਂ।
ਪਹਿਲੇ ਪੰਥ ਤੋਂ ਪੁੱਤਰ ਸੀ ਵਾਰ ਦਿੰਦੇ ਅੱਜ ਮੈ ਪੁੱਤਰ ਤੋਂ ਪੰਥ ਨੂੰ ਵਾਰਦਾਂ ਹਾਂ।
ਸੇਵਾ ਕੌਮ ਦੀ ਅਸੀਂ ਵੀ ਬੜੀ ਕੀਤੀ ਹੱਦ ਬੰਨੇ ਹੀ ਸਾਰੇ ਮੁੱਕਾ ਦਿੱਤੇ।
ਨਸ਼ੇ ਵੋਟਾਂ 'ਚ ਅਸੀਂ ਸਦਾ ਮੁੱਫਤ (Free) ਵੰਡੇ ਜਿਹੜੇ ਨਹੀ ਸੀਂ ਖਾਂਦੇ ਉਹ ਵੀ ਲਾ ਦਿੱਤੇ।
ਸਿੱਖ ਕੌਮ ਨੂੰ ਖਾ ਕੇ ਮੈ ਘੁਣ ਵਾਂਗੂੰ ਫਿਰ ਵੀ ਆਖਦਾ ਰਹੂੰਗਾ ਮੈ ਮਾਲੀ ਹਾਂ।
ਸ਼ਰਮ ਕੋਈ ਨਹੀ ਫਿਰ ਵੀ ਆਖਦਾਂ ਹਾਂ ਮੈ ਅਕਾਲੀ ਹਾਂ, ਮੈ ਅਕਾਲੀ ਹਾਂ।

**- ਹਰਜੀਤ ਸਿੰਘ ਭੁੱਲਰ**

# ਅਣਜੰਮੀਆਂ ਕੁੜੀਆਂ

ਰੱਬ ਜਾਣੇ ਉਹ ਹੋਣੀਆ ਕਿੰਨਾ ਕੁ ਰੋਈਆਂ।
ਉਹ ਕੁੜੀਆਂ ਜੋ ਜੰਮਣੇ ਤੋਂ ਪਹਿਲਾਂ ਹੀ ਮੋਈਆਂ ।
ਸ਼ਾਇਦ ਕੋਈ ਹੁੰਦੀ ਮਾਈ ਭਾਗੋ ਦੀ ਹਾਣੀ,
ਜੋ ਲਿਖਣੇ ਤੋਂ ਪਹਿਲਾਂ ਹੀ ਮਿਟ ਗਈ ਕਹਾਣੀ।
ਉਹ ਸਭ ਕੁਝ ਵੀ ਹੁੰਦੀਆਂ ਕੁਝ ਵੀ ਨਾ ਹੋਈਆਂ।
ਉਹ ਕੁੜੀਆਂ ਜੋ ਜੰਮਣੇ————————
ਸ਼ਾਇਦ ਉਹ ਹੁੰਦੀਆਂ ਕਈ ਬੁੱਲ੍ਹਾਂ ਦੇ ਖੇੜੇ,
ਪਰ ਵੱਸਣੇ ਤੋਂ ਪਹਿਲਾਂ ਹੀ ਉੱਜੜੇ ਕਈ ਵਿਹੜੇ।
ਥਾਂਵਾਂ ਕਈ ਖਾਲੀ ਬਿੰਨ ਉਹਨਾਂ ਦੇ ਹੋਈਆਂ।
ਉਹ ਕੁੜੀਆਂ ਜੋ ਜੰਮਣੇ————————
ਕੋਈ ਦਾਤਾ, ਭਗਤ, ਸੂਰਮਾ ਜੱਗ ਅੰਦਰ
ਸ਼ਾਇਦ ਉਹ ਪੈਦਾ ਕਰਦੀਆਂ ਸਿਕੰਦਰ।
ਸ਼ਾਇਦ ਉਹ ਹੁੰਦੀਆਂ ਜੱਗ ਲਈ ਰੋਸ਼ਨਾਈਆਂ
ਉਹ ਕੁੜੀਆਂ ਜੋ ਜੰਮਣੇ——————————
ਦੋਸ਼ੀ ਨੇ ਬੂਟੇ ਜਾਂ ਫਿਰ ਇਹ ਬਹਾਰਾਂ,
ਜਾਂ ਮਾਲੀ ਜੋ ਭੁੱਲ ਗਏ ਨੇ ਬਾਗਾਂ ਦੀਆਂ ਸਾਰਾਂ।
ਭੁੱਲਰਾ ਅਣਹੋਣੀਆਂ ਹੀ ਕਿਉਂ ਇਹ ਹੋਈਆਂ।
ਕੁਝ ਕੁੜੀਆਂ ਕਿਉਂ ਜੰਮਣੇ ਤੋਂ ਪਹਿਲਾਂ ਹੀ ਮੋਈਆਂ

-ਹਰਜੀਤ ਸਿੰਘ ਭੁੱਲਰ
**E-mail: bhullar.h@hotmail.com**
**mobile # 647-986-5060**

# ਹੁਣ ਮੈਂ ਸਿੱਖ ਨਹੀਂ !



**ਮਨਦੀਪ ਸਿੰਘ 'ਵਰਨਨ'**
**(ਬੀ.ਸੀ.) ਕੈਨੇਡਾ**
**mandeep79@hotmail.com**
**Mob. 250-540-6266**

ਜ਼ਮੀਰ ਆਪਣਾ ਜਾਨਣ ਲਈ ਮੈਂ ਦਰਪਣ ਅੱਗੇ ਖੜ੍ਹਿਆ
ਮਨ ਦਾ ਦਰਪਣ ਮੇਰੇ ਉੱਤੇ ਗੁੱਸੇ ਦੇ ਨਾਲ ਝੜ੍ਹਿਆ
ਮੈਨੂੰ ਤਰਸ ਮੇਰੇ ਤੇ ਆਇਆ ਤੇ ਹਿਰਦਾ ਆਪਣਾ ਪੜ੍ਹਿਆ
ਹੁਣ ਮੈਂ ਸਿੱਖ ਨਹੀਂ !
ਗੁਰ ਬਾਬੇ ਦੀ ਸਿੱਖਿਆ ਲੱਗੇ ਅਨਜਾਣ ਕੋਈ
'ਸ਼ਬਦ' ਛੱਡ ਮੈਂ ਸਾਧਾਂ ਦੀ ਲੈ ਲਈ ਹੈ ਢੋਈ
ਯਾਦਾਂ ਵਿੱਚ ਨਹੀ ਲੱਭਦੀ ਗੁਰਮਤਿ ਖੁਸ਼ਬੋਈ
ਹੁਣ ਮੈਂ ਸਿੱਖ ਨਹੀਂ !
ਮੈਂ ਜੱਟ, ਭਾਪਾ, ਤਰਖਾਣ ਤੇ 'ਰਮਦਾਸ' ਬਣਾ
ਹੁਣ ਰੂਹ ਨਿਕਲੀ ਤੇ ਮੈਂ ਤੁਰਦੀ ਫਿਰਦੀ ਲਾਸ਼ ਬਣਾ
ਜ਼ਾਤ ਹਨੇਰੀ ਮੇਰੀ, ਨਾ ਪ੍ਰਕਾਸ਼ ਬਣਾ
ਹੁਣ ਮੈਂ ਸਿੱਖ ਨਹੀਂ!
ਥਾਂ-ਥਾਂ ਉੱਤੇ ਸਿਜਦੇ ਕਰਨੇ ਕਾਜ ਮੇਰਾ
ਅਰਧ-ਬਲੀ ਜਿਹੀ ਲਾਸ਼ ਵਾਂਗ ਸਮਾਜ ਮੇਰਾ
ਪਾਧਾਂ ਅਤੇ ਜੋਤਸ਼ੀ ਹੈ ਹਮਰਾਜ਼ ਮੇਰਾ
ਹੁਣ ਮੈਂ ਸਿੱਖ ਨਹੀਂ !
ਗੁੱਟ ਮੇਰੇ ਤੇ ਲਾਲ ਜਿਹੀ ਮੌਲੀ ਬੰਨ੍ਹੀ ਹੈ
ਮਾਤ ਕਾਲਕਾ ਮਨ ਵਿੱਚ ਰੱਬ ਜੀ ਮੰਨੀ ਹੈ
'ਬਚਿੱਤਰ ਨਾਟਕ' ਵਿੱਚੋਂ ਮੱਤ ਉਪੰਨੀ ਹੈ
ਹੁਣ ਮੈਂ ਸਿੱਖ ਨਹੀਂ!
'ਧੀ' ਮਾਰੀ ਅਖੰਡ ਪਾਠ ਦੀ ਲੜੀ ਹੋਈ
ਮੋਤੀ ਜੜੇ ਰੁਮਾਲੇ ਸਾਹਵੇਂ 'ਧੀ' ਰੋਈ
'ਪਾਖਿਯਾਨ' ਦੀ ਸਿੱਖੀ ਸਿਰ ਤੇ ਚੜ੍ਹੀ ਹੋਈ
ਹੁਣ ਮੈਂ ਸਿੱਖ ਨਹੀਂ!
ਮਹਿੰਗੇ ਲੰਗਰ ਲਾ ਕੇ ਸੇਵਾ ਕਰਦਾ ਹਾਂ
ਸਾਧਾਂ ਦੇ ਡੇਰੇ ਤੇ ਚੌਕੀ ਭਰਦਾ ਹਾਂ
ਥਾਂ-ਥਾਂ ਜਾ ਕੇ ਮੜ੍ਹੀਆਂ 'ਤੇ ਨਿੱਤ ਮਰਦਾ ਹਾਂ
ਹੁਣ ਮੈਂ ਸਿੱਖ ਨਹੀਂ!
ਭਗਤ ਮੇਰੇ ਲਈ ਵੱਖੋ-ਵੱਖਰੇ ਹੋ ਗਏ ਨੇ
ਸੱਚ ਦੇ ਸਾਂਈ ਮੈਥੋਂ ਬੂਹੇ ਢੋ ਗਏ ਨੇ
ਮੇਰੇ ਪੁਰਖੇ ਮੇਰੇ ਸਾਹਵੇਂ ਰੋ ਗਏ ਨੇ
ਹੁਣ ਮੈਂ ਸਿੱਖ ਨਹੀਂ!
ਵਿੱਚ ਡੇਰਿਆਂ ਇੱਜ਼ਤ ਮੇਰੀ ਲੁੱਟੀ ਗਈ
ਜੜ੍ਹ ਜਾਪੇ ਹੁਣ ਮੇਰੀ ਪੱਤ ਦੀ ਪੁੱਟੀ ਗਈ
ਨਾ ਜਾਣਾ 'ਮਨਦੀਪ' ਕੀ ਹੋ ਤਰੁੱਟੀ ਗਈ
ਪਰ, ਹੁਣ ਮੈਂ ਸਿੱਖ ਨਹੀਂ !

# ਪੰਜਾਬ ਤੇ ਪੰਜਾਬੋਂ ਬਾਹਰ ਪ੍ਰਚਾਰ ਕੇਂਦਰਾਂ ਦੀ ਸੂਚੀ

ਗੁਰੂ ਪਿਆਰੀ ਸਿੱਖ ਸੰਗਤ ਜੀਓ! ਵਾਹਿ ਗੁਰੂ ਜੀ ਕਾ ਖਾਲਸਾ, ਵਾਹਿ ਗੁਰੂ ਜੀ ਕੀ ਫਤਹਿ।

ਪੰਜਾਬ, ਭਾਰਤ ਤੇ ਬਾਹਰ ਵੱਸਦੇ ਪੰਜਾਬੀਆਂ ਦੀ ਮੱਦਦ ਨਾਲ ਅੱਜ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਤੇ ਕੁੱਝ ਹੋਰ ਸੰਸਥਾਵਾਂ ਗੁਰੂ ਨਾਨਕ ਸਾਹਿਬ ਦੇ ਪਿਆਰੇ, ਸਤਿਕਾਰੇ ਤੇ ਲੋਕ ਭਲਾਈ ਦੇ ਸੰਦੇਸ਼ ਨੂੰ ਘੱਟ ਤੋਂ ਘੱਟ ਸਿੱਖਾਂ ਵਿਚ ਪ੍ਰਚਾਰਨ ਲਈ ਯਤਨਸ਼ੀਲ ਹੈ। ਪ੍ਰਚਾਰ ਦਾ ਇਹ ਕੰਮ ਮਿਸਨਰੀ ਕਾਲਜ਼ਾਂ ਤੋਂ ਸਿੱਖੇ ਪ੍ਰਚਾਰਕਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਰਥਾਂ ਸਮੇਤ ਪੜ੍ਹਨੀ ਸਿਖਾਈ ਜਾ ਰਹੀ ਹੈ, ਕਿਤਾਬਾਂ ਨਾਲ, ਸੀ.ਡੀਜ਼ ਤੇ ਡੀਵੀਡੀਜ਼ ਅਤੇ ਸਮਾਜ ਸੁਧਾਰਕ ਫਿਲਮਾਂ ਵਿਖਾ ਕੇ ਸਿੱਖਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ। ਜੇਕਰ ਕੋਈ ਵੀ ਗੁਰੂ ਨਾਨਕ ਪਾਤਸ਼ਾਹ ਦਾ ਸਤਿਕਾਰ ਕਰਦਾ ਹੋਇਆ, ਇਸ ਕੰਮ ਵਿਚ, ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਚਾਹਵੇ ਤਾਂ ਅਸੀਂ ਉਸ ਦਾ ਤਹਿਦਿਲੋਂ ਧੰਨਵਾਦੀ ਹੋਵਾਂਗੇ।

## ਵਲੋਂ : ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ

| ਅੰਕ | ਕੇਂਦਰ ਦਾ ਨਾਮ, ਸਪੌਂਸਰ | ਤਹਿਸੀਲ | ਜਿਲ੍ਹਾ | ਅਰੰਭਤਾ ਦੀ ਮਿਤੀ |
|---|---|---|---|---|
| **ਪੰਜਾਬ ਤੋਂ ਬਾਹਰ ਦੇ ਗੁਰਮਤਿ ਪ੍ਰਚਾਰ ਕੇਂਦਰ:** | | | | |
| 1 | ਗੁਲਜਾਰ ਪੁਰ, ਐਸ.ਐਸ.ਆਈ, ਹਰਜੀਤ ਸਿੰਘ ਕਨੇਡਾ | ਰੁਦਰਪੁਰ, ਨੇੜੇ ਬਰੇਲੀ | ਕਾਸ਼ੀਪੁਰ, ਉੱਤਰ ਪ੍ਰਦੇਸ਼ | ਫਰਵਰੀ 2008 |
| 2 | ਪਡਾਲੀ ਗੁਰਦੁਆਰਾ | ਬੜਵਾਹ, ਨੇੜੇ ਇੰਦੌਰ | ਖਰਗੌਨ, ਮੱਧ ਪ੍ਰਦੇਸ਼ | ਅਗਸਤ 2008 |
| 3 | ਹਬੀਬ ਗੰਜ | ਭੁਪਾਲ | ਭੁਪਾਲ, ਮੱਧ ਪ੍ਰਦੇਸ਼ | ਜੁਲਾਈ 2011 |
| 4 | ਆਰ.ਐਸ.ਪੁਰਾ, ਲ਼ੋਕਲ ਕਮੇਟੀ | ਆਰ.ਐਸ.ਪੁਰਾ | ਜੰਮੂ | ਜੁਲਾਈ 2011 |
| 5 | ਸਿੰਬਲ ਕੈਂਪ, ਲ਼ੋਕਲ ਕਮੇਟੀ | ਆਰ.ਐਸ.ਪੁਰਾ | ਜੰਮੂ | ਅਗਸਤ 2011 |
| 6 | ਪਦਮਪੁਰ, ਗੁਰਧੀਰ ਸਿੰਘ ਅਸਟ੍ਰੇਲੀਆ | ਪਦਮਪੁਰ | ਗੰਗਾਨਗਰ, ਰਾਜ. | ਦਸੰਬਰ 2011 |
| 7 | ਕਾਨਪੁਰ | ਕਾਨਪੁਰ | ਖਾਨਪੁਰ, ਉਤਰ ਪ੍ਰਦੇਸ਼ | ਦਸੰਬਰ 2012 |
| 8 | ਨੋਇਡਾ | ਨੋਇਡਾ | ਨੋਇਡਾ ਯੂ.ਪੀ. | ਮਈ 2012 |
| **ਗੁਰਮਤਿ ਪ੍ਰਚਾਰ ਕੇਂਦਰ ਮਾਝਾ:** | | | | |
| 1 | ਥੋਬਾ, ਅਮਰਜੀਤ ਸਿੰਘ ਡੁਬਈ | ਅਜਨਾਲਾ | ਅੰਮ੍ਰਿਤਸਰ | ਅਕਤੂਬਰ 2006 |
| 2 | ਲ਼ੋਪੋਕੇ ਅੰਮ੍ਰਿਤਪਾਲ ਸਿੰਘ ਅਮਰੀਕਾ | ਅੰਮ੍ਰਿਤਸਰ | ਅੰਮ੍ਰਿਤਸਰ | ਅਪ੍ਰੈਲ 2009 |
| 3 | ਰਈਆ, ਲੋਕਲ ਕਮੇਟੀ | ਬਾਬਾ ਬਕਾਲਾ | ਅੰਮ੍ਰਿਤਸਰ | 2002 |
| 4 | ਠੇਠਰਕੇ, ਮੰਗਲਜੀਤ ਸਿੰਘ ਇਟਲੀ | ਡੇਰਾ ਬਾਬਾ, ਨਾਨਕ | ਗੁਰਦਾਸਪੁਰ | ਅਪ੍ਰੈਲ 2010 |
| 5 | ਡੱਲ, ਅੰਮ੍ਰਿਤਪਾਲ ਸਿੰਘ ਅਮਰੀਕਾ | ਪੱਟੀ | ਤਰਨਤਾਰਨ | ਜੁਲਾਈ 2003 |
| 6 | ਮਾਲੂਵਾਲ, ਸਤਪਾਲ ਸਿੰਘ ਹਾਂਗਕਾਂਗ | | ਤਰਨਤਾਰਨ | ਮਾਰਚ 2010 |
| 7 | ਮਾਹਣੇ, ਮੁਖਤਿਆਰ ਸਿੰਘ ਅਮਰੀਕਾ | | ਤਰਨਤਾਰਨ | ਅਗਸਤ 2010 |
| 8 | ਸਰਹਾਲੀ ਐਸ.ਐਸ.ਆਈ ਅਤੇ ਹਾਂਗਕਾਂਗ ਸੰਗਤ | ਤਰਨਤਾਰਨ | ਤਰਨਤਾਰਨ | ਫਰਵਰੀ 2010 |
| 9 | ਪਲਾਸੌਰ, ਐਸ.ਐਸ.ਆਈ, ਸੁਖਵਿੰਦਰ ਸਿੰਘ | ਤਰਨਤਾਰਨ | ਤਰਨਤਾਰਨ | 2011 |
| 10 | ਥਰਨਤਾਰਨ, ਐਸ.ਐਸ.ਆਈ | ਤਰਨਤਾਰਨ | ਤਰਨਤਾਰਨ | ਸਤੰਬਰ 2010 |
| 11 | ਗੋਇੰਦਵਾਲ ਸਾਹਿਬ, ਲੋਕਲ ਕਮੇਟੀ | ਖਡੂਰ ਸਾਹਿਬ | ਤਰਨਤਾਰਨ | ਜੂਨ 2002 |
| 12 | ਮੱਲਾ (ਗ੍ਰੰਥੀ), ਲੋਕਲ ਕਮੇਟੀ | ਤਰਨਤਾਰਨ | ਤਰਨਤਾਰਨ | ਮਈ 2010 |
| 13 | ਸਭਰਾ, ਲੋਕਲ ਕਮੇਟੀ | ਪੱਟੀ | ਤਰਨਤਾਰਨ | ਅਗਸਤ 2011 |
| 14 | ਨੌਸ਼ਹਿਰਾ ਪੰਨੂਆਂ, ਐਸ.ਐਸ.ਆਈ (ਸਰਹਾਲੀ) | ਤਰਨਤਾਰਨ | ਤਰਨਤਾਰਨ | ਜੂਨ 2009 |
| 15 | ਮਦ | ਬਾਬਾ ਬਕਾਲਾ | ਅੰਮ੍ਰਿਤਸਰ | ਮਈ 2012 |
| **ਗੁਰਮਤਿ ਪ੍ਰਚਾਰ ਕੇਂਦਰ ਦੁਆਬਾ:** | | | | |
| 1 | ਪਿਆਲਾਂ, ਕਮਲਜੀਤ ਸਿੰਘ ਨੌਰਵੇ | ਹੁਸ਼ਿਆਰਪੁਰ | ਹੁਸ਼ਿਆਰਪੁਰ | ਅਪ੍ਰੈਲ 2009 |
| 2 | ਪਦੀ ਸੂਰਾ ਸਿੰਘ, ਸੁਖਦੇਵ ਸਿੰਘ ਇੰਗਲੈਂਡ | ਗੜ੍ਹਸ਼ੰਕਰ | ਹੁਸ਼ਿਆਰਪੁਰ | ਜੂਨ 2012 |
| 3 | ਖਾਲੇਵਾਲ, ਐਸ.ਐਸ.ਆਈ | ਗੜ੍ਹਸ਼ੰਕਰ | ਹੁਸ਼ਿਆਰਪੁਰ | ਨਵੰਬਰ 2010 |
| 4 | ਦਿਆਨਤਪੁਰ, ਕਿਰਪਾਲ ਸਿੰਘ ਨਿੱਝਰ ਅਮਰੀਕਾ | ਆਦਮਪੁਰ | ਜਲੰਧਰ | ਫਰਵਰੀ 2007 |
| 5 | ਚੱਕ ਕਲਾਂ, ਲੋਕਲ ਕਮੇਟੀ, ਅਮਰੀਕ ਸਿੰਘ ਕਨੇਡਾ | ਨਕੋਦਰ | ਜਲੰਧਰ | ਜੁਲਾਈ 2011 |
| 6 | ਲ਼ੱਧੜਾਂ, ਲ਼ੋਕਲ | ਨਕੋਦਰ | ਜਲੰਧਰ | ਸਤੰਬਰ 2011 |
| 7 | ਸ਼ੰਕਰ ਢੇਰੀਆਂ, ਭੁਪਿੰਦਰ ਸਿੰਘ ਨੌਰਵੇ | ਨਕੋਦਰ | ਜਲੰਧਰ | ਦਸੰਬਰ 2011 |
| 8 | ਭੋਗਪੁਰ | ਜਲੰਧਰ | ਜਲੰਧਰ | ਮਾਰਚ 2012 |

| ਅੰਕ | ਕੇਂਦਰ ਦਾ ਨਾਮ, ਸਪੌਂਸਰ | ਤਹਿਸੀਲ | ਜਿਲ੍ਹਾ | ਅਰੰਭਤਾ ਦੀ ਮਿਤੀ |
|---|---|---|---|---|
| 9 | ਖੁਲਾਰ, ਲੋਕਲ ਕਮੇਟੀ | ਸ਼ਾਹਕੋਟ | ਜਲੰਧਰ | ਮਈ 2012 |
| 10 | ਭੁੱਲਰ ਬੇਟ, ਐਸ.ਐਸ.ਆਈ | | ਕਪੂਰਥਲਾ | ਜੁਲਾਈ 2011 |
| 11 | ਭੰਡਾਲ ਦੋਨਾ, ਕੁਲਵੰਤ ਸਿੰਘ ਇੰਗਲੈਂਡ | ਕਪੂਰਥਲਾ | ਕਪੂਰਥਲਾ | ਅਗਸਤ 2011 |
| 12 | ਕੇਸਰਪੁਰ | ਕਪੂਰਥਲਾ | ਕਪੂਰਥਲਾ | ਮਾਰਚ 2012 |
| 13 | ਨਵਾਂਸ਼ਹਿਰ, ਲੋਕਲ ਕਮੇਟੀ | ਨਵਾਂਸ਼ਹਿਰ | ਨਵਾਂਸ਼ਹਿਰ | ਅਗਸਤ 2010 |
| | | ਭਾ.ਹਿੰਮਤ ਸਿੰਘ ਕਾਲਜ | | |
| 14 | ਅੱਪਰਾ, ਪਰਮਜੀਤ ਕੌਰ ਇੰਗਲੈਂਡ | ਬੰਗਾ | ਨਵਾਂਸ਼ਹਿਰ | ਮਾਰਚ 2010 |
| 15 | ਮਜਾਰੀ, ਗੁਰੂ ਨਾਨਕ ਬੱਬਰ ਅਕਾਲੀ ਯਾਦਗਾਰੀ ਕਾਲਜ | ਬਲਾਚੌਰ ਲੜਕੀਆਂ | ਨਵਾਂਸ਼ਹਿਰ | ਮਾਰਚ 2012 |
| **ਗੁਰਮਤਿ ਪ੍ਰਚਾਰ ਕੇਂਦਰ ਮਾਲਵਾ :** | | | | |
| 1 | ਢਪਾਲੀ ਐਸ.ਐਸ.ਆਈ ਲਖਬੀਰ ਸਿੰਘ | ਰਾਮਪੁਰਾਫੂਲ | ਬਠਿੰਡਾ | ਨਵੰਬਰ 2008 |
| 2 | ਭੋਖੜਾ, ਅੰਮ੍ਰਿਤਪਾਲ ਸਿੰਘ ਅਮਰੀਕਾ | ਬਠਿੰਡਾ | ਬਠਿੰਡਾ | ਅਗਸਤ 2008 |
| 3 | ਮਨੈਲਾ, ਐਸ.ਐਸ.ਆਈ, ਅਮਰਿੰਦਰ ਸਿੰਘ ਅਮਰੀਕਾ | ਖਮਾਣੋ | ਫਤਿਹਗੜ੍ਹ ਸਾਹਿਬ | ਅਪ੍ਰੈਲ 2010 |
| 4 | ਬਰਵਾਲੀ ਕਲਾਂ, ਕਰਮਜੀਤ ਸਿੰਘ ਸਿਆਟਲ | ਫਤਿਹਗੜ੍ਹ ਸਾਹਿਬ | ਫਤਿਹਗੜ੍ਹ ਸਾਹਿਬ | ਮਾਰਚ 2012 |
| 5 | ਕਾਲਖ ਐਸ.ਐਸ.ਆਈ | ਲੁਧਿਆਣਾ | ਲੁਧਿਆਣਾ | ਜੁਲਾਈ 2008 |
| 6 | ਦਾਖਾ, ਐਸ.ਐਸ.ਆਈ | ਲੁਧਿਆਣਾ | ਲੁਧਿਆਣਾ | ਅਪ੍ਰੈਲ 2008 |
| 7 | ਮੁਕੰਦਪੁਰ(ਗੁੰਬੀ), ਲੋਕਲ ਕਮੇਟੀ | ਲੁਧਿਆਣਾ | ਲੁਧਿਆਣਾ | ਦਸੰਬਰ 2010 |
| 8 | ਘੁਮਾਣਾਂ, ਮਨਜੀਤ ਸਿੰਘ ਮਾਂਗਟ | ਉਦੋਵਾਲ | ਲੁਧਿਆਣਾ | ਫਰਵਰੀ 2007 |
| 9 | ਸ਼ਿਮਲਾਪੁਰੀ ਕਾਲਜ | ਲੁਧਿਆਣਾ | ਲੁਧਿਆਣਾ | ਜੂਨ 2009 |
| 10 | ਘਾਗੇਵਾਲ, ਲੋਕਲ ਕਮੇਟੀ | ਲੁਧਿਆਣਾ | ਲੁਧਿਆਣਾ | ਅਗਸਤ 2011 |
| 11 | ਸਹਾਰਨ ਮਾਜਰਾ, ਐਸ.ਐਸ.ਆਈ | ਪਾਇਲ | ਲੁਧਿਆਣਾ | ਮਈ 2012 |
| 12 | ਭਾਗੀਕੇ ਐਸ.ਐਸ.ਆਈ, ਗੁਰਿੰਦਰ ਸਿੰਘ ਕਨੇਡਾ | ਨਿਹਾਲ ਸਿੰਘ ਵਾਲਾ | ਮੋਗਾ | ਅਪ੍ਰੈਲ 2010 |
| 13 | ਸਿਧਵਾਂ ਕਲਾਂ, ਐਸ.ਐਸ.ਆਈ, ਸੋਹਨ ਸਿੰਘ ਅਮਰੀਕਾ | ਜਗਰਾਂਉ | ਮੋਗਾ | ਅਪ੍ਰੈਲ 2007 |
| 14 | ਰਾਮਗੜ੍ਹ ਭੁੱਲਰ ਲੋਕਲ ਕਮੇਟੀ | ਜਗਰਾਂਉ | ਮੋਗਾ | ਅਪ੍ਰੈਲ 2007 |
| 15 | ਰਣਸੀਂਹ ਕਲਾਂ, ਐਸ.ਐਸ.ਆਈ, ਸਿਕੰਦਰਜੀਤ ਸਿੰਘ ਕਨੇਡਾ | ਨਿਹਾਲ ਸਿੰਘ ਵਾਲਾ | ਮੋਗਾ | ਅਗਸਤ 2008 |
| 16 | ਨਵਾਂ ਰਾਮੂਵਾਲਾ, ਲੋਕਲ ਕਮੇਟੀ | ਮੋਗਾ | ਮੋਗਾ | ਅਗਸਤ 2008 |
| 17 | ਮਟਵਾਣੀ, ਹਰਮਨਦੀਪ ਸਿੰਘ, ਐਡਮਿੰਟਨ ਕਨੇਡਾ | ਮੋਗਾ | ਮੋਗਾ | ਦਸੰਬਰ 2012 |
| 18 | ਮਾੜੀ ਮਸਤਫਾ, ਲੋਕਲ ਕਮੇਟੀ | ਬਾਘਾ ਪੁਰਾਣਾ | ਮੋਗਾ | ਮਾਰਚ 2012 |

## ਵਿਸ਼ੇਸ਼ ਸਹਿਯੋਗੀ

1. ਸ੍ਰ. ਸਤਿੰਦਰਪਾਲ ਸਿੰਘ ਚੱਢਾ ਜੀ, ਇੰਗਲੈਂਡ, ਨੇ ਖਾਲਸਾ ਅਖ਼ਬਾਰ ਨੂੰ ਦੁਨੀਆਂ ਭਰ ਵਿਚ ਵੰਡਣ ਵਾਸਤੇ ਅਤੇ ਪੰਜਾਬ ਵਿਚ ਸਿੱਖੀ ਦੇ ਪ੍ਰਚਾਰ ਵਾਸਤੇ ਭਾਰੀ ਸਹਾਇਤਾ ਦਾ ਵਚਨ ਦਿੱਤਾ।

2. ਡਾ. ਗੁਰਚਰਨ ਸਿੰਘ ਕੰਵਲ ਯੂ. ਐਸ. ਏ. ਨੇ ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਦੀ ਭਾਰੀ ਮਾਇਕ ਸਹਾਇਤਾ ਕਰਕੇ, ਬਾਬੇ ਨਾਨਕ ਦੇ ਡੋਬੇ ਜਾ ਰਹੇ ਸਿੱਖ ਸਿਧਾਂਤ ਦੇ ਬੇੜੇ ਨੂੰ, ਮੁੜ ਸੁਰਜੀਤ ਕਰਨ ਲਈ, ਸਾਨੂੰ ਉਤਸ਼ਹਿਤ ਕੀਤਾ।

3. ਸਰਦਾਰਨੀ ਕੁਲਦੀਪ ਕੌਰ ਐਡਮਿੰਟਨ, (ਕੈਨੇਡਾ), ਨੇ ਖਾਲਸਾ ਅਖ਼ਬਾਰ ਲਈ ਬਹੁਤ ਵੱਡੀ ਮਾਇਕ ਸਹਾਇਤਾ ਦਿੱਤੀ

4. ਸ੍ਰ. ਬਖਤਾਵਰ ਸਿੰਘ ਪੰਮਾ, ਪਿੰਡ ਚੁਪਕੀਤੀ ਜ਼ਿਲ੍ਹਾ ਮੋਗਾ ਤੇ ਉਸਦੇ ਸਹਿਯੋਗੀ ਵੀਰ ਜਿਵੇਂ: ਸ੍ਰ. ਪੂਰਨ ਸਿੰਘ, ਸ੍ਰ. ਸੁਰਜੀਤ ਸਿੰਘ, ਸ੍ਰ. ਗੁਰਮੀਤ ਸਿੰਘ, ਸ੍ਰ. ਗੁਰਮੀਤ ਸਿੰਘ ਮਿਸੀਸਾਗਾ, ਸ੍ਰ. ਗੁਰਪ੍ਰੀਤ ਸਿੰਘ ਤੇ ਸ੍ਰ. ਸੁਖਦੇਵ ਸਿੰਘ ਨੇ ਖਾਲਸਾ ਅਖਬਾਰ ਦੀ ਮਾਇਕ ਸਹਾਇਤਾ ਕੀਤੀ।

5. ਸ੍ਰ. ਸੁਰਿੰਦਰ ਸਿੰਘ ਸ਼ੇਰਗਿੱਲ ਕੈਲੋਨਾ, ਬੀ.ਸੀ, ਸ੍ਰ. ਗੁਰਦੀਪ ਸਿੰਘ ਕੈਲੋਨਾ, ਬੀ.ਸੀ, ਅਤੇ ਸ੍ਰ. ਪਰਮਜੀਤ ਸਿੰਘ ਜੰਡਾ ਵਰਨਨ, ਬੀ.ਸੀ. ਨੇ ਵੀ ਭਾਰੀ ਮਾਇਕ ਸਹਾਇਤਾ ਕੀਤੀ।


*1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜੀਨ...*

ਸਿੱਖ ਵਿਰਸਾ

ਸਾਡਾ ਵਿਰਸਾ

24 ਘੰਟੇ ਆਨ ਲਾਇਨ

ਰੇਡੀਓ ਸਾਂਝ

www.radiosanjh.com

Ph: 403-250-8898 Fax: 403-250-8825

Website : www.sikhvirsa.com, Email : virsa@sikhvirsa.com

# ਦਮਦਮੀ ਟਕਸਾਲ ਦੀ ਅਸਲ ਤਵਾਰੀਖ਼
# (ਚੌਂਕ ਮਹਿਤਾ ਡੇਰਾ ਦਾ ਪਿਛੋਕੜ)

ਚੌਂਕ ਮਹਿਤਾ ਡੇਰੇ ਵਾਲੇ ਆਪਣੇ ਆਪ ਨੂੰ 'ਦਮਦਮੀ ਟਕਸਾਲ' ਕਹਿੰਦੇ ਹਨ। ਮਹਿਤਾ ਚੌਕ ਵਿਚ ਕਾਇਮ ਮੌਜੂਦਾ ਡੇਰੇ ਨੂੰ ਬਣਾਉਣ ਵਾਲੇ ਗਿਆਨੀ ਕਰਤਾਰ ਸਿੰਘ (ਜਨਮ 1932, ਪੁੱਤਰ ਚੰਦਾ ਸਿੰਘ, ਵਾਸੀ ਪੁਰਾਣੇ ਭੂਰੇ? ਭੂਰਾ ਕੋਹਨਾ) ਸਨ। ਉਹ ਗਿਆਨੀ ਗੁਰਬਚਨ ਸਿੰਘ (ਜਨਮ 1902, ਪੁੱਤਰ ਰੂੜ ਸਿੰਘ, ਵਾਸੀ ਅਖਾੜਾ, ਜ਼ਿਲ੍ਹਾ ਲੁਧਿਆਣਾ) ਦੇ ਚੇਲੇ ਸਨ। ਗਿਆਨੀ ਗੁਰਬਚਨ ਸਿੰਘ ਅੱਗੋਂ ਗਿਆਨੀ ਸੁੰਦਰ ਸਿੰਘ (ਜਨਮ 1883, ਪੁੱਤਰ ਖ਼ਜ਼ਾਨ ਸਿੰਘ, ਵਾਸੀ ਭਿੰਡਰ ਕਲਾਂ, ਜ਼ਿਲ੍ਹਾ ਫ਼ੀਰੋਜ਼ਪੁਰ) ਦੇ ਚੇਲੇ ਸਨ ਜੋ ਪਿੰਡ ਭਿੰਡਰਾਂਵਾਲਾ ਦੇ ਰਹਿਣ ਵਾਲੇ ਸਨ, ਜਿਸ ਕਰ ਕੇ ਉਹ ਭਿੰਡਰਾਂਵਾਲੇ ਵਜੋਂ ਵੀ ਜਾਣ ਲਗ ਪਏ ਸਨ। ਗਿਆਨੀ ਸੁੰਦਰ ਸਿੰਘ ਇਕ ਆਮ ਕਿਰਸਾਨ ਤੇ ਪਰਚਾਰਕ ਸਨ; ਉਨ੍ਹਾਂ ਦਾ ਕਿਸੇ ਹੋਰ ਡੇਰੇ ਜਾਂ ਅਖੌਤੀ ਸੰਪਰਦਾ ਨਾਲ ਕੋਈ ਸਬੰਧ ਨਹੀਂ ਸੀ; ਹਾਂ ਉਹ ਕਦੇ ਕਦੇ ਗਿਆਨੀ ਬਿਸ਼ਨ ਸਿੰਘ ਮੁਰਾਲਾ ਕੋਲ ਜਾਇਆ ਜ਼ਰੂਰ ਕਰਦੇ ਸਨ। ਹੌਲੀ-ਹੌਲੀ ਉਨ੍ਹਾਂ ਦਾ ਪਿੰਡ ਭਿੰਡਰਾਂ ਵਾਲਾ ਘਰ ਇਕ ਨਿੱਕਾ ਡੇਰਾ ਬਣ ਗਿਆ ਸੀ। ਗਿਆਨੀ ਸੁੰਦਰ ਸਿੰਘ ਦਾ ਚੇਲਾ ਗਿਆਨੀ ਗੁਰਬਚਨ ਸਿੰਘ ਸੀ। ਗੁਰਬਚਨ ਸਿੰਘ ਆਪਣੇ ਵਿਆਹ (1920) ਤੋਂ 4-5 ਸਾਲ ਬਾਅਦ ਗਿਆਨੀ ਸੁੰਦਰ ਸਿੰਘ ਦੇ ਡੇਰੇ'ਤੇ ਪਿੰਡ ਭਿੰਡਰ ਕਲਾਂ ਵਿਚ ਆ ਗਿਆ। ਸੁੰਦਰ ਸਿੰਘ ਦੀ ਮੌਤ, 47 ਸਾਲ ਦੀ ਉਮਰ ਵਿਚ, 15 ਫ਼ਰਵਰੀ 1930 ਦੇ ਦਿਨ ਹੋਈ ਤੇ ਇਸ ਮਗਰੋਂ ਭਿੰਡਰ ਕਲਾਂ ਦਾ ਡੇਰਾ ਉਸ ਨੇ ਸੰਭਾਲ ਲਿਆ।1930 ਤਕ ਭਿੰਡਰਾਂ ਡੇਰੇ ਦਾ ਨਾਂ 'ਭਿੰਡਰਾਂ ਜਥਾ' ਵੀ ਨਹੀਂ ਸੀ; ਇਹ ਸਿਰਫ਼ ਇਕ ਡੇਰਾ ਸੀ; ਗਿਆਨੀ ਗੁਰਬਚਨ ਸਿੰਘ ਨੇ ਇਸ ਨੂੰ "ਜਥਾ ਭਿੰਡਰਾਂ" ਬਣਾ ਕੇ ਪਰਚਾਰ ਦੌਰੇ ਸ਼ੁਰੂ ਕਰ ਦਿੱਤੇ। ਜਦ ਗਿਆਨੀ ਗੁਰਬਚਨ ਸਿੰਘ ਨੇ (28 ਜੂਨ 1969 ਦੇ ਦਿਨ) ਚੜ੍ਹਾਈ ਕੀਤੀ ਤਾਂ ਉਨ੍ਹਾਂ ਪਿੱਛੋਂ ਡੇਰੇ ਅਤੇ 'ਗੱਦੀ' ਦਾ ਝਗੜਾ ਹੋਇਆ। ਗਿਆਨੀ ਗੁਰਬਚਨ ਸਿੰਘ ਦਾ ਪਰਵਾਰ ਇਹ ਗੱਦੀ ਗਿਆਨੀ ਕਰਤਾਰ ਸਿੰਘ (ਜੋ ਕਿ ਇਕ ਸਾਬਕਾ ਪਟਵਾਰੀ ਸਨ) ਭੂਰਾ ਕੋਹਨਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ, ਨੂੰ ਇਸ ਕਰ ਕੇ ਨਹੀਂ ਦੇਣੀ ਚਾਹੁੰਦਾ ਸੀ ਕਿਉਂਕਿ ਉਹ ਮਾਝੇ ਦੇ ਸਨ (ਹਰਦੀਪ ਸਿੰਘ ਡਿਬਡਿਬਾ ਨੇ ਆਪਣੀ ਕਿਤਾਬ 'ਸਾਕਾ ਨੀਲਾ ਤਾਰਾ ਤੋਂ ਬਾਅਦ...' ਵਿਚ ਇਸ ਦੀ ਚੋਖੀ ਤਫ਼ਸੀਲ ਦਿੱਤੀ ਹੋਈ ਹੈ)।

ਗਿਆਨੀ ਗੁਰਬਚਨ ਸਿੰਘ ਦਾ ਪਰਵਾਰ ਗੱਦੀ ਆਪਣੇ ਇਲਾਕੇ, ਮਾਲਵੇ, ਵਿਚ ਹੀ ਰਖਣੀ ਚਾਹੁੰਦਾ ਸੀ ਤੇ ਇਸ ਕਰ ਕੇ ਉਨ੍ਹਾਂ ਨੇ ਮੋਹਣ ਸਿੰਘ ਨੂੰ ਗੱਦੀ ਦੇ ਦਿੱਤੀ। ਦੂਜੇ ਪਾਸੇ ਗਿਆਨੀ ਕਰਤਾਰ ਸਿੰਘ ਨੇ ਚੌਂਕ ਮਹਿਤਾ ਵਿਚ ਜ਼ਮੀਨ ਲੈ ਕੇ ਆਪਣਾ ਡੇਰਾ ਬਣਾ ਲਿਆ ਤੇ ਇਸ ਦਾ ਨਾਂ 'ਜਥਾ ਭਿੰਡਰਾਂ-ਮਹਿਤਾ' ਰੱਖ ਲਿਆ। ਉਹ 21 ਅਗਸਤ 1977 ਦੇ ਦਿਨ ਇਕ ਐਕਸੀਡੈਂਟ ਵਿਚ ਚੜ੍ਹਾਈ ਕਰ ਗਏ। ਉਨ੍ਹਾਂ ਜਾਣ ਤੋਂ ਪਹਿਲਾਂ ਆਪਣੇ ਜਥੇ ਨੂੰ ਅਖੌਤੀ 'ਦਮਦਮੀ ਟਕਸਾਲ' ਕਹਿਣਾ ਸ਼ੁਰੂ ਕਰ ਦਿੱਤਾ ਸੀ।

ਗਿਆਨੀ ਕਰਤਾਰ ਸਿੰਘ ਦਾ ਵਾਰਸ ਬਾਬਾ ਜਰਨੈਲ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਰੋਡੇ) ਸੀ, ਜੋ 6 ਜੂਨ 1984 ਦੇ ਦਿਨ ਸ਼ਹੀਦ ਹੋ ਗਿਆ। ਉਸ ਮਗਰੋਂ ਠਾਕਰ ਸਿੰਘ (ਮੌਤ 24 ਦਸੰਬਰ 2004) ਇਸ ਡੇਰੇ ਦਾ ਮੁਖੀ ਬਣਿਆ ਜੋ 20 ਸਾਲ ਝੂਠ ਬੋਲਦਾ ਰਿਹਾ (ਉਹ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ) ਕਿ ਬਾਬਾ ਜਰਨੈਲ ਸਿੰਘ ਸ਼ਹੀਦ ਨਹੀਂ ਹੋਏ ਤੇ ਜਿਊਂਦੇ ਹਨ। ਠਾਕਰ ਸਿੰਘ ਮਗਰੋਂ ਹਰਨਾਮ ਸਿੰਘ ਧੁੰਮਾ ਇਸ ਡੇਰੇ ਦਾ ਮੁਖੀ ਬਣਿਆ।

### ਅਖੌਤੀ ਦਮਦਮੀ ਟਕਸਾਲ ਦੇ ਪਿਛੋਕੜ ਦਾ ਸੱਚ

ਜਿਨ੍ਹਾਂ ਪੁਰਾਣੇ ਸਾਧਾਂ ਦਾ ਨਾਂ ਭਿੰਡਰਾਂ-ਮਹਿਤਾ ਜਥੇ ਵਾਲੇ 'ਆਪਣੇ ਮੋਢੀ' ਕਹਿ ਕੇ ਵਰਤਦੇ ਹਨ ਉਨ੍ਹਾਂ ਨੇ ਵੀ 'ਦਮਦਮੀ ਟਕਸਾਲ' ਤਾਂ ਕੀ ਖ਼ਾਲੀ 'ਟਕਸਾਲ' ਲਫ਼ਜ਼ ਵੀ ਕਦੇ ਨਹੀਂ ਵਰਤਿਆ ਸੀ; ਮਿਸਾਲ ਵਜੋਂ ਇਸ ਜੱਥੇ ਦੀਆਂ ਆਪਣੀਆਂ ਲਿਖਤਾਂ ਮੁਤਾਬਿਕ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਤੋਂ ਪਹਿਲਾਂ ਇਨ੍ਹਾਂ ਦੀ ਲੜੀ ਇਹ ਹੈ: ਗਿਆਨੀ ਸੁੰਦਰ ਸਿੰਘ, ਬਿਸ਼ਨ ਸਿੰਘ ਮੁਰਾਲਾ, ਹਰਨਾਮ ਸਿੰਘ ਬੇਦੀ, ਗਿਆਨੀ ਭਗਵਾਨ ਸਿੰਘ, ਗਿਆਨੀ ਦਯਾ ਸਿੰਘ, ਗਿਆਨੀ ਸੰਤ ਸਿੰਘ, ਗਿਆਨੀ ਗੁਰਦਾਸ ਸਿੰਘ, ਗਿਆਨੀ ਸੂਰਤ ਸਿੰਘ, ਬਾਬਾ ਗੁਰਬਖ਼ਸ਼ ਸਿੰਘ, ਬਾਬਾ ਦੀਪ ਸਿੰਘ?ਭਾਈ ਮਨੀ ਸਿੰਘ।

ਇਨ੍ਹਾਂ ਵਿਚੋਂ ਬਾਬਾ ਗੁਰਬਖ਼ਸ ਸਿੰਘ ਸ਼ਹੀਦਾਂ ਮਿਸਲ ਦੇ ਆਗੂ ਸਨ ਅਤੇ ਉਹ ਦਰਬਾਰ ਸਾਹਿਬ ਵਿਚ ਪਹਿਲੀ ਦਸੰਬਰ 1764 ਦੇ ਦਿਨ ਅਹਿਮਦ ਸ਼ਾਹ ਦੁਰਾਨੀ ਅਤੇ ਨਾਸਿਰ ਖ਼ਾਨ ਬਲੋਚ ਦੀ ਸਾਂਝੀ ਦੀ ਫ਼ੌਜ ਨਾਲ ਲੜਦੇ ਸ਼ਹੀਦ ਹੋਏ ਸਨ;



ਡਾ: ਹਰਜਿੰਦਰ ਸਿੰਘ
'ਦਿਲਗੀਰ'
Email: hsdilgeer@yahoo.com

ਇਨ੍ਹਾਂ ਨੂੰ ਇਸ ਜਥੇ ਵਾਲਿਆਂ ਜ਼ਬਰਦਸਤੀ ਖ਼ੁਦ ਨਾਲ ਜੋੜ ਲਿਆ ਹੈ। ਬਾਬਾ ਗੁਰਬਖ਼ਸ਼ ਸਿੰਘ ਤੋਂ ਮਗਰੋਂ ਇਹ ਗਿਆਨੀ ਸੂਰਤ ਸਿੰਘ ਨੂੰ ਉਨ੍ਹਾਂ ਦਾ ਚੇਲਾ ਬਣਾ ਕੇ ਪੇਸ਼ ਕਰਦੇ ਹਨ। ਸੂਰਤ ਸਿੰਘ ਨਿਰਮਲਾ ਝੰਗ ਜ਼ਿਲ੍ਹੇ ਵਿਚ ਚਨਿਓਟ ਦੇ ਰਾਮ ਚੰਦ ਦਾ ਪੁੱਤਰ ਸੀ ਤੇ ਬਨਾਰਸ ਦੇ ਪੰਡਤਾਂ ਤੋਂ ਪੜ੍ਹ ਕੇ ਆਇਆ ਸੀ। (ਇਸ ਜਥੇ ਵਾਲੇ ਸੂਰਤ ਸਿੰਘ ਨੂੰ ਭਾਈ ਮਨੀ ਸਿੰਘ ਅਤੇ ਬਾਬਾ ਗੁਰਬਖ਼ਸ਼ ਸਿੰਘ ਦਾ ਚੇਲਾ ਦਸਦੇ ਹਨ। ਇਹ ਨਿਰਾ ਝੂਠ ਹੈ। ਭਾਈ ਮਨੀ ਸਿੰਘ 24 ਜੂਨ 1734 (ਅਤੇ ਬਾਬਾ ਗੁਰਬਖ਼ਸ਼ ਸਿੰਘ 1 ਦਸੰਬਰ 1764) ਦੇ ਦਿਨ ਸ਼ਹੀਦ ਹੋਏ ਸਨ; ਭਾਈ ਮਨੀ ਸਿੰਘ ਦੀ ਸ਼ਹੀਦੀ ਦੇ ਵੇਲੇ ਤਕ ਤਾਂ ਇਹ ਜੰਮਿਆ ਹੀ ਨਹੀਂ ਸੀ। ਦਰਅਸਲ ਇਹ ਇਕ ਨਿਰਮਲਾ ਪੁਜਾਰੀ ਸੀ। ਇਸ ਨੇ 1780 ਦੇ ਕਰੀਬ ਅੰਮ੍ਰਿਤਸਰ ਦੇ ਇਕ ਬੁੰਗੇ ਵਿਚ ਪੱਕੇ ਡੇਰੇ ਲਾ ਲਏ ਸਨ। ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀ ਜਾਣ ਵਾਲੀ ਰਚਨਾ 'ਭਗਤ ਰਤਨਾਵਲੀ', ਜਿਸ ਨੂੰ 'ਸਿੱਖਾਂ ਦੀ ਭਗਤਮਾਲਾ' ਵੀ ਕਹਿੰਦੇ ਹਨ (ਤੇ ਪ੍ਰੇਮ ਰਤਨਾਵਲੀ ਵੀ) ਇਸੇ ਦੀ ਲਿਖੀ ਹੋਈ ਹੈ।

ਇਹ ਸੂਰਤ ਸਿੰਘ ਤੋਂ ਮਗਰੋਂ ਗੁਰਦਾਸ ਸਿੰਘ (1773-1790) ਤੇ ਉਸ ਦੇ ਭਰਾ ਗਿਆਨੀ ਸੰਤ ਸਿੰਘ (1778-1832) ਨੂੰ ਉਸ ਦੇ ਵਾਰਸ ਤੇ ਆਪਣੇ ਜਥੇ ਦੇ ਮੁਖੀ ਦਸਦੇ ਹਨ। ਗੁਰਦਾਸ ਸਿੰਘ ਇਸ ਸੂਰਤ ਸਿੰਘ ਦਾ ਵੱਡਾ ਤੇ ਸੰਤ ਸਿੰਘ ਸਭ ਤੋਂ ਛੋਟਾ ਪੁੱਤਰ ਸੀ। ਸੰਤ ਸਿੰਘ ਨਿਰਮਲਾ ਸੀ ਤੇ ਦਿਲੋਂ ਪੂਰਾ ਹਿੰਦੂ ਸੀ ਅਤੇ ਉਸ ਦੇ ਘਰ ਦੇ ਮੁਖ ਗੇਟ 'ਤੇ ਤਾਂ ਹਿੰਦੂ ਦੇਵਤੇ ਗਣੇਸ਼ ਦਾ ਬੁੱਤ ਵੀ ਲੱਗਾ ਹੋਇਆ ਸੀ। ਸੰਤ ਸਿੰਘ ਨਿਰਮਲਾ ਤੋਂ ਮਗਰੋਂ ਇਹ ਜਥਾ ਦਯਾ ਸਿੰਘ ਨੂੰ ਆਪਣਾ ਅਗਲਾ ਮੁਖੀ ਕਹਿੰਦਾ ਹੈ। ਜਦ ਕਿ ਤਵਾਰੀਖ਼ ਦਸਦੀ ਹੈ ਕਿ ਸੰਤ ਸਿੰਘ ਗਿਆਨੀ ਦਾ ਵਾਰਸ ਉਸ ਦਾ ਪੁੱਤਰ ਗੁਰਮੁਖ ਸਿੰਘ ਸੀ ਜਿਸ ਨੂੰ ਹੀਰਾ ਸਿੰਘ ਡੋਗਰੇ ਨੇ ਸੰਧਾਵਾਲੀਆਂ ਦਾ ਸਾਥ ਦੇਣ ਕਾਰਨ 1843 ਦੇ ਅਖ਼ੀਰ ਵਿਚ ਮਰਵਾ ਦਿੱਤਾ ਸੀ। 'ਗੁਰਬਿਲਾਸ ਪਾਤਸਾਹੀ ਛੇਵੀਂ' (ਜਿਸ ਨੂੰ ਸੋਹਨ ਕਵੀ ਦੀ ਲਿਖਤ ਕਹਿ ਕੇ ਪਰਚਾਰਿਆ ਜਾਂਦਾ ਹੈ) ਉਹ ਇਸ ਗੁਰਮੁਖ ਸਿੰਘ (ਜੋ ਅਕਾਲ ਤਖ਼ਤ ਦਾ ਪੁਜਾਰੀ ਸੀ) ਅਤੇ ਉਸ ਦੇ ਸਾਥੀ ਦਰਬਾਰਾ ਸਿੰਘ (ਜੋ ਦਰਬਾਰ ਸਾਹਿਬ ਦਾ ਪੁਜਾਰੀ ਸੀ) ਨੇ 1835-40 ਦੇ ਵਿਚਕਾਰ ਲਿਖਿਆ ਸੀ। ਸੋ ਇਸ ਵੇਲੇ ਤਕ ਇਹ ਬਨਾਰਸ ਦੇ ਨਿਰਮਲਿਆਂ (ਸੂਰਤ ਸਿੰਘ, ਸੰਤ ਸਿੰਘ ਤੇ ਗੁਰਮੁਖ ਸਿੰਘ) ਦਾ ਇਕ ਗਰੁਪ ਸੀ ਜਿਹੜੇ ਦਰਬਾਰ ਸਾਹਿਬ ਦੇ ਪੁਜਾਰੀ ਸਨ। ਗੁਰਮੁਖ ਸਿੰਘ ਦਾ ਪੁੱਤਰ ਪ੍ਰਦੁਮਣ ਸਿੰਘ (ਮੌਤ 20 ਨਵੰਬਰ 1877) ਵੀ ਪੁਜਾਰੀ ਵਾਲਾ ਕੰਮ ਕਰਦਾ ਰਿਹਾ ਸੀ।

ਸੰਤ ਸਿੰਘ ਗਿਆਨੀ ਤੋਂ ਮਗਰੋਂ ਭਿੰਡਰਾਂ-ਮਹਿਤਾ ਜਥੇ ਵਾਲੇ ਆਪਣੇ ਜਥੇ ਨੂੰ ਦਯਾ ਸਿੰਘ (ਦਯਾ ਸਿੰਘ ਦੇ ਪੁੱਤਰ ਨੂੰ ਇਕ ਕਤਲ ਕੇਸ ਵਿਚ ਫ਼ਾਂਸੀ ਦੀ ਸਜ਼ਾ ਹੋਈ ਸੀ), ਭਗਵਾਨ ਸਿੰਘ (ਮਜੀਠ ਬੁੰਗੇ ਵਾਲਾ), ਹਰਨਾਮ ਸਿੰਘ ਬੇਦੀ (ਡੇਰਾ ਬਾਬਾ ਜੋਗਾ ਸਿੰਘ) ਤੇ ਬਿਸ਼ਨ ਸਿੰਘ ਮੁਰਾਲਾ (1852-1905) ਨਾਲ ਜੋੜ ਦੇਂਦੇ ਹਨ। ਇਨ੍ਹਾਂ ਚਾਰਾਂ ਦਾ ਭਿੰਡਰਾਂ-ਮਹਿਤਾ ਜਥੇ ਨਾਲ ਕੋਈ ਸਬੰਧ ਨਹੀਂ ਸੀ; ਅਤੇ, ਦਰਅਸਲ ਇਸ ਵੇਲੇ ਤਕ ਇਹ ਕੋਈ ਜਥਾ ਹੀ ਨਹੀਂ ਸੀ। ਹਕੀਕਤ ਇਹ ਹੈ ਕਿ ਗਿਆਨੀ ਸੁੰਦਰ ਸਿੰਘ ਭਿੰਡਰਾਂ ਕੁਝ ਸਮਾਂ ਬਿਸ਼ਨ ਸਿੰਘ ਮੁਰਾਲਾ ਦੇ ਡੇਰੇ 'ਤੇ ਸੇਵਾ ਜ਼ਰੂਰ ਕਰਦੇ ਰਹੇ ਸੀ; ਪਰ ਬਿਸ਼ਨ ਸਿੰਘ (ਮੌਤ 1907) ਨੇ ਆਪਣਾ ਵਾਰਿਸ ਪ੍ਰੇਮ ਸਿੰਘ ਮੁਰਾਲਾ ਨੂੰ ਬਣਾਇਆ ਸੀ ਤੇ ਉਹ ਉਸ ਆਪਣਾ ਸਾਰਾ ਜੀਵਨ (ਮੌਤ 1950) ਉਸ ਮੁਰਾਲਾ ਡੇਰੇ ਦੇ ਮੁਖੀ ਰਹੇ ਸਨ।

ਉਪਰ ਦੇ ਸਾਰੇ ਨੁਕਤਿਆਂ ਤੋਂ ਸਪਸ਼ਟ ਹੁੰਦਾ ਹੈ ਕਿ 1977 ਤੋਂ ਪਹਿਲਾਂ ਲਫ਼ਜ਼ 'ਦਮਦਮੀ ਟਕਸਾਲ' ਦਾ ਕੋਈ ਵਜੂਦ ਨਹੀਂ ਸੀ। ਫਿਰ ਇਹ ਹੋਂਦ ਵਿਚ ਕਿਵੇਂ ਆਇਆ? ਜਿਵੇਂ ਉਪਰ ਜ਼ਿਕਰ ਕੀਤਾ ਹੈ ਕਿ ਜੱਥਾ ਭਿੰਡਰਾਂ-ਮਹਿਤਾ (ਗਿਆਨੀ ਕਰਤਾਰ ਸਿੰਘ) ਅਤੇ ਜੱਥਾ ਭਿੰਡਰਾਂ (ਗਿਆਨੀ ਮੋਹਨ ਸਿੰਘ) ਦੇ ਵੱਖ ਵੱਖ ਵਜੂਦ ਚਲ ਰਹੇ ਸਨ ਤੇ ਮਾਲਵੇ ਤੇ ਮਾਝੇ ਦਾ ਸਵਾਲ ਪੂਰੀ ਤਰ੍ਹਾਂ ਕਾਇਮ ਸੀ। ਗਿਆਨੀ ਮੋਹਨ ਸਿੰਘ ਆਪਣੀ ਪੁਜ਼ੀਸ਼ਨ ਤੋਂ ਸੰਤੁਸ਼ਟ ਸਨ ਪਰ ਗਿਆਨੀ ਕਰਤਾਰ ਸਿੰਘ ਆਪਣੇ ਜੱਥੇ ਦਾ ਫੈਲਾਅ ਕਰਨਾ ਚਾਹੁੰਦੇ ਸਨ ਤਾਂ ਜੋ ਉਨ੍ਹਾਂ ਦੀ ਸਿੱਖੀ ਸੇਵਕੀ ਵਿਚ ਵਾਧਾ ਹੋਵੇ। ਇਸ ਕਰ ਕੇ ਉਨ੍ਹਾਂ ਨੇ ਆਪਣੇ ਜੱਥੇ ਨੂੰ ਬਾਬਾ ਦੀਪ ਨਾਲ ਅਤੇ ਇਸ ਨੂੰ 'ਦਮਦਮੀ ਟਕਸਾਲ' ਕਹਿਣਾ ਸ਼ੁਰੂ ਕਰ ਦਿੱਤਾ ਜੋੜਿਆ (ਪਹਿਲਾਂ ਇਨ੍ਹਾਂ ਨੇ ਆਪਣੇ ਜੱਥੇ?ਅਖੌਤੀ ਟਕਸਾਲ ਨੂੰ ਭਾਈ ਮਨੀ ਸਿੰਘ ਨਾਲ ਜੋੜਿਆ ਸੀ)। ਕਿਉਂਕਿ ਬਾਬਾ ਦੀਪ ਸਿੰਘ ਵੀ ਮਾਝੇ ਦੇ ਪਿੰਡ ਪਹੂ ਵਿੰਡ ਦੇ ਸਨ; ਇਸ ਕਰ ਕੇ ਗਿਆਨੀ ਕਰਤਾਰ ਸਿੰਘ ਜੀ ਨੇ ਇਸ ਅਖੌਤੀ ਟਕਸਾਲ ਨੂੰ ਭਾਈ ਮਨੀ ਸਿੰਘ ਤੋਂ ਵੀ ਅੱਗੇ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜ ਕੇ ਇਸ ਦਾ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਿਸੇ ਦੇ ਨਾਂ ਨਾਲ 'ਸੰਤ' ਵੀ ਨਹੀਂ ਸੀ ਲਿਖਿਆ ਮਿਲਦਾ। ਪੁਰਾਣੀਆਂ ਸਾਰੀਆਂ ਲਿਖਤਾਂ ਵਿਚ ਇਨ੍ਹਾਂ ਨੂੰ ਗਿਆਨੀ ਲਿਖਿਆ ਮਿਲਦਾ ਹੈ। ਸੰਤ ਲਫ਼ਜ਼ ਗਿਆਨੀ ਕਰਤਾਰ ਸਿੰਘ ਤੇ ਬਾਬਾ ਜਰਨੈਲ ਸਿੰਘ ਤੋਂ ਸ਼ੁਰੂ ਹੋਇਆ ਹੈ।

### ਇਨ੍ਹਾਂ ਦੇ ਡੇਰਿਆਂ ਵਿਚ ਉਦਾਸੀ-ਨਿਰਮਲਾ ਹਿੰਦੂ ਕਰਮ ਕਾਂਡ ਕਿਉਂ ਹੈ?

ਗਿਆਨੀ ਗੁਰਬਚਨ ਸਿੰਘ ਭਿੰਡਰਾਂ (ਇਸ ਜਥੇ ਦੇ ਅਸਲ ਮੋਢੀ ਅਤੇ ਇਨ੍ਹਾਂ ਦੀ ਮਰਿਆਦਾ ਬਣਾਉਣ ਵਾਲੇ) ਉਦਾਸੀਆਂ ਅਤੇ ਨਿਰਮਲਿਆਂ ਦੇ ਡੇਰਿਆਂ ਤੋਂ ਪੜ੍ਹੇ ਹੋਏ ਸਨ। ਉਨ੍ਹਾਂ ਨੇ ਰਾਮਾਇਣ, ਮਹਾਂਭਾਰਤ, ਯੋਗ ਵਸ਼ਿਸ਼ਟ ਤੇ ਵੇਦਾਂ ਦੀ ਪੜ੍ਹਾਈ ਕੀਤੀ ਸੀ ਤੇ ਗੁਰੂ ਗੰਥ ਸਾਹਿਬ ਦੀ ਸੰਥਿਆ ਉਨ੍ਹਾਂ ਨੇ ਫ਼ਰੀਦਕੋਟੀ, ਯਾਨਿ ਨਿਰਮਲਾ ਟੀਕਾ, ਤੋਂ ਲਈ ਸੀ। ਇਸੇ ਕਰ ਕੇ ਉਹ ਉਸੇ ਅਸਰ ਹੇਠਾਂ ਸਨ ਅਤੇ ਵੇਦਾਂਤ ਤੇ ਹੋਰ ਹਿੰਦੂ ਕਰਮ ਕਾਂਡ ਨੂੰ ਨਿਭਾਉਂਦੇ ਸਨ; ਉਹ ਤਾਂ ਇਹ ਵੀ ਕਹਿੰਦੇ ਸਨ ਕਿ ਗੁਰੂ ਨਾਨਕ ਸਾਹਿਬ ਦਾ ਅਵਤਾਰ ਵਿਸ਼ਨੂ ਦੇ ਕਹਿਣ 'ਤੇ ਹੋਇਆ ਸੀ (ਇਹ ਸਾਰੀਆਂ ਗੱਲਾਂ ਉਹ ਆਪਣੀ ਕਿਤਾਬ ਵਿਚ ਲਿਖ ਗਏ ਹਨ ਅਤੇ ਉਨ੍ਹਾਂ ਦਾ ਜਥਾ ਵੀ ਹਰ ਜਗਹ ਸ਼ਾਨ ਨਾਲ ਲਿਖਦਾ ਹੈ। ਇਹ ਸਾਰਾ ਕੁਝ ਉਨ੍ਹਾਂ ਦੀਆਂ ਕਿਤਾਬਾਂ ਅਤੇ ਵੈਬ ਸਾਈਟ 'ਤੇ ਵੀ ਅੱਜ ਵੀ ਮੌਜੂਦ ਹੈ। ਮੈਂ ਇਹ ਸਾਰੀਆਂ ਗੱਲਾਂ ਉਨ੍ਹਾਂ ਦੀ ਆਪਣੀ ਲਿਖਤ 'ਖਾਲਸਾ ਜੀਵਨ' ਵਿਚੋਂ ਲਈਆਂ ਹਨ)।

ਇਹੀ ਕਾਰਨ ਹੈ ਕਿ ਇਸ ਡੇਰੇ ਨੇ ਹਰ ਥਾਂ 'ਤੇ ਅਕਾਲ ਤਖ਼ਤ ਸਾਹਿਬ ਦੀ ਰਹਿਤ ਮਰਿਆਦਾ ਦੀ ਜਗਹ ਨਿਰਮਲਿਆਂ

ਤੇ ਉਦਾਸੀਆਂ ਦੀਆਂ ਬਨਾਰਸ ਦੀਆਂ ਹਿੰਦੂ ਕਰਮ ਕਾਂਡ ਦੀਆਂ ਮਰਿਆਦਾ ਸ਼ੁਰੂ ਕੀਤੀਆਂ ਹੋਈਆਂ ਹਨ। ਗਿਆਨੀ ਗੁਰਬਚਨ ਸਿੰਘ ਦੀ ਮਰਿਆਦਾ ਹਿੰਦੂ ਮੰਦਰਾਂ ਦੀ ਮਰਿਆਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਤੋਂ ਤਕਰੀਬਨ ਸਾਰੀ ਹੀ ਉਲਟ ਹੈ। ਇਨ੍ਹਾਂ ਦੀ ਅਸਲੀਅਤ ਜਾਣਨ ਵਾਸਤੇ ਗਿਆਨੀ ਗੁਰਬਚਨ ਸਿੰਘ ਲਿਖਤ ਕਿਤਾਬ 'ਖਾਲਸਾ ਜੀਵਨ' ਜ਼ਰੂਰ ਪੜ੍ਹਨੀ ਚਾਹੀਦੀ ਹੈ।

2 ਜਨਵਰੀ 2005 ਤੋਂ ਹਰਨਾਮ ਸਿੰਘ ਧੁੰਮਾ ਇਸ ਡੇਰੇ ਦਾ ਮੁਖੀ ਬਣਿਆ ਹੈ; ਉਸ ਨੇ ਤਾਂ ਇਸ ਡੇਰੇ ਨੂੰ ਪੂਰਾ ਹੀ ਬ੍ਰਾਹਮਣੀ ਡੇਰਾ ਬਣਾ ਦਿੱਤਾ ਹੈ; ਉਂਞ ਤਾਂ ਇਸ ਡੇਰੇ ਦੀ ਮਰਿਆਦਾ ਗਿਆਨੀ ਗੁਰਬਚਨ ਸਿੰਘ ਤੋਂ ਹੀ ਨਿਰਮਲਾ ਤੇ ਉਦਾਸੀ ਮਰਿਆਦਾ ਸੀ। ਹੁਣ ਉਥੇ ਭਾਵੇਂ ਗੁਰੂ ਗ੍ਰੰਥ ਸਾਹਿਬ ਤਾਂ ਜ਼ਰੂਰ ਮੌਜੂਦ ਹੈ ਪਰ ਉਥੇ ਸਾਰੀਆਂ ਰਸਮਾਂ ਤੇ ਮਰਿਆਦਾ ਬਾਨਾਰਸ ਦੇ ਮੰਦਰਾਂ ਤੇ 'ਬਾਨਾਰਸ ਦੇ ਠੱਗਾਂ' ਵਾਲੀ ਹੀ ਚਲਦੀ ਹੈ।

ਉਂਞ ਤਾਂ ਜਿਸ ਸੰਤ ਸਿੰਘ ਗਿਆਨੀ ਨੂੰ ਇਹ ਆਪਣੇ ਇਕ ਮੁਖੀ ਲਿਖਦੇ ਹਨ ਉਸ ਬਾਰੇ ਹਰ ਜਗਹ ਸਾਫ਼ ਲਿਖਿਆ ਮਿਲਦਾ ਹੈ ਕਿ ਉਹ ਨਿਰਮਲਾ ਸੀ। ਉਹ ਦਿਲੋਂ ਪੂਰਾ ਹਿੰਦੂ ਸੀ ਅਤੇ ਉਸ ਦੇ ਘਰ ਦੇ ਮੁਖ ਗੇਟ 'ਤੇ (ਹਾਥੀ ਦੇ ਸਿਰ ਵਾਲੇ) ਹਿੰਦੂ ਦੇਵਤੇ ਗਣੇਸ਼ ਦਾ ਬੁੱਤ ਲੱਗਾ ਹੋਇਆ ਸੀ। ਇਸ ਗੇਟ ਦੀਆਂ ਤਸਵੀਰਾਂ ਅੱਜ ਵੀ ਮੌਜੂਦ ਹਨ।

**ਗੁਰੂ ਗ੍ਰੰਥ ਸਾਹਿਬ ਦਾ ਮੁਕੰਮਲ ਸਰੂਪ ਕਿਸੇ ਦਮਦਮਾ ਸਾਹਿਬ ਵਿਚ ਤਿਆਰ ਹੋਇਆ?**

1678 ਵਿਚ ਗੁਰੂ ਗੋਬਿੰਦ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਮੁਕੰਮਲ ਸਰੂਪ ਤਿਆਰ ਕਰਵਾਉਣਾ ਸ਼ੁਰੂ ਕੀਤਾ। ਉਸ ਵਕਤ ਗੁਰੂ ਗ੍ਰੰਥ ਦਾ ਸਰੂਪ ਤਿਆਰ ਕਰਵਾਉਣਾ ਸ਼ੁਰੂ ਕੀਤਾ। ਉਸ ਵਕਤ ਗੁਰੂ ਗ੍ਰੰਥ ਸਾਹਿਬ ਦੀ "ਆਦਿ ਬੀੜ" ਧੀਰਮੱਲੀਆਂ ਕੋਲ ਸੀ। ਧੀਰ ਮੱਲ ਆਪ ਤਾਂ 16 ਨਵੰਬਰ 1677 ਦੇ ਦਿਨ ਔਰੰਗਜ਼ੇਬ ਦੀ ਕੈਦ ਵਿਚ ਮਰ ਚੁੱਕਾ ਸੀ ਤੇ ਉਸ ਦੇ ਵੱਡੇ ਪੁੱਤਰ ਰਾਮ ਚੰਦ ਨੂੰ 24 ਜੁਲਾਈ 1678 ਦੇ ਦਿਨ ਔਰੰਗਜ਼ੇਬ ਨੇ ਚਾਂਦਨੀ ਚੌਕ ਦਿੱਲੀ ਵਿਚ ਕਤਲ ਕਰਵਾ ਦਿੱਤਾ ਸੀ। ਰਾਮ ਚੰਦ ਮਗਰੋਂ ਉਸ ਦਾ ਛੋਟਾ ਭਰਾ, ਭਾਰ ਮੱਲ, ਧੀਰ ਮੱਲ ਦਾ ਵਾਰਿਸ ਬਣਿਆ। 9 ਅਗਸਤ 1678 ਦੇ ਦਿਨ ਰਾਮ ਚੰਦ ਦੀ ਅੰਤਿਮ ਰਸਮ 'ਤੇ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਬਕਾਲਾ (ਹੁਣ ਬਾਬਾ ਬਕਾਲਾ) ਭੇਜਿਆ। ਰਸਮ ਪੂਰੀ ਹੋਣ ਮਗਰੋਂ ਭਾਈ ਮਨੀ ਸਿੰਘ ਨੇ ਭਾਰ ਮੱਲ ਨੂੰ ਆਖਿਆ ਕਿ ਗੁਰੂ ਸਾਹਿਬ ਨਵਾਂ ਸਰੂਪ ਤਿਆਰ ਕਰਨਾ ਚਾਹੁੰਦੇ ਹਨ, ਇਸ ਕਰ ਕੇ ਉਹ ਕੁਝ ਦਿਨਾਂ ਵਾਸਤੇ "ਆਦਿ ਬੀੜ" ਦੇ ਦੇਵੇ। ਭਾਰ ਮੱਲ ਨੇ ਬੀੜ ਚੱਕ ਨਾਨਕੀ ਭੇਜਣ ਵਾਸਤੇ ਅਸਿੱਧੇ ਤਰੀਕੇ ਨਾਲ ਨਾਂਹ ਕਰ ਦਿੱਤੀ ਅਤੇ ਆਖਿਆ ਕਿ ਮੈਂ ਹੁਣ ਬਕਾਲਾ ਛੱਡ ਕੇ ਕਰਤਾਰਪੁਰ (ਜਲੰਧਰ) ਰਹਿਣ ਲੱਗ ਪੈਣਾ ਹੈ। ਗੁਰੂ ਸਾਹਿਬ ਕਿਸੇ ਨੂੰ ਉਥੇ ਭਜ ਕੇ "ਆਦਿ ਬੀੜ" ਦਾ ਉਤਾਰਾ ਕਰਵਾ ਲੈਣ (ਇਹ ਬੀੜ ਦੁੱਰਾਨੀ ਦੇ ਹਮਲੇ ਵੇਲੇ 1757 ਵਿਚ ਸੜ ਗਈ ਸੀ; ਹੁਣ ਉਨ੍ਹਾਂ ਕੋਲ ਕੁਝ ਖਾਰੀਆਂ ਬੀੜਾਂ ਦੇ ਉਤਾਰੇ ਹਨ, ਅਸਲ ਬੀੜ ਨਹੀਂ ਹੈ)। ਇਸ ਮਗਰੋਂ ਗੁਰੂ ਸਾਹਿਬ ਭਾਈ ਮਨੀ ਰਾਮ (ਸਿੰਘ) ਨੇ ਗੁਰੂ ਸਾਹਿਬ ਦੀ ਹਦਾਇਤ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰਵਾ ਕੇ ਦਮਦਮੀ ਸਰੂਪ ਤਿਆਰ ਕੀਤਾ। ਕਿਉਂਕਿ ਇਹ ਸਰੂਪ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿਚ ਮੁਕੰਮਲ ਕੀਤਾ ਗਿਆ ਸੀ ਇਸ ਕਰ ਕੇ ਇਸ ਨੂੰ 'ਦਮਦਮੀ ਬੀੜ' ਨਾਂ ਦਿੱਤਾ ਗਿਆ ਸੀ। ਤਲਵੰਡੀ ਸਾਬੋ ਦਾ ਨਾਂ ਗੁਰੂ ਗ੍ਰੰਥ ਸਾਹਿਬ ਨਾਲ ਇਸ ਕਰ ਕੇ ਜੁੜ ਗਿਆ ਕਿਉਂਕਿ ਬਾਬਾ ਦੀਪ ਸਿੰਘ ਨੇ ਇਸ ਜਗਹ 'ਤੇ ਭਾਈ ਮਨੀ ਸਿੰਘ ਵਾਲੀ 'ਦਮਦਮੀ ਬੀੜ' ਦੇ ਚਾਰ ਉਤਾਰੇ ਕਰਵਾਏ ਸਨ। ਦਮਦਮਾ ਸਾਹਿਬ ਅਨੰਦਪੁਰ ਵਾਲਾ ਹੋਣ ਬਾਰੇ ਪੁਰਾਣੀਆਂ ਲਿਖਤਾਂ ਵਿਚ ਕਈ ਹਵਾਲੇ ਮਿਲਦੇ ਹਨ:

1. ਸਵਰੂਪ ਸਿੰਘ ਕੌਸ਼ਿਸ਼, 'ਗੁਰੂ ਕੀਆਂ ਸਾਖੀਆਂ'
2. ਸੇਵਾ ਸਿੰਘ, ਸ਼ਹੀਦ ਬਿਲਾਸ
3. ਕੋਇਰ ਸਿੰਘ, 'ਗੁਰਬਿਲਾਸ ਪਾਤਸਾਹੀ 10':

ਸਤਰਨ ਸੈ ਸ਼ਿਵ ਨੈਣ ਭਨ,
ਪੁਨ ਅਗਨੀ ਪਰਮਾਣੁ
ਆਦਿ ਸਿੰਘਾਸਣ ਦਮਦਮਾ,
ਰਾਜ ਧਰਾ ਗੁਰ ਜਾਣ।

4. ਸੁੱਖਾ ਸਿੰਘ, 'ਗੁਰਬਿਲਾਸ ਪਾਤਸਾਹੀ ਦਸਵੀਂ':

ਆਦ ਸਿੰਘਾਸਣ ਦਮਦਮਾ,
ਜਾਨਤ ਸਗਲ ਜਹਾਨ
ਜੋ ਏਹ ਕਾਰ ਸੋ ਪੂਜ ਹੈ ਪੈ ਹੈ ਪਰਮ ਨਿਧਾਨ।

ਬਾਬਾ ਦੀਪ ਸਿੰਘ ਅਤੇ ਅਖੌਤੀ ਦਮਦਮੀ ਟਕਸਾਲ

1748 ਵਿਚ ਜਦ ਸਾਰੇ ਸਿੱਖ ਜੱਥਿਆਂ ਨੂੰ 11 ਮਿਸਲਾਂ ਵਿਚ ਵੰਡਿਆ ਗਿਆ ਸੀ ਤਾਂ ਇਕ ਮਿਸਲ ਦਾ ਨਾਂ ਸ਼ਹੀਦਾਂ ਮਿਸਲ ਵੀ ਸੀ। ਇਸ ਮਿਸਲ ਦੇ ਪਹਿਲੇ ਜਥੇਦਾਰ (ਬਾਬਾ) ਦੀਪ ਸਿੰਘ ਪੁੱਤਰ ਭਾਈ ਭਗਤਾ ਖਹਿਰਾ ਸਨ। ਆਪ ਦਾ ਜੱਦੀ ਪਿੰਡ ਪਹੂ-ਵਿੰਡ (ਜ਼ਿਲ੍ਹਾ ਅੰਮ੍ਰਿਤਸਰ) ਸੀ। ਦੀਪ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਾਹੁਲ ਹਾਸਿਲ ਕੀਤੀ ਸੀ। ਉਸ ਨੇ ਕੁਝ ਚਿਰ ਗੁਰੂ ਜੀ ਦੀ ਸੰਗਤ ਵੀ ਕੀਤੀ ਸੀ। ਉਹ ਬਹੁਤ ਜਾਂਬਾਜ਼ ਜਰਨੈਲ ਸੀ। ਜਦ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਆਜ਼ਾਦੀ ਦੀ ਜੱਦੋਜਹਿਦ ਦੀ ਅਗਵਾਈ ਕੀਤੀ ਤਾਂ ਉਸ ਨੇ ਇਸ ਮੁਹਿੰਮ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਸੀ। ਪਹਿਲਾਂ ਵੀ ਜਦ 1733 ਵਿਚ ਸਿੱਖ ਫ਼ੌਜਾਂ ਨੂੰ ਤਰੁਣਾ ਦਲ ਤੇ ਬੁੱਢਾ ਦਲ ਵਿਚ ਵੰਡਿਆ ਗਿਆ ਸੀ ਤਾਂ ਬਾਬ ਦੀਪ ਸਿੰਘ ਦਾ ਜਥਾ ਬੁੱਢਾ ਦਲ ਦਾ ਹਿੱਸਾ ਬਣਿਆ ਸੀ। ਬੁੱਢਾ ਦਲ ਦੇ ਪੰਜ ਜਥੇ ਬਣਾਏ ਗਏ ਸਨ। ਇਨ੍ਹਾਂ ਦੇ ਮੁਖੀ ਸਨ: (1) ਦੀਪ ਸਿੰਘ (2) ਜੀਵਨ ਸਿੰਘ ਤੇ ਵੀਰ ਸਿੰਘ (3) ਕਾਹਨ ਸਿੰਘ ਤੇ ਭਾਈ ਬਿਨੋਦ ਸਿੰਘ (4) ਧਰਮ ਸਿਘ ਤੇ ਕਰਮ ਸਿੰਘ (5) ਦਸੌਧਾ ਸਿੰਘ। ਇਨ੍ਹਾਂ ਪੰਜਾਂ ਦਾ ਡੇਰਾ (ਟਿਕਾਣਾ) ਦਰਬਾਰ ਸਾਹਿਬ ਕੰਪਲੈਕਸ ਵਿਚ ਰੱਖਿਆ ਗਿਆ ਸੀ। ਬਾਬਾ ਦੀਪ ਸਿੰਘ ਦਾ ਜਥਾ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਦਾ ਹੁੰਦਾ ਸੀ; ਉਦੋਂ ਵੀ ਕੋਈ ਅਖੌਤੀ ਦਮਦਮੀ ਟਕਸਾਲ ਨਾਂ ਮੌਜੂਦ ਨਹੀਂ ਸੀ।।

ਪੁਰਾਣੀਆਂ ਲਿਖਤਾਂ ਵਿਚ ਦੀਪ ਸਿੰਘ ਨੂੰ ਸਿਰਫ਼ ਇਕ ਜਰਨੈਲ ਤੇ ਇਸ ਮਿਸਲ ਸ਼ਹੀਦਾਂ ਦਾ ਮੁਖੀ ਲਿਖਿਆ ਮਿਲਦਾ ਹੈ। ਉਸ ਨੂੰ ਕਿਤੇ ਵੀ ਕਿਸੇ ਟਕਸਾਲ ਦਾ ਮੁਖੀ ਨਹੀਂ ਲਿਖਿਆ ਹੋਇਆ।

ਬਾਬਾ ਜਰਨੈਲ ਸਿੰਘ ਅਤੇ ਅਖੌਤੀ ਦਮਦਮੀ ਟਕਸਾਲ

ਇਹ ਇਤਫ਼ਾਕ ਹੈ ਕਿ ਇਸ ਜਥੇ ਨੂੰ ਬਾਬਾ ਜਰਨੈਲ ਸਿੰਘ ਰੋਡੇ (12.2.1947 – 6.6.1986) ਵਰਗੀ ਹਸਤੀ ਮਿਲ ਗਈ ਜਿਸ ਨੇ ਸਿੱਖ ਤਵਾਰੀਖ਼ ਵਿਚ ਇਕ ਐਸਾ ਜ਼ਲਜ਼ਲਾ ਲੈ ਆਂਦਾ ਜਿਸ ਨਾਲ ਬਾਕੀ ਜੱਥੇ ਆਪਣਾ ਨਾਂ ਗੁਆ ਬੈਠੇ। ਉਹ ਆਪ ਤਾਂ ਸ਼ਹੀਦ ਹੋ ਕੇ ਤਵਾਰੀਖ਼ ਵਿਚ ਆਪਣੀ ਲਾਸਾਨੀ ਥਾਂ ਬਣਾ ਗਿਆ।

ਪਰ, ਇਸ ਦਾ ਇਕ ਬਹੁਤ ਵੱਡਾ ਨੁਕਸਾਨ ਇਹ ਹੋਇਆ ਕਿ ਅਖੌਤੀ ਦਮਦਮੀ ਟਕਸਾਲ ਨੂੰ ਗੁਰੂ ਸਾਹਿਬ ਦਾ ਬਣਾਏ ਜੱਥੇ ਵਜੋਂ ਪਰਚਾਰਨ ਦੇ ਝੂਠ ਦੀ ਸ਼ੁਰੂਆਤ ਵੀ ਹੋ ਗਈ। ਬਾਬਾ ਜਰਨੈਲ ਸਿੰਘ ਦੀ ਸ਼ਖ਼ਸੀਅਤ ਅਤੇ ਸ਼ਹੀਦੀ ਕਰ ਕੇ ਲੋਕ ਇਸ ਝੂਠ ਨੂੰ ਸੱਚ ਮੰਨਣ ਲਗ ਪਏ।

ਦਰਅਸਲ ਬਾਕੀ ਜਥੇਬੰਦੀਆਂ ਅਤੇ ਜਥੇ (ਸਣੇ ਅਖੰਡ ਕੀਰਤਨੀ ਜਥਾ ?ਤੇ ਨਿਹੰਗ ਜੱਥੇ) ਬੇਵਜਹ ਡਰ ਗਏ ਅਤੇ ਸੱਚ ਦੀ ਜਗਹ ਝੂਠ ਕਾਇਮ ਹੋ ਗਿਆ। ਜਦ ਕਿ ਹਕੀਕਤ ਇਹ ਹੈ ਕਿ ਨਾ ਗੁਰੂ ਜੀ ਨੇ ਕੋਈ ਅਖੌਤੀ ਟਕਸਾਲ ਬਣਾਈ ਸੀ, ਨਾ ਬਾਬਾ ਦੀਪ ਸਿੰਘ ਇਸ ਦੇ ਮੁਖੀ ਸਨ ਤੇ ਨਾ ਹੀ ਇਹ 'ਭਿੰਡਰਾਂ-ਮਹਿਤਾ ਜੱਥਾ' ਗੁਰਮਤਿ ਦਾ ਧਾਰਨੀ ਹੈ। ਇਹ ਤਾਂ ਉਦਾਸੀ-ਨਿਰਮਲਾ ਸੋਚ ਤੇ ਵੇਦਾਂਤ ਦੇ ਕਰਮ ਕਾਂਡ ਵਾਲੇ ਲੋਕਾਂ ਦਾ ਜੱਥਾ ਹੈ।

ਪੁਰਾਣੀਆਂ ਕਿਤਾਬਾਂ ਤੇ ਹੋਰ ਲਿਖਤਾਂ ਅਤੇ ਅਖੌਤੀ ਦਮਦਮੀ ਟਕਸਾਲ

ਅਖੌਤੀ ਦਮਦਮੀ ਟਕਸਾਲ ਨਾਂ ਦੀ ਕੋਈ ਚੀਜ਼ 1977 ਤੋਂ ਪਹਿਲਾਂ ਮੌਜੂਦ ਨਹੀਂ ਸੀ। ਦੁਨੀਆਂ ਭਰ ਦੀ ਕਿਸੇ ਇਕ ਕਿਤਾਬ ਵਿਚ ਵੀ ਇਹ ਨਾਂ ਨਹੀਂ ਆਉਂਦਾ। 1977 ਤੋਂ ਪਹਿਲਾਂ ਛਪੀਆਂ, ਚੌਕ ਮਹਿਤਾ ਵਾਲਿਆਂ ਦੀਆਂ ਆਪਣੀਆਂ, ਕਿਤਾਬਾਂ ਵਿਚ ਵੀ 'ਜਥਾ ਭਿੰਡਰਾਂ-ਮਹਿਤਾ' ਹੀ ਲਿਖਿਆ ਮਿਲਦਾ ਹੈ। ਦੂਜੇ ਡੇਰੇ (ਮੋਹਣ ਸਿੰਘ) ਵਾਲੇ ਵੀ ਆਪਣੇ ਆਪ ਨੂੰ 'ਜਥਾ ਭਿੰਡਰਾਂ' ਹੀ ਲਿਖਦੇ ਸਨ। ਉਨ੍ਹਾਂ ਦੀਆਂ ਆਪਣੀਆਂ, ਕਿਤਾਬਾਂ ਵਿਚ ਵੀ 'ਜਥਾ ਭਿੰਡਰਾਂ' ਹੀ ਲਿਖਿਆ ਮਿਲਦਾ ਹੈ; ਉਹ ਕਿਤੇ ਕਿਤੇ "ਭਿੰਡਰਾਂ ਟਕਸਾਲ" ਵੀ ਲਿਖ ਦੇਂਦੇ ਸਨ। ਪਰ ਅਖੌਤੀ 'ਦਮਦਮੀ ਟਕਸਾਲ' ਲਫ਼ਜ਼ ਕਿਤੇ ਲਿਖਿਆ ਨਹੀਂ ਮਿਲਦਾ। ਨਾ ਤਾਂ ਕਦੇ ਗਿਆਨੀ ਸੁੰਦਰ ਸਿੰਘ ਨੇ ਖ਼ੁਦ ਨੂੰ ਦਮਦਮੀ ਟਕਸਾਲ ਕਿਹਾ ਸੀ ਤੇ ਨਾ ਗਿਆਨੀ ਗੁਰਬਚਨ ਸਿੰਘ ਨੇ। ਕਿਸੇ ਲਿਖਤ ਵਿਚ ਇਹ ਲਫ਼ਜ਼ ਨਹੀਂ ਮਿਲਦਾ; ਗਿਆਨੀ ਗੁਰਬਚਨ ਸਿੰਘ ਦੀ ਆਪਣੀ ਲਿਖੀ (1977 ਤੋਂ ਪਹਿਲਾਂ ਦੀ) ਲਿਖਤ ਵਿਚ ਵੀ ਇਸ ਲਫ਼ਜ਼ ਦੀ ਵਰਤੋਂ ਨਹੀਂ ਮਿਲਦੀ। ਕੋਇਰ ਸਿੰਘ, ਸੁੱਖਾ ਸਿੰਘ, ਕਵੀ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਵੀਰ ਸਿੰਘ, ਗਿਆਨੀ ਦਿੱਤ ਸਿੰਘ, ਪ੍ਰ. ਗੁਰਮੁਖ ਸਿੰਘ, ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਮਾਸਟਰ ਤਾਰਾ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਭਾਈ ਕਾਹਨ ਸਿੰਘ ਨਾਭਾ ਦੀ ਕਿਸੇ ਲਿਖਤ ਵਿਚ ਅਖੌਤੀ 'ਦਮਦਮੀ ਟਕਸਾਲ' ਲਫ਼ਜ਼ ਕਿਤੇ ਲਿਖਿਆ ਨਹੀਂ ਮਿਲਦਾ। "ਮਹਾਨ ਕੋਸ਼", ਜੋ 1930 ਵਿਚ ਛਪਿਆ ਸੀ, ਵਿਚ ਵੀ 'ਦਮਦਮੀ ਟਕਸਾਲ' ਲਫ਼ਜ਼ ਵੀ ਕਿਤੇ ਨਹੀਂ ਮਿਲਦਾ। 1977 ਤਕ ਦੀ ਕਿਸੇ ਅਖ਼ਬਾਰ, ਰਿਸਾਲੇ ਵਿਚ ਇਹ ਲਫ਼ਜ਼ ਨਹੀਂ ਮਿਲਦਾ। ਮੇਰਾ ਚੈਲੰਜ ਹੈ ਕਿ 1977 ਤੋਂ ਪਹਿਲਾਂ ਛਪੀ ਕਿਸੇ ਇਕ ਕਿਤਾਬ ਜਾਂ ਕਿਸੇ ਵੀ ਸੋਮੇ ਵਿਚ ਲਫ਼ਜ਼ ਦਮਦਮੀ ਟਕਸਾਲ ਦਿਖਾ ਦੇਣ ਤਾਂ ਮੈਂ ਇਸ ਜਥੇ ਅੱਗੇ ਸਿਰ ਝੁਕਾ ਦੇਵਾਂਗਾ ਤੇ ਸਦਾ ਵਾਸਤੇ ਇਨ੍ਹਾਂ ਦਾ ਸੇਵਾਦਾਰ ਬਣ ਜਾਵਾਂਗਾ।

ਚੌਕ ਮਹਿਤਾ ਡੇਰਾ ਦੀ ਮੌਜੂਦਾ ਪੁਜ਼ੀਸ਼ਨ:ਬਾਬਾ ਜਰਨੈਲ ਸਿੰਘ ਦੀ ਸ਼ਹੀਦੀ (7 ਜੂਨ 1984) ਮਗਰੋਂ ਠਾਕਰ ਸਿੰਘ ਨੂੰ ਇਸ ਡੇਰੇ ਦਾ ਕਾਰ ਮੁਖ਼ਤਾਰ (ਮੈਨੇਜਰ) ਮੰਨ ਲਿਆ ਗਿਆ। ਕਈ ਸਾਲ ਮਗਰੋਂ ਉਸ ਨੂੰ ਡੇਰੇ ਦਾ ਮੁਖੀ ਵੀ ਮੰਨ ਲਿਆ ਗਿਆ। ਉਸ ਦੀ ਮੌਤ 24 ਦਸੰਬਰ 2004 ਦੇ ਦਿਨ ਹੋਈ। ਠਾਕਰ ਸਿੰਘ ਮਗਰੋਂ ਇਸ ਡੇਰੇ ਦੇ ਮੁਖੀ ਦਾ ਮਸਲਾ ਸਾਹਮਣੇ ਆਇਆ ਤਾਂ ਪਹਿਲਾਂ ਤਾਂ ਭਾਈ ਮੁਹਕਮ ਸਿੰਘ ਦਾ ਨਾਂ ਚਲਦਾ ਰਿਹਾ (ਜੋ ਇਕ ਇਕ ਸੁਚੱਜੀ ਚੋਣ ਹੋਣੀ ਸੀ) ਪਰ ਜਦ ਇਹ ਗੱਲ ਖ਼ੁਫ਼ੀਆ 'ਥਰਡ ਏਜੰਸੀ' ਤੱਕ ਪੁੱਜੀ ਤਾਂ ਉਹ ਬਹੁਤ ਚੌਕਸ ਹੋ ਗਏ ਅਤੇ ਭਾਈ ਮੁਹਕਮ ਸਿੰਘ ਨੂੰ ਮੁਖੀ ਬਣਨ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਇਸ ਵਿਚ ਕੇ.ਪੀ.ਐਸ. ਗਿੱਲ (ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਾਤਲ ਪੰਜਾਬ ਦਾ ਸਾਬਕਾ ਪੁਲ ਮੁਖੀ) ਨੇ ਬਹੁਤ ਰੋਲ ਅਦਾ ਕੀਤਾ। ਹਰਨਾਮ ਸਿੰਘ ਧੁੰਮਾ ਨਾਲ ਉਸ ਦੀ ਬਹੁਤ ਨੇੜਤਾ ਸੀ। ਇਹ ਨੇੜਤਾ 14 ਅਕਤੂਬਰ 1992 ਦੇ ਦਿਨ ਉਦੋਂ ਬਣੀ ਸੀ ਜਦ ਦੋਹਾਂ ਵਿਚਕਾਰ ਚੌਕ ਮਹਿਤਾ ਵਿਚ ਖ਼ੁਫ਼ੀਆ ਮਟਿੰਗ ਹੋਈ ਸੀ ਤੇ ਉਸ ਮਗਰੋਂ ਗਿੱਲ ਨੇ ਹਰਨਾਮ ਸਿੰਘ ਧੁੰਮਾ ਨੂੰ ਕਨੇਡਾ ਤੇ ਅਮਰੀਕਾ ਦਾ ਵੀਜ਼ਾ ਦਿਵਾਇਆ ਸੀ। ਉਸ ਨੇ ਅਮਰੀਕਾ ਵਿਚ ਬੈਠੇ ਹਰਨਾਮ ਸਿੰਘ ਨਾਲ ਰਾਬਤਾ ਬਣਾਇਆ। ਪਰ ਹਰਨਾਮ ਸਿੰਘ ਉਦੋਂ ਤਕ ਅਮਰੀਕਾ ਦੀ ਸ਼ਹਰੀਅਤ ਲੈ ਚੁਕਾ ਸੀ ਤੇ ਉਸ ਨੂੰ ਭਾਰਤ ਆਉਣ ਜਾਂ ਰਹਿਣ ਵਾਸਤੇ ਵੀਜ਼ੇ ਦੀ ਲੋੜ ਸੀ।'ਥਰਡ ਏਜੰਸੀ' ਨੇ ਧੁੰਮਾ ਨੂੰ ਭਾਰਤ ਦੇ ਪੱਕੇ ਵੀਜ਼ੇ ਦਾ ਵਾਅਦਾ ਕੀਤਾ। ਪਰ ਇਸ ਨਿਸ਼ਾਨੇ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਸੀ ਜਸਬੀਰ ਸਿੰਘ ਰੋਡੇ ਅਤੇ ਬਾਬਾ ਜਰਨੈਲ ਸਿੰਘ ਦਾ ਵੱਡਾ ਪੁੱਤਰ। ਜਸਬੀਰ ਸਿੰਘ ਦਾ ਕੇ.ਪੀ. ਗਿੱਲ ਨਾਲ ਕੋਈ ਵਧੀਆ ਸਬੰਧ ਨਹੀਂ ਸੀ। ਇਹ ਮਸਲਾ 'ਥਰਡ ਏਜੰਸੀ' ਨੇ ਹੱਲ ਕਰ ਦਿੱਤਾ।'ਥਰਡ ਏਜੰਸੀ' ਦਾ ਜਸਬੀਰ ਸਿੰਘ ਨਾਲ ਸਬੰਧ ਐਮ.ਕੇ. ਧਰ ਰਾਹੀਂ 1988 ਤੋਂ ਹੀ ਜੁੜਿਆ ਹੋਇਆ ਸੀ।'ਥਰਡ ਏਜੰਸੀ' ਨੇ ਜਸਬੀਰ ਸਿੰਘ ਨੂੰ ਲਾਰਾ ਲਾਇਆ ਕਿ ਹਰਨਾਮ ਸਿੰਘ ਨੂੰ ਵਕਤੀ ਤੌਰ 'ਤੇ ਚੌਕ ਮਹਿਤਾ ਡੇਰੇ ਦਾ ਮੁਖੀ ਬਣਾਉਣਾ ਹੈ ਤੇ ਇਸ ਨਾਲ ਮੋਹਕਮ ਸਿੰਘ ਦਾ ਨਾਂ ਪਿੱਛੇ ਪੈ ਜਾਵੇਗਾ ਤੇ ਫਿਰ ਹਰਨਾਮ ਸਿੰਘ ਤੋਂ ਉਸ (ਜਸਬੀਰ ਸਿੰਘ) ਨੂੰ ਮੁਖੀ ਬਣਾ ਦਿੱਤਾ ਜਾਵੇਗਾ। ਇਸ ਕਰ ਕੇ ਜਸਬੀਰ ਸਿੰਘ ਨੇ ਆਪਣਾ ਹੱਕ ਜਿਤਾਉਣਾ ਬੰਦ ਕਰ ਦਿੱਤਾ ਤੇ ਇੰਞ ਹਰਨਾਮ ਸਿੰਘ ਧੁੰਮਾ 2 ਜਨਵਰੀ 2005 ਦੇ ਦਿਨ ਇਸ ਡੇਰੇ ਦਾ ਮੁਖੀ ਬਣਿਆ। ਧੁੰਮਾ ਭਾਰਤ ਵਿਚ ਵੀਜ਼ੇ 'ਤੇ ਹੈ ਅਤੇ 'ਥਰਡ ਏਜੰਸੀ' ਜਦ ਚਾਹੇ ਉਸ ਦਾ ਵੀਜ਼ਾ ਕੈਂਸਲ ਕਰ ਕੇ ਵਾਪਿਸ ਅਮਰੀਕਾ ਭੇਜ ਸਕਦੀ ਹੈ। ਇਸ ਕਰ ਕੇ ਹਰਨਾਮ ਸਿੰਘ ਧੁੰਮਾ 'ਥਰਡ ਏਜੰਸੀ' ਦੇ ਹੁਕਮ ਨੂੰ ਕਦੇ ਮੋੜ ਨਹੀਂ ਸਕਦਾ।'ਥਰਡ ਏਜੰਸੀ' ਵਿਚ ਆਰ.ਐਸ.ਐਸ. ਦਾ ਪੂਰਾ ਗਲਬਾ ਹੈ ਤੇ ਸਿੱਖ ਮਸਲੇ 'ਤੇ ਉਹ ਇਕ ਹਨ; ਇਸੇ ਕਰ ਕੇ ਚੌਕ ਮਹਿਤਾ (ਯਾਨਿ ਅਖੌਤੀ ਦਮਦਮੀ ਟਕਸਾਲ) ਆਰ.ਐਸ.ਐਸ. ਦੀ ਮਰਿਆਦਾ ਨੂੰ ਚੌਕ ਮਹਿਤਾ ਡੇਰੇ ਵਿਚ ਕਿਸ਼ਤਾਂ ਵਿਚ ਲਾਗੂ ਕਰ ਰਹੀ ਹੈ। ਅੱਜ ਚੌਕ ਮਹਿਤਾ ਡੇਰਾ 'ਥਰਡ ਏਜੰਸੀ' ਅਤੇ ਆਰ.ਐਸ.ਐਸ. ਦੀ ਜਕੜ ਵਿਚ ਹਨ। ਭਾਈ ਮੋਹਕਮ ਸਿੰਘ ਤੇ ਬਾਬਾ ਜਰਨੈਲ ਸਿੰਘ ਦੇ ਹੋਰ ਸਾਥੀਆਂ ਅਤੇ ਚੇਲਿਆਂ ਦੀ ਉਥੇ ਹੁਣ ਕੋਈ ਜਗਹ ਨਹੀਂ ਹੈ। ਹੁਣ 'ਥਰਡ ਏਜੰਸੀ' ਦੀਆਂ ਕਿਤਾਬਾਂ ਵਿਚ ਹਰਨਾਮ ਸਿੰਘ ਦਾ ਨਾਂ ਜਸਬੀਰ ਸਿੰਘ ਰੋਡੇ ਤੋਂ ਵੀ ਵਧ ਵਫ਼ਾਦਾਰਾਂ ਵਿਚ ਗਿਣਿਆ ਜਾਂਦਾ ਹੈ।

# ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ

ਗੁਰਬਾਣੀ ਦੀ ਜੀਵਨ-ਜੁਗਤ, ਸਰੀਰਕ ਇਸ਼ਨਾਨ ਦੀ ਜ਼ਰੂਰਤ ਅਤੇ ਇਸ ਦੀ ਅਹਿਮੀਅਤ ਤੋਂ ਇਨਕਾਰੀ ਨਹੀਂ ਹੈ। ਸਰੋਵਰਾਂ ਦੀ ਉਸਾਰੀ ਦੁਆਰਾ ਜਿੱਥੇ ਪਾਣੀ ਦੀ ਜ਼ਰੂਰਤ ਨੂੰ ਪੂਰਿਆਂ ਕੀਤਾ ਗਿਆ ਉੱਥੇ ਨਾਲ ਹੀ ਇਹਨਾਂ ਵਿੱਚ ਇਸ਼ਨਾਨ ਦੇ ਸੰਕਲਪ ਨੇ ਜਨ-ਸਾਧਾਰਨ ਨੂੰ ਛੂਤ-ਛਾਤ ਅਤੇ ਸੁੱਚ-ਭਿੱਟ ਦੀ ਧਾਰਨਾ ਤੋਂ ਵੀ ਉਪਰ ਉਠਾਇਆ ਹੈ। ਗੁਰਮਤਿ ਦੀ ਜੀਵਨ-ਜੁਗਤ ਵਿੱਚ ਸਰੀਰਕ ਇਸ਼ਨਾਨ ਨੂੰ ਆਤਮਕ ਸ਼ੁਧੀ ਦਾ ਸਾਧਨ ਨਹੀਂ ਮੰਨਿਆ ਗਿਆ ਹੈ। ਸਰੀਰਕ ਇਸ਼ਨਾਨ ਨੂੰ ਆਤਮਕ ਸ਼ੁਧੀ ਦਾ ਸਾਧਨ ਮੰਨਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਇਉਂ ਸੇਧ ਦਿੱਤੀ ਗਈ ਹੈ:

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ (ਪੰਨਾ ੪੮੪) ਅਰਥ: ਪਾਣੀ ਵਿੱਚ ਚੁੱਭੀ ਲਾਇਆਂ ਜੇ ਮੁਕਤੀ ਮਿਲ ਸਕਦੀ ਹੋਵੇ ਤਾਂ ਡੱਡੂ ਸਦਾ ਹੀ ਨ੍ਹਾਉਂਦੇ ਹਨ। ਜਿਵੇਂ ਡੱਡੂ ਹਨ ਤਿਵੇਂ ਉਹ ਮਨੁੱਖ ਸਮਝੋ; (ਪਰ ਨਾਮ ਤੋਂ ਬਿਨਾਂ ਉਹ) ਸਦਾ ਜੂਨਾਂ ਵਿੱਚ ਪਏ ਰਹਿੰਦੇ ਹਨ।

ਭਾਈ ਗੁਰਦਾਸ ਜੀ ਇਸ ਸਬੰਧ ਵਿੱਚ ਲਿਖਦੇ ਹਨ:

ਤੀਰਥ ਮਜਨ ਕਰਬੈ ਕੋ ਹੈ ਇਹੈ ਗੁਨਾਉ ਨਿਰਮਲ ਤਨ ਤ੍ਰਿਖਾ ਤਪਤਿ ਨਿਵਾਰੀਐ। ਅਰਥ: ਤੀਰਥਾਂ 'ਤੇ ਇਸ਼ਨਾਨ ਕਰਨ ਦਾ ਇਹੋ ਮਹੱਤਵ ਹੈ ਕਿ ਸਰੀਰ ਸਵੱਛ ਹੁੰਦਾ ਹੈ ਅਤੇ ਸਰੀਰ ਦੀ ਤ੍ਰਿਖਾ ਤੇ ਤਪਸ਼ ਮਿਟਦੀ ਹੈ।

ਗੁਰਬਾਣੀ ਵਿੱਚ ਆਤਮ ਸ਼ੁਧੀ ਲਈ ਮਨੁੱਖ ਨੂੰ ਇਉਂ ਪ੍ਰੇਰਨਾ ਦਿੱਤੀ ਗਈ ਹੈ:

ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥ (ਪੰਨਾ ੪੮੪) ਅਰਥ: ਗੁਰੂ ਦੇ ਦੱਸੇ ਰਾਹ ਉੱਤੇ ਤੁਰਨਾ ਹੀ ਅਸਲ (ਤੀਰਥ-) ਇਸ਼ਨਾਨ ਹੈ। ਸੋ, ਇੱਕ ਪਰਮਾਤਮਾ ਦੇਵ ਦਾ ਭਜਨ ਕਰੋ।

ਆਤਮ ਸ਼ੁਧੀ ਦਾ ਆਧਾਰ ਪ੍ਰਭੂ ਗੁਣਾਂ ਨੂੰ ਚੇਤੇ ਕਰਕੇ ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਹੀ ਮੰਨਿਆ ਹੈ। ਇਹ ਹੀ ਕਾਰਨ ਹੈ ਕਿ ਕਿਸੇ ਵਿਸ਼ੇਸ਼ ਨਦੀ ਜਾਂ ਸਰੋਵਰ ਆਦਿ ਦੇ ਇਸ਼ਨਾਨ ਨੂੰ ਕਲਿਆਣ ਦਾ ਸਾਧਨ ਨਹੀਂ ਮੰਨਿਆ ਗਿਆ ਹੈ। ਕਈ ਵਿਦਵਾਨ ਸੱਜਣਾਂ ਦੀ ਗੁਰਬਾਣੀ ਦੀ ਨਿਮਨ ਲਿਖਤ ਪੰਗਤੀ ਬਾਰੇ ਧਾਰਨਾ ਹੈ ਕਿ ਇਸ ਵਿੱਚ ਗੁਰਦੇਵ ਨੇ 'ਅੰਮ੍ਰਿਤਸਰ' ਦੇ ਇਸ਼ਨਾਨ ਦੀ ਮਹਿਮਾ ਦਾ ਵਰਣਨ ਕੀਤਾ ਹੈ:

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥

ਪਰੰਤੂ ਇਸ ਪੰਗਤੀ ਵਿੱਚ 'ਅੰਮ੍ਰਿਤ ਸਰ' ਸ਼ਬਦ ਦਾ ਭਾਵ ਨਾ ਤਾਂ ਸਰੋਵਰ ਤੋਂ ਹੈ ਅਤੇ ਨਾ ਹੀ 'ਅੰਮ੍ਰਿਤਸਰ' ਸ਼ਹਿਰ ਤੋਂ ਹੈ। ਜਿਸ ਸ਼ਬਦ ਦੀ ਇਹ ਪਾਵਨ ਪੰਗਤੀ ਹੈ, ਇਸ ਨੂੰ ਵਿਚਾਰਨ ਨਾਲ ਸਹਿਜੇ ਹੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ:

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ॥ ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ॥ ੧॥ ਮੇਰੇ ਭਾਈ ਜਨਾ ਮੋ ਕਉ ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ॥ ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧਸੰਗਤਿ ਜਨੁ ਸੋਹੈ॥ ੧॥ ਰਹਾਉ॥ ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ॥ ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ॥ ੨॥ ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ॥ ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ॥ ੩॥ ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥ ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ? ਗੁਰਮਤਿ ਨਾਮੁ ਰਿਦੈ ਮਲੁ ਧੋਹੈ॥ ੪॥ (ਪੰਨਾ ੪੯੩)

ਅਰਥ: ਹੇ ਮੇਰੇ ਭਰਾਵੋ! ਮੈਨੂੰ ਪ੍ਰਿਥਵੀ ਦਾ ਪਾਲਕ-ਪ੍ਰਭੂ ਮਿਲ ਪਿਆ ਹੈ, ਗੋਵਿੰਦ ਮੇਰੇ ਮਨ ਨੂੰ ਖਿੱਚ ਪਾ ਰਿਹਾ ਹੈ। ਮੈਂ ਹੁਣ ਹਰ ਵੇਲੇ ਗੋਵਿੰਦ ਦੇ ਗੁਣ ਗਾ ਰਿਹਾ ਹਾਂ। (ਹੇ ਭਾਈ!) ਗੁਰੂ ਨੂੰ ਮਿਲ ਕੇ ਸਾਧ ਸੰਗਤਿ ਵਿੱਚ ਮਿਲ ਕੇ (ਤੇ, ਗੋਵਿੰਦ ਦੇ ਗੁਣ ਗਾ ਕੇ) ਮਨੁੱਖ ਸੋਹਣੇ ਆਤਮਕ ਜੀਵਨ ਵਾਲਾ ਬਣ ਜਾਂਦਾ ਹੈ। ੧। ਰਹਾਉ।

ਹੇ ਮੇਰੇ ਭਰਾਵੋ! ਸਾਧ ਸੰਗਤਿ ਵਿੱਚ ਮਿਲ ਕੇ, ਗੁਰੂ ਦੇ ਸ਼ਬਦ ਵਿੱਚ ਜੁੜਨ ਕਰ ਕੇ ਪ੍ਰੀਤਮ ਗੋਵਿੰਦ (ਮੇਰੇ) ਮਨ ਵਿੱਚ (ਆ ਵੱਸਿਆ ਹੈ, ਤੇ, ਮੇਰੇ) ਮਨ ਨੂੰ ਖਿੱਚ ਪਾ ਰਿਹਾ ਹੈ। ਹੇ ਭਾਈ! ਗੋਵਿੰਦ ਦਾ ਭਜਨ ਕਰੋ, ਹੇ ਭਾਈ! ਗੋਵਿੰਦ ਦਾ ਧਿਆਨ ਧਰਨਾ ਚਾਹੀਦਾ ਹੈ। ਉਹੀ ਗੋਵਿੰਦ ਸਭ ਜੀਵਾਂ ਨੂੰ ਦਾਤਾਂ ਦੇਂਦਾ ਹੈ। ੧।

ਹੇ ਭਰਾਵੋ! ਜਿਸ ਮਨੁੱਖ ਨੂੰ ਗੁਰੂ ਦੀ ਮਤਿ ਦੀ ਬਰਕਤਿ ਨਾਲ ਸੁਖਾਂ ਦੇ ਸਮੁੰਦਰ ਪਰਮਾਤਮਾ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਲੱਛਮੀ ਉਸ ਦੇ ਚਰਨੀਂ ਆ ਲੱਗਦੀ ਹੈ, ਹਰੇਕ ਰਿਧੀ ਹਰੇਕ ਸਿਧੀ ਉਸ ਦੇ ਪੈਰੀਂ ਆ ਪੈਂਦੀ ਹੈ। ਹੇ ਭਾਈ! ਹਰੀ ਦੇ ਭਗਤ ਨੂੰ ਹਰੀ ਦੇ ਨਾਮ ਦਾ ਸਹਾਰਾ ਬਣਿਆ ਰਹਿੰਦਾ ਹੈ। ਪਰਮਾਤਮਾ ਦਾ ਨਾਮ ਜਪਦਿਆਂ, ਪਰਮਾਤਮਾ ਦੇ ਨਾਮ ਵਿੱਚ ਜੁੜ ਕੇ ਉਸ ਦਾ ਆਤਮਕ ਜੀਵਨ ਸੋਹਣਾ ਬਣ ਜਾਂਦਾ ਹੈ। ੨।

ਹੇ ਭਰਾਵੋ! ਭੈੜੀ ਮਤਿ ਤੇ ਤੁਰਨ ਵਾਲੇ ਬਦ-ਕਿਸਮਤਿ ਹੁੰਦੇ ਹਨ, ਉਹਨਾਂ ਦੀ ਆਪਣੀ ਅਕਲ ਭੀ ਹੋਲੀ ਹੀ ਰਹਿੰਦੀ ਹੈ, ਪਰਮਾਤਮਾ ਦਾ ਨਾਮ ਸੁਣਦਿਆਂ ਉਹਨਾਂ ਦੇ ਮਨ ਵਿੱਚ (ਸਗੋਂ) ਕ੍ਰੋਧ ਆਉਂਦਾ ਹੈ। ਕਾਂ ਅੱਗੇ ਕੋਈ ਸੁਆਦਲਾ ਭੋਜਨ ਰੱਖੀਏ (ਤਾਂ ਉਸ ਨੂੰ ਖਾਣ ਦੇ ਥਾਂ) ਉਹ ਵਿਸ਼ਟਾ ਖਾ ਕੇ, ਵਿਸ਼ਟਾ ਮੂੰਹ ਵਿੱਚ ਪਾ ਕੇ ਖ਼ੁਸ਼ ਹੁੰਦਾ ਹੈ। ੩।

ਹੇ ਭਰਾਵੋ! ਸਦਾ-ਥਿਰ ਹਰੀ ਦਾ ਨਾਮ ਜਪਣ ਵਾਲਾ ਸਤਿਗੁਰੂ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦਾ ਸਰੋਵਰ ਹੈ, ਉਸ ਗੁਰੂ-ਸਰੋਵਰ ਵਿੱਚ ਨ੍ਹਾਤਿਆਂ (ਆਤਮਕ ਚੁੱਭੀ ਲਾਇਆਂ) ਕਾਂ ਭੀ (ਸਦਾ ਵਿਕਾਰਾਂ ਦੇ ਗੰਦ ਵਿੱਚ ਖ਼ੁਸ਼-ਰਹਿਣਾ ਮਨੁੱਖ ਭੀ) ਹੰਸ ਬਣ ਜਾਂਦਾ ਹੈ (ਹਰਿ-ਨਾਮ-ਜੋਤੀ ਦਾ ਪ੍ਰੇਮੀ ਬਣ ਜਾਂਦਾ ਹੈ)। ਹੇ ਨਾਨਕ! ਉਹ ਮਨੁੱਖ ਧੰਨ ਹਨ ਵੱਡੇ ਭਾਗਾਂ ਵਾਲੇ ਹਨ, ਗੁਰਮਤਿ ਰਾਹੀਂ ਮਿਲਿਆ ਹਰਿ-ਨਾਮ ਜਿਨ੍ਹਾਂ ਦੇ ਹਿਰਦੇ ਦੀ ਮੈਲ ਧੋਂਦਾ ਹੈ। ੪।

ਇਸ ਲਈ ਇਸ ਪੰਗਤੀ ਵਿੱਚ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਇਹ ਸ਼ਬਦ 'ਸਰੋਵਰ' ਜਾਂ 'ਸ਼ਹਿਰ' ਦੇ ਅਰਥਾਂ ਵਿੱਚ ਨਹੀਂ ਆਇਆ ਹੈ। ਇਹ ਸ਼ਬਦ ਆਤਮਕ ਜ਼ਿੰਦਗੀ ਦੇਣ ਵਾਲੇ ਨਾਮ ਜਲ ਅਥਵਾ ਗੁਰੂ ਲਈ ਆਇਆ ਹੈ।

ਗੁਰਮਤਿ ਦੀ ਜੀਵਨ-ਜੁਗਤ ਦੀ ਵਿਲੱਖਣਤਾ ਦਾ ਇੱਕ ਰੂਪ ਇਹ ਵੀ ਹੈ ਕਿ ਇਸ ਦੇ ਧਾਰਨੀ ਬਣਨ ਲਈ ਕਿਸੇ ਵਿਸ਼ੇਸ਼ ਸਮੇਂ, ਵਿਸ਼ੇਸ਼ ਸਥਾਨ ਜਾਂ ਵਿਅਕਤੀ 'ਤੇ ਨਿਰਭਰ ਹੋਣ ਦੀ ਲੋੜ ਨਹੀਂ ਹੈ। ਕਿਸੇ ਵੀ ਸਥਾਨ 'ਤੇ ਰਹਿਣ ਵਾਲਾ ਵਿਅਕਤੀ ਇਸ ਜੀਵਨ-ਜੁਗਤ ਦਾ ਧਾਰਨੀ ਬਣ ਕੇ ਜੀਵਨ-ਮੁਕਤ ਹੋ ਸਕਦਾ ਹੈ। ਉਸ ਨੂੰ ਕਿਧਰੇ ਵੀ ਜਾਣ ਦੀ ਜ਼ਰੂਰਤ ਨਹੀਂ ਹੈ। ਭਾਵੇਂ ਕਈ ਲੇਖਕਾਂ ਨੇ ਕਈ ਇਤਿਹਾਸਕ ਸਥਾਨਾਂ ਸਬੰਧੀ ਕਈ ਤਰ੍ਹਾਂ ਦੀਆਂ ਮਨਘੜਤ ਸਾਖੀਆਂ ਪ੍ਰਚਲਤ ਕੀਤੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਗੁਰੂ ਸਾਹਿਬਾਨ ਨਾਲ ਸਬੰਧਤ ਕਈ ਸਥਾਨਾਂ ਬਾਰੇ ਗੁਰੂ ਸਾਹਿਬਾਨ ਦੇ ਮੁੱਖੋਂ ਇਹ ਅਖਵਾਇਆ ਹੈ ਕਿ ਗੁਰੂ ਸਾਹਿਬ ਨੇ ਇਸ ਸਥਾਨ ਦੀ ਯਾਤਰਾ ਦਾ ਵਿਸ਼ੇਸ਼ ਮਹਾਤਮ ਦਰਸਾਇਆ ਹੈ। ਜਿਵੇਂ ਹਜ਼ੂਰ ਸਾਹਿਬ ਬਾਰੇ ਇਹ ਕਿਹਾ ਜਾਂਦਾ ਹੈ ਕਿ ਗੁਰੂ ਗੋਬੰਦ ਸਿੰਘ ਜੀ ੬੦ ਸਾਲ ਤੀਕ ਸਿੱਖ ਨੂੰ ਉਡੀਕਦੇ ਹਨ। ਪਰੰਤੂ ਇਸ ਤਰ੍ਹਾਂ ਦੇ ਕਥਨ ਲੇਖਕਾਂ ਦੀ ਆਪਣੀ ਕਲਪਣਾ ਦਾ ਹੀ ਨਤੀਜਾ ਹੈ; ਗੁਰੂ ਸਾਹਿਬਾਨ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਦਾ ਕੋਈ ਸਬੰਧ ਨਹੀਂ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਤਿਹਾਸਕ ਸਥਾਨਾਂ ਅਥਵਾ ਗੁਰਦੁਆਰਿਆਂ ਦੀ ਇਤਿਹਾਸਕ ਮਹੱਤਾ ਦਾ ਆਪਣਾ ਥਾਂ ਅਤੇ ਮਹੱਤਵ ਹੈ। ਇਹ ਗੱਲ ਵੀ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ ਕਿ ਗੁਰੂ ਸਾਹਿਬਾਨ ਨਾਲ ਸਬੰਧਤ ਸਥਾਨਾਂ ਦੀ ਸੇਵਾ ਸੰਭਾਲ ਅਤੇ ਯਾਤਰਾ ਗੁਰੂ ਕੇ ਸਿੱਖਾਂ ਨੇ ਹੀ ਕਰਨੀ



**ਭਾਈ ਜਸਬੀਰ ਸਿੰਘ ਵੈਨਕੂਵਰ**

ਹੈ। ਪਰੰਤੂ ਫਿਰ ਵੀ ਗੁਰਮਤਿ ਦੀ ਜੀਵਨ-ਜੁਗਤ ਵਿੱਚ ਆਤਮਕ ਉੱਨਤੀ ਕਿਸੇ ਸਥਾਨ ਦੀ ਯਾਤਰਾ 'ਤੇ ਨਹੀਂ, ਇਹ ਗੁਰਬਾਣੀ ਦੀ ਜੀਵਨ-ਜੁਗਤ ਉੱਤੇ ਹੀ ਨਿਰਭਰ ਹੈ। ਗੁਰਬਾਣੀ ਦੇ ਨਿਮਨ ਲਿਖਤ ਫ਼ਰਮਾਨਾਂ ਵਿੱਚ ਇਸ ਹਕੀਕਤ ਨੂੰ ਇਉਂ ਬਿਆਨ ਕੀਤਾ ਗਿਆ ਹੈ:

(?) ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥ (ਪੰਨਾ ੪੯੧) ਅਰਥ: ਹੇ ਭਾਈ! ਨਾ ਹੀ ਕਾਂਸ਼ੀ (ਆਦਿਕ ਤੀਰਥਾਂ ਤੇ ਗਿਆਂ) ਸੁੱਚਜੀ ਅਕਲ ਪੈਦਾ ਹੁੰਦੀ ਹੈ, ਨਾ ਹੀ ਕਾਂਸ਼ੀ (ਆਦਿਕ ਤੀਰਥਾਂ 'ਤੇ ਨਾ ਗਿਆਂ) ਚੰਗੀ ਅਕਲ ਦੂਰ ਹੋ ਜਾਂਦੀ ਹੈ। ਗੁਰੂ ਨੂੰ ਮਿਲਿਆਂ (ਮਨੁੱਖ ਦੇ ਅੰਦਰ) ਚੰਗੀ ਅਕਲ ਪੈਦਾ ਹੁੰਦੀ ਹੈ, ਤਦੋਂ ਮਨੁੱਖ ਨੂੰ ਇਹ ਸਮਝ ਆਉਂਦੀ ਹੈ।

(ਅ) ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ॥ ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ॥ (ਪੰਨਾ ੬੯੨) ਅਰਥ: ਕਬੀਰ ਆਖਦਾ ਹੈ-ਹੇ ਲੋਕੋ! ਸੁਣੋ, ਕੋਈ ਮਨੁੱਖ ਕਿਸੇ ਭੁਲੇਖੇ ਚਿ ਨਾ ਪੈ ਜਾਏ ਕਿ ਕਾਸ਼ੀ ਵਿੱਚ ਮੁਕਤੀ ਮਿਲਦੀ ਹੈ, ਤੇ ਮਗਹਰ ਵਿੱਚ ਨਹੀਂ ਮਿਲਦੀ, ਜੇ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਹੋਵੇ, ਤਾਂ ਕਾਂਸ਼ੀ ਕੀ ਤੇ ਕਲਰਾਠਾ ਮਗਹਰ ਕੀ (ਦੋਹੀਂ ਥਾਈਂ ਪ੍ਰਭੂ ਵਿੱਚ ਲੀਨ ਹੋ ਸਕੀਦਾ ਹੈ।

ਆਤਮਕ ਉਨਤੀ ਚੂੰਕਿ ਗੁਰੂ ਗਿਆਨ ਦੁਆਰਾ ਹੀ ਸੰਭਵ ਹੈ ਇਸ ਲਈ ਗੁਰਬਾਣੀ ਦੀ ਜੀਵਨ-ਜੁਗਤ ਵਿੱਚ ਇਹ ਹੀ ਦ੍ਰਿੜ ਕਰਵਾਇਆ ਹੈ:

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ॥ ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥ (ਪੰਨਾ ੪੯੧) ਅਰਥ: ਹੇ ਭਾਈ! ਜਿਸ ਮਨੁੱਖ ਨੂੰ ਸਤਿਗੁਰੂ ਨੇ (ਆਤਮਕ ਜੀਵਨ ਦੀ) ਸੂਝ ਬਖ਼ਸ਼ ਦਿੱਤੀ (ਉਸ ਦੇ ਵਾਸਤੇ) ਇਹ ਮਨ ਹੀ ਕਾਂਸ਼ੀ ਹੈ, ਇਹ ਮਨ ਹੀ ਸਾਰੇ ਤੀਰਥ ਹੈ, ਇਹ ਮਨ ਹੀ ਸਾਰੀਆਂ ਸਿਮ੍ਰਿਤੀਆਂ ਹੈ, ਉਸ ਮਨੁੱਖ ਦੇ ਨਾਲ ਅਠਾਹਠ ਹੀ ਤੀਰਥ ਵੱਸਦੇ ਹਨ।

ਗੁਰਬਾਣੀ ਦੀਆਂ ਜਿਨ੍ਹਾਂ ਪੰਗਤੀਆਂ ਵਿੱਚ 'ਅੰਮ੍ਰਿਤਸਰ' ਸ਼ਬਦ ਆਇਆ ਹੈ, ਉਨ੍ਹਾਂ ਵਿਚੋਂ ਕੁੱਝ ਕੁ ਇਸ ਤਰ੍ਹਾਂ ਹਨ:

